ਬੁੱਧਵਾਰ, 4 ਦਸੰਬਰ, 2024
19 ਮੱਘਰ {ਨਾਨਕਸ਼ਾਹੀ 556 / ਬਿਕਰਮੀ 2081}
ਜਿਲਦ/VOL. : 73
ਅੰਕ/NO. : 184

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 4 DECEMBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਬੁੱਢੇ ਦਰਿਆ 'ਤੇ ਲੋਕ ਤੇ ਸਨਅਤਕਾਰ ਆਹਮੋ-ਸਾਹਮਣੇ

**ਲੁਧਿਆਣਾ** : ਬੁੱਢੇ ਦਰਿਆ 'ਚ ਡਿੱਗ ਰਿਹੇ ਡਾਈਂਗ ਯੂਨਿਟਾਂ ਦੇ ਗੰਦੇ ਤੇ ਜ਼ਹਿਰੀਲੇ ਪਾਣੀ ਨੂੰ ਰੋਕਣ ਦਾ ਮੰਗਲਵਾਰ ਮੁੱਦਾ ਸ਼ਹਿਰ 'ਚ ਪੂਰੀ ਤਰ੍ਹਾਂ ਭਖ ਗਿਆ। 'ਕਾਲੇ ਪਾਣੀ ਦਾ ਮੋਰਚਾ' ਦੇ ਮੈਂਬਰਾਂ ਨੇ 3 ਦਸੰਬਰ ਨੂੰ ਬੁੱਢੇ ਦਰਿਆ 'ਚ ਡਿੱਗ ਰਹੇ ਗੰਧਲੇ ਪਾਣੀ ਨੂੰ ਰੋਕਣ ਲਈ ਬੰਨ੍ਹ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਸੀ ਅਤੇ ਸਵੇਰੇ ਤੋਂ ਹੀ ਮੋਰਚੇ ਦੇ ਮੈਂਬਰਾਂ ਨੇ ਪੁੱਜਣਾ ਸ਼ੁਰੂ ਕਰ ਦਿੱਤਾ ਸੀ, ਪਰ ਪੁਲਸ ਨੇ ਉਨ੍ਹਾਂ ਨੂੰ ਰੋਕਣ ਲਈ ਸਖਤ ਸੁਰੱਖਿਆ ਦੇ ਇੰਤਜ਼ਾਮ ਕਰ ਦਿੱਤੇ ਸਨ।




ਗੰਧਲੇ ਤੇ ਜ਼ਹਿਰੀਲੇ ਪਾਣੀ ਨਾਲ ਭਰਿਆ ਬੁੱਢਾ ਨਾਲਾ ਅਗਾਂਹ ਜਾ ਕੇ ਦਰਿਆ ਸਤਲੁਜ ਵਿਚ ਡਿੱਗਦਾ ਹੈ। ਸੈਂਕੜਿਆਂ ਦੀ ਗਿਣਤੀ 'ਚ ਤਾਇਨਾਤ ਕੀਤੇ ਗਏ ਪੁਲਸ ਮੁਲਾਜ਼ਮਾਂ ਨੇ ਫਿਰੋਜ਼ਪੁਰ ਰੋਡ 'ਤੇ ਵੇਰਕਾ ਮਿਲਕ ਪਲਾਂਟ ਸਾਹਮਣੇ ਆਉਣ ਵਾਲੇ ਮੋਰਚੇ ਦੇ ਜ਼ਿਆਦਾਤਰ ਮੈਂਬਰਾਂ ਨੂੰ ਹਿਰਾਸਤ 'ਚ ਲੈ ਲਿਆ। ਪੁਲਸ ਨੇ ਲੁਧਿਆਣਾ ਹੀ ਨਹੀਂ, ਸਗੋਂ ਪੰਜਾਬ ਵਿਚ ਹੋਰਨੀਂ ਥਾਈਂ ਵੀ ਫੜੋ-ਫੜੀ ਦੀ ਮੁਹਿੰਮ ਚਲਾਈ ਅਤੇ ਮੋਰਚੇ ਦੇ ਮੁੱਖ ਆਗੂ ਲੱਖਾ ਸਿਧਾਣਾ ਨੂੰ ਵੀ ਲੁਧਿਆਣਾ ਆਉਂਦੇ ਵਕਤ ਮੋਗਾ ਜ਼ਿਲ੍ਹੇ ਵਿੱਚੋਂ ਹਿਰਾਸਤ ਵਿਚ ਲੈ ਲਿਆ। ਪੁਲਸ ਕਮਿਸ਼ਨਰ ਸਣੇ ਸਾਰੇ ਹੀ ਵੱਡੇ ਪੁਲਸ ਅਫਸਰ ਸੜਕਾਂ 'ਤੇ ਮੌਜੂਦ ਰਹੇ।

ਦੂਜੇ ਪਾਸੇ ਡਾਈਂਗ ਯੂਨਿਟਾਂ ਵਾਲਿਆਂ ਨੇ ਆਪਣੇ ਵੱਲੋਂ ਸਥਾਪਤ ਕਾਮਨ ਐਫੂਲੈਂਟ ਟਰੀਟਮੈਂਟ ਪਲਾਂਟਸ (ਸੀ ਈ ਟੀ ਪੀ) ਦੀ ਰਾਖੀ ਲਈ 24 ਘੰਟੇ ਲਈ ਫੈਕਟਰੀਆਂ ਬੰਦ ਕਰ ਕੇ ਤਾਜਪੁਰ ਰੋਡ 'ਤੇ ਹਜ਼ਾਰਾਂ ਦੀ ਗਿਣਤੀ 'ਚ ਪਰਵਾਸੀ ਮਜ਼ਦੂਰਾਂ ਨੂੰ ਨਾਲ ਲੈ ਕੇ ਧਰਨਾ ਲਾ ਦਿੱਤਾ। ਸਨਅਤਕਾਰਾਂ ਨੇ ਆਪਣੀਆਂ ਗੱਡੀਆਂ ਵਿੱਚ ਮਜ਼ਦੂਰਾਂ ਨੂੰ ਉੱਥੇ ਪਹੁੰਚਾਇਆ। ਸਥਿਤੀ ਤਣਾਅਪੂਰਨ ਬਣ ਗਈ ਸੀ, ਕਿਉਂਕਿ ਕਾਰਕੁਨਾਂ ਨੇ ਕਿਹਾ ਕਿ ਪੁਲਸ ਪੰਜਾਬੀਆਂ ਖਿਲਾਫ ਐੱਫ ਆਈ ਆਰ ਦਰਜ ਕਰਨ 'ਚ ਮਿੰਟ ਨਹੀਂ ਲਾਉਂਦੀ, ਪਰ ਕਾਨੂੰਨ ਆਪਣੇ ਹੱਥਾਂ ਵਿੱਚ ਲੈ ਕੇ ਪਲਾਂਟਾਂ ਨੂੰ ਬਚਾਉਣ ਪੁੱਜੇ ਪ੍ਰਵਾਸੀ ਮਜ਼ਦੂਰਾਂ ਤੇ ਉਨ੍ਹਾਂ ਦੇ ਮਾਲਕਾਂ ਨੂੰ ਕੁਝ ਨਹੀਂ ਕਹਿ ਰਹੀ।

ਪੁਲਸ ਨੇ ਸੀ ਈ ਟੀ ਪੀ ਦੇ ਇੱਕ ਕਿੱਲੋਮੀਟਰ ਦੇ ਘੇਰੇ ਵਿੱਚ ਸਾਰੇ ਰਾਹਾਂ 'ਤੇ ਟਰੈਫਿਕ ਰੋਕ ਦਿੱਤੀ ਸੀ। ਬੈਰੀਕੇਡਾਂ ਦੇ ਬਾਵਜੂਦ ਕਾਰਕੁਨ ਤਾਜਪੁਰ ਨੇੜੇ ਇਕੱਠੇ ਹੋ ਗਏ ਤੇ ਉਨ੍ਹਾਂ ਨਾਅਰੇਬਾਜ਼ੀ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਪਾਈਪ ਬੰਦ ਕਰ ਦੇਣ, ਨਹੀਂ ਤਾਂ ਉਹ ਖੁਦ ਕਰ ਦੇਣਗੇ।

ਦੁਪਹਿਰ ਤੱਕ ਫਿਰੋਜ਼ਪੁਰ ਰੋਡ 'ਤੇ ਪੁਲਸ ਵੱਲੋਂ ਮੋਰਚੇ ਦੇ ਮੈਂਬਰਾਂ ਨੂੰ ਫੜਨ ਦਾ ਸਿਲਸਿਲਾ ਜਾਰੀ ਰਿਹਾ। ਹਾਲਾਂਕਿ, ਦੁਪਹਿਰ ਤੱਕ ਲੱਖਾ ਸਿਧਾਣਾ, ਅਮਿਤੋਜ ਮਾਨ ਸਣੇ ਹੋਰ ਕਈ ਕਾਰਕੁਨ ਪੁਲਸ ਦੀ ਪਕੜ 'ਚ ਨਹੀਂ ਆਏ ਸਨ, ਪਰ ਬਾਅਦ ਵਿਚ ਪੁਲਸ ਨੇ ਲੱਖਾ ਸਿਧਾਣਾ ਨੂੰ ਹਿਰਾਸਤ ਵਿਚ ਲੈ ਲਿਆ। ਲੱਖਾ ਸਿਧਾਣਾ ਨੂੰ ਮੋਗਾ ਪੁਲਸ ਨੇ ਪਿੰਡ ਰਾਮਾ 'ਚ ਘੇਰਾ ਪਾ ਕੇ ਕਾਬੂ ਕਰ ਲਿਆ। ਉਸ ਨਾਲ ਦੋ ਹੋਰ ਸਾਥੀ ਵੀ ਸਨ।

# ਹਮ ਅਪਰਾਧੀ ਤੁਮ੍ ਬਖਸਾਤੇ

**ਅੰਮ੍ਰਿਤਸਰ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਧਾਰਮਿਕ ਸਜ਼ਾ ਦਿੱਤੀ ਗਈ ਹੈ। ਇਸ ਤੋਂ ਬਾਅਦ ਮੰਗਲਵਾਰ ਉਹ ਗਲੇ 'ਚ ਤਖ਼ਤੀ ਲਟਕਾਈ ਵ੍ਹੀਲਚੇਅਰ 'ਤੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ। ਇਸ ਸਜ਼ਾ ਦੇ ਤਹਿਤ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਹਰਿਮੰਦਰ ਸਾਹਿਬ 'ਚ 'ਸੇਵਾਦਾਰ' ਦੇ ਰੂਪ 'ਚ ਕੰਮ ਕਰਨਾ ਹੋਵੇਗਾ ਅਤੇ ਦਰਵਾਜ਼ੇ 'ਤੇ ਡਿਊਟੀ ਦੇਣੀ ਹੋਵੇਗੀ ਅਤੇ ਲੰਗਰ ਦੀ ਸੇਵਾ ਕਰਨੀ ਹੋਵੇਗੀ। ਅਕਾਲ ਤਖ਼ਤ ਨੇ 2007 ਤੋਂ 2017 ਤੱਕ ਪੰਜਾਬ 'ਚ ਸ਼੍ਰੋਮਣੀ ਅਕਾਲੀ ਅਤੇ ਉਸ ਦੀ ਸਰਕਾਰ ਵੱਲੋਂ ਕੀਤੀਆਂ ਗਈਆਂ ਗਲਤੀਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾ ਨੂੰ ਇਹ ਸਜ਼ਾ ਸੁਣਾਈ ਹੈ। ਸੁਖਬੀਰ ਸਿੰਘ ਬਾਦਲ ਦੇ ਪੈਰ 'ਚ ਸੱਟ ਲੱਗੀ ਹੈ, ਇਸ ਦੇ ਚਲਦੇ 3 ਦਸੰਬਰ ਤੋਂ 2 ਦਿਨ ਲਈ ਉਹ ਸ੍ਰੀ ਦਰਬਾਰ ਸਾਹਿਬ ਦੇ ਘੰਟਾਘਰ ਦੇ ਬਾਹਰ ਡਿਊਟੀ ਕਰਨਗੇ।



ਸੁਖਬੀਰ ਸਿੰਘ ਬਾਦਲ ਦੇ ਗਲੇ 'ਚ ਜੋ ਤਖ਼ਤੀ ਦਿਖਾਈ ਦੇ ਰਹੀ ਹੈ ਉਹ ਇਸ ਸਜ਼ਾ ਦੌਰਾਨ ਅਕਾਲ ਤਖ਼ਤ ਵੱਲੋਂ ਪਹਿਨਾਈ ਗਈ ਮੁਆਫ਼ੀ ਦੀ ਤਖ਼ਤੀ ਹੈ ਅਤੇ ਨਾਲ ਹੀ ਉਨ੍ਹਾ ਦੇ ਹੱਥ 'ਚ ਬਰਛਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਦੀ ਇਹ ਸਜ਼ਾ ਮੰਗਲਵਾਰ ਸ਼ੁਰੂ ਹੋ ਗਈ ਹੈ ਅਤੇ ਉਹ ਇਹ ਸਜ਼ਾ ਅਗਲੇ ਦੋ ਦਿਨ ਤੱਕ ਇੱਥੇ ਹੀ ਭੁਗਤਣਗੇ। ਸੁਖਦੇਵ ਸਿੰਘ ਢੀਂਡਸਾ ਵੀ ਮੰਗਲਵਾਰ ਸਜ਼ਾ ਕੱਟਣ ਲਈ ਪਹੁੰਚੇ। ਉਨ੍ਹਾ ਦੇ ਵੀ ਗਲ 'ਚ ਤਖ਼ਤੀ ਅਤੇ ਹੱਥ 'ਚ ਬਰਛਾ ਨਜ਼ਰ ਆਇਆ। ਉਨ੍ਹਾ ਸਜ਼ਾ ਕੱਟਣ ਨੂੰ ਲੈ ਕੇ ਕਿਹਾ, ਜੋ ਸੇਵਾ ਲਈ ਹੁਕਮ ਹੋਇਆ ਹੈ, ਉਹ ਮੇਰੇ ਲਈ ਪ੍ਰਮਾਤਮਾ ਦਾ ਹੁਕਮ ਹੈ। ਆਪਣੀ ਸਜ਼ਾ ਦੀ ਗੱਲ ਕਰਦੇ ਹੋਏ ਉਨ੍ਹਾ ਕਿਹਾ, ਅਸੀਂ ਪਹਿਲੇ ਗੇਟ 'ਤੇ ਰੁਕਾਂਗੇ, ਉਸ ਤੋਂ ਬਾਅਦ ਲੰਗਰ ਦੀ ਸੇਵਾ ਕਰਾਂਗੇ। ਪਹਿਲੇ ਦੋ ਦਿਨ ਸ੍ਰੀ ਦਰਬਾਰ ਸਾਹਿਬ 'ਚ ਸੇਵਾਦਾਰ ਦੀ ਡਿਊਟੀ ਕਰਨਗੇ। ਇਸ ਤੋਂ ਬਾਅਦ 2 ਦਿਨ ਸ੍ਰੀ ਕੇਸਗੜ੍ਹ ਸਾਹਿਬ, ਫਿਰ ਦੋ ਦਿਨ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, 2 ਦਿਨ ਸ੍ਰੀ ਮੁਕਤਸਰ ਸਾਹਿਬ ਅਤੇ 2 ਦਿਨ ਸ੍ਰੀ ਫਤਿਹਗੜ੍ਹ ਸਾਹਿਬ 'ਚ ਗਲੇ ਵਿੱਚ ਤਖ਼ਤੀ ਲਟਕਾ ਕੇ ਅਤੇ ਹੱਥ 'ਚ ਬਰਛਾਂ ਲੈ ਕੇ ਸਜ਼ਾ ਕੱਟਣਗੇ।

# ਭਾਜਪਾ ਘੱਟ ਗਿਣਤੀਆਂ ਤੇ ਧਰਮ ਨਿਰਪੱਖਤਾ ਨੂੰ ਖਤਰੇ ਵੱਲ ਧੱਕ ਰਹੀ : ਅਰਸ਼ੀ

**ਬੁਢਲਾਡਾ (ਅਸ਼ੋਕ ਲਾਕੜਾ)**

ਕੇਂਦਰ ਦੀ ਮੋਦੀ ਸਰਕਾਰ ਦੀ ਧੱਕੇਸ਼ਾਹੀ ਤੇ ਨਫ਼ਰਤ ਦੇਸ਼ ਦੀ ਧਰਮ ਨਿਰਪੱਖਤਾ ਤੇ ਘੱਟ ਗਿਣਤੀਆਂ, ਦਲਿਤਾਂ ਨੂੰ ਖਤਰੇ ਵੱਲ ਧੱਕ ਰਹੀ ਹੈ, ਕਿਉਂਕਿ ਦੇਸ਼ ਵਿੱਚ ਵਧ ਰਹੀਂ ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਦੀ ਲਾਹਨਤ ਹਰ ਵਰਗ ਨੂੰ ਸਤਾ ਰਹੀ ਹੈ। ਕਰਜ਼ੇ ਦੀ ਪੰਡ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਕਾਰੋਬਾਰੀਆਂ ਨੂੰ ਖੁਦਕੁਸ਼ੀ ਲਈ ਮਜਬੂਰ ਕਰ ਰਹੀ ਹੈ, ਪ੍ਰੰਤੂ ਮੋਦੀ ਸਰਕਾਰ ਨੇ ਇਹਨਾਂ ਲੋਕ ਮੁੱਦਿਆਂ 'ਤੇ ਕੋਈ ਦਿਲਚਸਪੀ ਨਹੀਂ ਦਿਖਾਈ, ਉਲਟਾ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਧਾਰਮਕ ਪੱਤਾ ਖੇਡਿਆ ਜਾ ਰਿਹਾ ਹੈ, ਜਿਸ ਨੂੰ ਗੰਭੀਰਤਾ

● ਬਾਕੀ ਸਫ਼ਾ 2 'ਤੇ



# ਮਨੁੱਖੀ ਅਧਿਕਾਰਾਂ ਦੇ ਹੱਕ 'ਚ 10 ਨੂੰ ਰੋਸ ਰੈਲੀਆਂ : ਬੰਤ ਬਰਾੜ

**ਚੰਡੀਗੜ੍ਹ** : ਸੀ ਪੀ ਆਈ ਦੀ ਕੌਮੀ ਕੌਂਸਲ ਦੇ ਸੱਦੇ 'ਤੇ ਸਾਰੇ ਪੰਜਾਬ ਵਿਚ ਸੀ ਪੀ ਆਈ 10 ਦਸੰਬਰ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਰੋਸ ਦਿਵਸ ਮਨਾਏਗੀ। 10 ਦਸੰਬਰ ਨੂੰ 'ਵਿਸ਼ਵ ਮਨੁੱਖੀ ਅਧਿਕਾਰ ਦਿਵਸ' ਸੰਸਾਰ ਭਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਵਿਰੁੱਧ ਰੋਸ ਵਜੋਂ ਮਨਾਇਆ ਜਾ ਰਿਹਾ ਹੈ। ਬੰਤ ਸਿੰਘ ਬਰਾੜ, ਜਿਹੜੇ ਪੰਜਾਬ ਸੀ ਪੀ ਆਈ ਦੇ ਸਕੱਤਰ ਹਨ, ਨੇ ਦੱਸਿਆ ਕਿ ਸਾਮਰਾਜ ਦੇ ਨਾਟੋ ਗਠਜੋੜ ਵੱਲੋਂ ਸਾਰੀ ਦੁਨੀਆਂ ਵਿਚ ਮਾਨਵਤਾ ਵਿਰੁੱਧ ਅਣਮਨੁੱਖੀ ਅੱਤਿਆਚਾਰ ਕੀਤੇ ਜਾ ਰਹੇ ਹਨ। ਫਲਸਤੀਨ ਦਾ ਇਜ਼ਰਾਈਲੀ ਫੌਜਾਂ ਦੁਆਰਾ ਨਸਲਘਾਤ ਕੀਤਾ ਜਾ ਰਿਹਾ ਹੈ ਤੇ ਲਗਭਗ 60 ਹਜ਼ਾਰ ਲੋਕ ਮਾਰੇ ਜਾ ਚੁੱਕੇ ਹਨ ਭਾਰਤ ਅੰਦਰ ਆਰ ਐੱਸ ਐੱਸ ਦੇ ਨਿਰਦੇਸ਼ਾਂ 'ਤੇ ਘੱਟ-ਗਿਣਤੀਆਂ ਵਿਰੁੱਧ ਹਰ ਰੋਜ਼ ਹਿੰਸਾਤਮਕ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਮਨੀਪੁਰ ਵਿਚ ਵੀ ਘੱਟ ਗਿਣਤੀਆਂ 'ਤੇ ਲਗਾਤਾਰ ਅੱਤਿਆਚਾਰ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਹੁਣ ਤੱਕ ਉਥੇ ਜਾਣਾ ਉਚਿਤ ਨਹੀਂ ਸਮਝਿਆ। ਪ੍ਰਧਾਨ ਮੰਤਰੀ ਤੋਂ ਲੈ ਕੇ ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਤੇ ਅਨੇਕਾਂ ਭਾਜਪਾ ਆਗੂ ਘੱਟ ਗਿਣਤੀਆਂ 'ਤੇ ਸਿੱਧੇ ਹਮਲੇ ਕਰ ਰਹੇ ਹਨ। ਭਾਰਤ ਅੰਦਰ ਤਿੰਨ ਦਰਜਨ ਤੋਂ ਵੱਧ ਸਮਾਜਕ ਕਾਰਕੁਨ, ਵਿਦਵਾਨ, ਲੇਖਕ ਅਤੇ ਜਰਨਲਿਸਟਾਂ ਨੂੰ ਬਿਨਾਂ ਕਿਸੇ ਕਾਰਨਾਂ ਦੇ ਦੇਸ਼ਧ੍ਰੋਹ ਦੇ ਅਖੌਤੀ ਦੋਸ਼ਾਂ ਅਧੀਨ ਕਈ ਸਾਲਾਂ ਤੋਂ ਜੇਲ੍ਹੀਂ ਡੱਕਿਆ ਹੋਇਆ ਹੈ ਤੇ ਕਈਆਂ ਦੀ ਜੇਲ੍ਹ ਵਿਚ ਹੀ ਮੌਤ ਹੋ ਗਈ ਹੈ। ਸਾਥੀ ਬਰਾੜ ਨੇ ਕਿਹਾ ਕਿ ਸੀ ਪੀ ਆਈ ਮੰਗ ਕਰਦੀ ਹੈ ਕਿ ਉਹਨਾਂ ਸਾਰੇ ਕੈਦੀਆਂ ਨੂੰ ਜਿਹਨਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਸਮੇਤ ਪੰਜਾਬ ਦੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਸੀ ਪੀ ਆਈ ਬੰਗਲਾਦੇਸ਼ ਵਿਚ ਘੱਟ ਗਿਣਤੀਆਂ 'ਤੇ ਢਾਹੇ ਜਾ ਰਹੇ ਅੱਤਿਆਚਾਰਾਂ ਦੀ ਨਿਖੇਧੀ ਕਰਦੀ ਹੈ। ਉਹਨਾ ਕਿਹਾ ਕਿ ਅਡਾਨੀ ਗਰੁੱਪ ਆਫ ਕੰਪਨੀਜ਼ ਵੱਲੋਂ ਮੋਦੀ ਸਰਕਾਰ ਦੀ ਸਹਾਇਤਾ ਨਾਲ ਦੇਸ਼ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਵਿਰੁੱਧ ਸੀ ਪੀ ਆਈ ਨੇ ਆਵਾਜ਼ ਉਠਾਉਣ ਦੀ ਅਪੀਲ ਕਰਦਿਆਂ ਮੰਗ ਕੀਤੀ ਕਿ 'ਸਾਂਝੀ ਸੰਸਦੀ ਕਮੇਟੀ' ਵੱਲੋਂ ਇਸ ਦੀ ਨਿਰਪੱਖ ਜਾਂਚ ਕੀਤੀ ਜਾਵੇ। ਸਾਥੀ ਬਰਾੜ ਨੇ ਪੰਜਾਬ ਦੇ ਜਮਹੂਰੀ ਲੋਕਾਂ ਨੂੰ ਇਸ ਦਿਨ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ।

# ਬੇਟੀ ਨੂੰ ਤਿੰਨ ਸਾਲ ਅਲਮਾਰੀ 'ਚ ਰੱਖਿਆ

**ਬ੍ਰਿਟੇਨ** : ਬ੍ਰਿਟੇਨ 'ਚ ਇੱਕ ਮਾਂ ਨੇ ਆਪਣੀ ਬੱਚੀ ਨੂੰ ਜਨਮ ਤੋਂ ਬਾਅਦ ਤਿੰਨ ਸਾਲ ਤੱਕ ਇੱਕ ਦਰਾਜ਼ 'ਚ ਛੁਪਾ ਕੇ ਰੱਖਿਆ ਸੀ। ਇਸ ਮਹਿਲਾ ਨੂੰ ਸੱਤ ਸਾਲ ਅਤੇ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਨੇ ਇਸ ਨੂੰ ਵੱਡੀ ਲਾਪਰਵਾਹੀ ਮੰਨਿਆ ਹੈ। ਇਸ ਬੱਚੀ ਦੇ ਵਕੀਲ ਦਾ ਕਹਿਣਾ ਹੈ, ਉਸ ਨੇ ਕਦੀ ਉਜਾਲਾ ਨਹੀਂ ਦੇਖਿਆ, ਕਦੀ ਤਾਜ਼ੀ ਹਵਾ 'ਚ ਸਾਹ ਨਹੀਂ ਲਿਆ। ਬੱਚੀ ਦੇ ਬਾਰੇ ਪਤਾ ਉਦੋਂ ਲੱਗਿਆ, ਜਦ ਘਰ 'ਚ ਇੱਕ ਮਹਿਮਾਨ ਆਇਆ ਸੀ ਅਤੇ ਉਸ ਨੇ ਬੱਚੀ ਦੇ ਰੋਣ ਦੀ ਆਵਾਜ਼ ਸੁਣੀ। ਇਸ ਮਾਮਲੇ ਦੀ ਸੁਣਵਾਈ ਚੇਸਟਰ ਕ੍ਰਾਊਨ ਕੋਰਟ 'ਚ ਹੋਈ ਸੀ। ਜਿੱਥੇ ਇਸ ਮਾਂ ਨੂੰ ਸਜ਼ਾ ਸੁਣਾਈ ਗਈ ਸੀ। ਇਸ ਦੌਰਾਨ ਬੱਚੀ ਦੀ ਮਾਂ ਨੇ ਬੱਚੀ ਦੇ ਪ੍ਰਤੀ ਕਰੂਰਤਾ ਦੇ ਚਾਰ ਦੋਸ਼ ਸਵੀਕਾਰ ਕੀਤੇ।

ਜੱਜ ਸਟੀਵਨ ਐਵਰੇਟ ਨੇ ਕਿਹਾ ਕਿ ਮਹਿਲਾ ਨੇ ਇਸ ਬੱਚੀ ਨੂੰ ਕਿਸੇ ਵੀ ਤਰ੍ਹਾਂ ਦੇ ਪਿਆਰ ਅਤੇ ਦੇਖਭਾਲ ਤੋਂ ਵਾਂਝਾ ਰੱਖਿਆ ਹੈ। ਮਹਿਲਾ ਨੇ ਬੱਚੀ ਨੂੰ ਪ੍ਰਾਪਤ ਭੋਜਨ ਨਹੀਂ ਦਿੱਤਾ ਅਤੇ ਨਾ ਹੀ ਸਿਹਤ ਸੁਵਿਧਾ ਉਪਲੱਬਧ ਕਰਵਾਈ। ਜੱਜ ਨੇ ਕਿਹਾ ਕਿ ਬੱਚੀ ਨੂੰ ਉਸ ਕਮਰੇ 'ਚ ਜ਼ਿੰਦਾ ਲਾਸ਼ ਦੀ ਤਰ੍ਹਾਂ ਜਿਊਣ ਲਈ ਮਜਬੂਰ ਕੀਤਾ ਸੀ। ਜੱਜ ਨੇ ਕਿਹਾ, 'ਮੈਂ ਆਪਣੀ 46 ਸਾਲ ਦੀ ਜ਼ਿੰਦਗੀ 'ਚ ਇਸ ਤੋਂ ਬੁਰਾ ਮਾਮਲਾ ਕਦੀ ਨਹੀਂ ਦੇਖਿਆ।'



## ਸ੍ਰੀ ਖਾਟੂ ਸ਼ਿਆਮ ਪਰਵਾਰ ਨੇ ਧਾਰਮਿਕ ਸਮਾਗਮ ਕਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦੁਸਹਿਰਾ ਮੈਦਾਨ ਵਿਖੇ ਸ੍ਰੀ ਸ਼ਿਆਮ ਪਰਵਾਰ ਮੰਡਲ ਵੱਲੋਂ ਧਾਰਮਿਕ ਸਮਾਗਮ ਕਰਾਇਆ ਗਿਆ। ਸਮਾਗਮ ਦੌਰਾਨ ਰਾਜਸਥਾਨ ਤੋਂ ਪੁੱਜੀ ਭਜਨ ਗਾਇਕਾ ਰਜਨੀ ਰਾਜਸਥਾਨੀ ਨੇ ਸ਼ਿਆਮ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਮੰਤਰ ਮੁਗਧ ਕਰ ਦਿੱਤਾ। ਗਾਇਕ ਸ਼ਿਵਾਨੀ ਸ਼ਰਮਾ ਤੇ ਆਸੀਸ ਸ਼ਰਮਾ ਨੇ ਵੀ ਆਪਣੇ ਭਜਨਾਂ ਨਾਲ ਖੂਬ ਰੰਗ ਬੰਨ੍ਹੇ। ਪ੍ਰਬੰਧਕ ਰੋਕੀ ਬਾਂਸਲ ਨੇ ਦੱਸਿਆ ਕਿ ਸ੍ਰੀ ਸ਼ਿਆਮ ਪਰਿਵਾਰ ਮੰਡਲ ਮਾਛੀਵਾੜਾ ਵੱਲੋਂ ਬਾਬਾ ਖਾਟੂ ਸ਼ਿਆਮ ਜੀ ਦੇ ਜਨਮਦਿਨ ਸੰਬੰਧੀ ਇਹ ਤੀਜਾ ਧਾਰਮਿਕ ਸਮਾਗਮ ਕਰਾਇਆ ਗਿਆ ਹੈ ਅਤੇ ਉਨ੍ਹਾਂ ਵਲੋਂ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਇਹ ਸਮਾਗਮ ਕਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸਮਾਗਮ ਦੌਰਾਨ ਖੰਨਾ, ਸਮਰਾਲਾ, ਗੋਬਿੰਦਗੜ੍ਹ, ਦੋਰਾਹਾ ਤੋਂ ਇਲਾਵਾ ਪਿੰਡਾਂ 'ਚੋਂ ਵੀ ਭਾਰੀ ਗਿਣਤੀ ਵਿਚ ਸੰਗਤਾਂ ਪੁੱਜੀਆਂ, ਜਿਨ੍ਹਾਂ ਨੇ ਬਾਬਾ ਖਾਟੂ ਸ਼ਿਆਮ ਜੀ ਦੇ ਦਰਸ਼ਨ ਕਰ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੁਰਿੰਦਰ ਬਾਂਸਲ, ਸੰਜੀਵ ਲੀਹਲ, ਨੰਦ ਕਿਸ਼ੋਰ, ਡਿੰਪਲ ਸਪਰਾ, ਹਰੀਸ਼ ਨਾਗਪਾਲ, ਅਸ਼ਵਨੀ ਸਿੰਗਲਾ, ਰਾਜ ਕੁਮਾਰ ਵਰਮਾ, ਮੰਗਤ ਰਾਏ, ਬਲਵਿੰਦਰ ਸਿੰਘ ਝੜੌਦੀ, ਸ਼ਿਵ ਕੁਮਾਰ ਸ਼ਿਵਲੀ, ਪਰਮਿੰਦਰ ਤਿਵਾੜੀ, ਸ਼ਿਸ਼ੂ ਪਾਲ, ਅਸ਼ਵਨੀ ਸ਼ਰਮਾ, ਨਵੀਨ ਕੁਮਾਰ, ਰੋਕੀ ਨਹਿਰਾ, ਸੰਨੀ ਓਹਰੀ, ਰਿੰਕੂ ਨਾਗਪਾਲ, ਨੀਰਜ ਵਰਮਾ ਵੀ ਮੌਜੂਦ ਸਨ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਇਆ ਗਿਆ।

# ਸੁਖਬੀਰ ਅਣਜਾਣ, ਕੈਪਟਨ ਧੋਖੇਬਾਜ਼ ਤੇ ਮੋਦੀ 'ਜੁਮਲਿਆਂ ਦਾ ਉਸਤਾਦ': ਮਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ, ਇਕਬਾਲ ਸਿੰਘ ਬੱਲ)**

ਮਿਸ਼ਨ ਰੁਜ਼ਗਾਰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਐਲਾਨ ਕੀਤਾ ਕਿ ਭਾਵੇਂ ਹੁਣ ਤੱਕ ਸੂਬੇ ਦੇ ਕਰੀਬ 50,000 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ, ਪਰ ਨੌਜਵਾਨਾਂ ਨੂੰ ਹੋਰ ਸਰਕਾਰੀ ਨੌਕਰੀਆਂ ਦੇਣ ਲਈ ਜਲਦੀ ਸਿਹਤ, ਸਿੱਖਿਆ ਅਤੇ ਹੋਰ ਪ੍ਰਮੁੱਖ ਵਿਭਾਗਾਂ ਵਿੱਚ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ।ਇੱਥੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਜੀਵਨ ਵਿੱਚ ਸਫ਼ਲ ਹੋਣ ਦੇ ਭਰਪੂਰ ਮੌਕੇ ਮੁਹੱਈਆ ਕਰਨ ਲਈ ਵਚਨਬੱਧ ਹੈ ਅਤੇ ਹੁਣ ਤੱਕ 50,000 ਦੇ ਕਰੀਬ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾ ਕਿਹਾ ਕਿ ਨੌਜਵਾਨਾਂ ਲਈ ਹੋਰ ਨਵੇਂ ਰਾਹ ਖੋਲ੍ਹੇ ਜਾਣਗੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣ ਸਕਣ। ਮਾਨ ਨੇ ਕਿਹਾ ਕਿ ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਪ੍ਰਦਾਨ ਕਰਨ ਦੇ ਨਾਲ-ਨਾਲ ਨੌਕਰੀਆਂ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਹੋਏ ਓਵਰਏਜ ਹੋ ਚੁੱਕੇ ਨੌਜਵਾਨਾਂ ਨੂੰ ਅਡਜਸਟ ਕਰਨ ਦੀ ਸੰਭਾਵਨਾ ਵੀ ਤਲਾਸ਼ੀ ਜਾ ਰਹੀ ਹੈ।ਮੁੱਖ



ਮੰਤਰੀ ਨੇ ਨੌਜਵਾਨਾਂ ਦੀ ਭਲਾਈ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਖੋਲ੍ਹਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਈ। ਉਹਨਾ ਕਿਹਾ ਕਿ ਉਨ੍ਹਾ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਹੁਣ ਤੱਕ 50,000 ਦੇ ਕਰੀਬ ਨੌਜਵਾਨ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਲਈ ਚੁਣੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਿਭਾਗਾਂ ਵਿੱਚ ਖਾਲੀ ਹੁੰਦੀਆਂ ਸਾਰੀਆਂ ਅਸਾਮੀਆਂ ਨੂੰ ਨਾਲ ਦੀ ਨਾਲ ਭਰ ਦਿੰਦੀ ਹੈ। ਉਹਨਾ ਕਿਹਾ ਕਿ ਹੁਣ ਇਹ ਨੌਜਵਾਨ ਸਰਕਾਰ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ, ਇਸ ਲਈ ਇਨ੍ਹਾਂ ਨੂੰ ਸਮਰਪਿਤ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾ ਉਮੀਦ ਜਤਾਈ ਕਿ ਨਵੇਂ ਭਰਤੀ ਹੋਏ ਵਿਅਕਤੀ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਲੋੜਵੰਦ ਅਤੇ ਪਛੜੇ ਵਰਗਾਂ ਦੀ ਮਦਦ ਲਈ ਕਰਨਗੇ। ਮੁੱਖ ਮੰਤਰੀ ਨੇ ਪੰਜਾਬ ਨੂੰ ਮੈਡੀਕਲ ਸਿੱਖਿਆ ਦੇ ਧੁਰੇ ਵਜੋਂ ਉਭਾਰਨ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਐੱਸ ਏ ਐੱਸ ਨਗਰ (ਮੋਹਾਲੀ), ਕਪੂਰਥਲਾ, ਸੰਗਰੂਰ, ਹੁਸ਼ਿਆਰਪੁਰ ਅਤੇ ਮਾਲੇਰਕੋਟਲਾ ਵਿਖੇ ਬਣਨ ਜਾ ਰਹੇ ਮੈਡੀਕਲ ਕਾਲਜਾਂ ਦੀ ਉਸਾਰੀ ਲਈ ਕੰਮ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਇਨ੍ਹਾਂ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦਾ ਉਦੇਸ਼ ਸੂਬੇ ਨੂੰ ਦੇਸ਼ ਵਿੱਚ ਮੈਡੀਕਲ ਸਿੱਖਿਆ ਦਾ ਧੁਰਾ ਬਣਾਉਣਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਫ਼ਾਇਦਾ ਹੋਵੇਗਾ।ਮਾਨ ਨੇ ਤਨਜ਼ ਕੱਸਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬ ਦਾ ਇੱਕ ਕਾਨਵੈਂਟ ਸਕੂਲਾਂ ਦਾ ਪੜ੍ਹਿਆ ਸਿਆਸੀ ਆਗੂ ਹੈ, ਜੋ ਸੂਬੇ ਦੀ ਮੂਲ ਭੂਗੋਲਿਕ ਸਥਿਤੀ ਤੋਂ ਜਾਣੂ ਨਹੀਂ, ਪਰ ਸੂਬੇ ਦੀ ਸੱਤਾ ਹਾਸਲ ਕਰਨਾ ਚਾਹੁੰਦੇ ਹਨ।ਉਨ੍ਹਾ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਪਰਵਾਰ ਦਾ ਰਿਕਾਰਡ ਪੰਜਾਬ ਨੂੰ ਹਮੇਸ਼ਾ ਪਿੱਠ ਵਿਖਾਉਣ ਕਾਰਨ ਸ਼ੱਕੀ ਰਿਹਾ ਹੈ। ਕੈਪਟਨ ਦਾ ਪਰਵਾਰ ਹਮੇਸ਼ਾ ਸੂਬਾ ਵਿਰੋਧੀ ਤਾਕਤ ਭਾਵੇਂ ਉਹ ਮੁਗ਼ਲ ਹੋਣ, ਅੰਗਰੇਜ਼ ਜਾਂ ਹੁਣ ਭਾਜਪਾ ਹੋਵੇ, ਇਨ੍ਹਾਂ ਦੁਸ਼ਮਣ ਤਾਕਤਾਂ ਨਾਲ ਖੜ੍ਹ ਕੇ ਪੰਜਾਬ ਨੂੰ ਧੋਖਾ ਦਿੰਦਾ ਰਿਹਾ ਹੈ। ਉਹਨਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੁਮਲਿਆਂ ਦੇ ਮਾਹਰ ਹਨ, ਜੋ ਕਿਸੇ ਵੀ ਥਾਂ ਜਾਂ ਘਟਨਾ ਨਾਲ ਖ਼ੁਦ ਨੂੰ ਜੋੜ ਸਕਦੇ ਹਨ।

## ਅੱਜ-ਨਾਮਾ

ਚੁੱਕਾ ਈ ਬਦਲ ਮਾਹੌਲ ਪੰਜਾਬ ਦੇ ਵਿੱਚ,
ਆਉਂਦਾ ਅਜੇ ਨਹੀਂ ਲੱਗਦਾ ਰਾਸ ਮੀਆਂ।
ਉਹੀ ਲੀਡਰ ਆ ਬੈਠ ਗਏ ਜੜ੍ਹੀ ਇਹਦੇ,
ਖੁਦ ਨੂੰ ਕਹਿੰਦੇ ਜੋ ਲੋਕਾਂ ਦਾ ਦਾਸ ਮੀਆਂ।
ਮੋਮਨਾਂ ਵਾਂਗ ਆ ਸੂਰਤ ਤੋਂ ਸਾਊ ਲੀਡਰ,
ਦਿਮਾਗ ਦੇ ਵਿੱਚ ਸ਼ੈਤਾਨ ਦਾ ਵਾਸ ਮੀਆਂ।
ਪਿਆਸ ਪਾਵਰ ਤੇ ਪੈਸੇ ਲਈ ਚੜ੍ਹੀ ਏਨੀ,
ਛੱਡਿਆ ਕਰ ਆ ਮੁਲਕ ਦਾ ਨਾਸ ਮੀਆਂ।
ਪੁੱਛ ਰਹੇ ਲੋਕ ਕਿ ਹੋਣਾ ਸੁਧਾਰ ਜਾਂ ਨਹੀਂ,
ਦੱਸਣ ਵਾਲੇ ਨਾ ਮਿਲਣ ਵਿਦਵਾਨ ਮੀਆਂ।
ਸੋਚਣ ਪਿੱਛੋਂ ਕੁਝ ਦਿੱਸੇ ਨਹੀਂ ਰਾਹ ਭਾਵੇਂ,
ਕਹੀ ਜਾਉ ਫੇਰ ਵੀ ਭਾਰਤ ਮਹਾਨ ਮੀਆਂ।

-ਤੀਸ ਮਾਰ ਖਾਂ

## ਸਰਪੰਚ ਬਣਨ ਦੀ ਖੁਸ਼ੀ 'ਚ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਿੰਡ ਅਚਰਾਲ ਖੁਰਦ ਦੇ ਨਵੇਂ ਚੁਣੇ ਗਏ ਸਰਪੰਚ ਅਮਰੀਕ ਸਿੰਘ ਵੱਲੋਂ ਸਰਪੰਚ ਬਣਨ ਦੀ ਖੁਸ਼ੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਭਾਈ ਰਣਜੋਧ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਦਿਆਂ ਸਰਬੱਤ ਦੇ ਭਲੇ ਲਈ ਕਾਮਨਾ ਕੀਤੀ। ਇਸ ਧਾਰਮਿਕ ਸਮਾਗਮ ਵਿੱਚ ਵੱਖ-ਵੱਖ ਪਿੰਡਾਂ ਦੇ ਨਵੇਂ ਚੁਣੇ ਗਏ ਸਰਪੰਚਾਂ, ਪੰਚਾਂ ਤੋਂ ਇਲਾਵਾ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਨਵੇਂ ਚੁਣੇ ਗਏ ਸਰਪੰਚ ਅਮਰੀਕ ਸਿੰਘ ਨੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਸਮੂਹ ਪਿੰਡ ਵਾਸੀਆਂ ਤੇ ਨੇੜਲੇ ਪਿੰਡਾਂ ਤੋਂ ਆਏ ਸਰਪੰਚਾਂ- ਪੰਚਾਂ ਨੂੰ ਜੀ ਆਇਆਂ ਆਖਿਆ ਤੇ ਸਭਨਾਂ ਦਾ ਧੰਨਵਾਦ ਕੀਤਾ।

## ਡਾ. ਰੇਨੂ ਨੇ ਲੋਕ ਪ੍ਰਸ਼ਾਸਨ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲ਼ਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਡਾ. ਰੇਨੂ ਨੇ ਪੰਜਾਬੀ ਯੂਨੀਵਰਸਿਟੀ ਦੇ ਲੋਕ ਪ੍ਰਸ਼ਾਸਨ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲ਼ ਲਿਆ ਹੈ।ਮੁਖੀ ਵਜੋਂ ਉਨ੍ਹਾਂ ਦੀ ਇਹ ਚੌਥੀ ਟਰਮ ਹੈ। ਡਾ. ਰੇਨੂ ਵੱਲੋਂ ਅਹੁਦਾ ਸੰਭਾਲਣ ਮੌਕੇ ਲੋਕ ਪ੍ਰਸ਼ਾਸਨ ਵਿਭਾਗ ਅਤੇ ਹੋਰਨਾਂ ਵਿਭਾਗਾਂ ਦੇ ਸੀਨੀਅਰ ਫ਼ੈਕਲਟੀ ਮੈਂਬਰਾਂ ਤੋਂ ਇਲਾਵਾ ਉਨ੍ਹਾਂ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਡਾ. ਰੇਨੂ ਨੇ ਇਸ ਮੌਕੇ ਵਧਾਈਆਂ ਤੇ ਸ਼ੁਭਕਾਮਨਾਵਾਂ ਕਬੂਲਦਿਆਂ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਵਿਭਾਗ ਦੀ ਬਿਹਤਰੀ ਅਤੇ ਸੁਚਾਰੂ ਪ੍ਰਬੰਧਨ ਲਈ ਤਨਦੇਹੀ ਨਾਲ਼ ਕਾਰਜ ਕਰਨਗੇ।

# ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ ਦਾ ਪੱਲਾ ਫੜਿਆ

**ਮੋਗਾ (ਇਕਬਾਲ ਸਿੰਘ ਖਹਿਰਾ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗਰੀਬਾਂ ਅਤੇ ਆਮ ਲੋਕਾਂ ਦੀ ਭਲਾਈ ਲਈ ਬਣਾਈਆਂ ਗਈਆਂ ਨੀਤੀਆਂ ਅਤੇ ਇਹਨਾਂ ਦਾ ਲਾਭ ਹੇਠਲੇ ਪੱਧਰ ਤੱਕ ਲੋਕਾਂ ਤੱਕ ਪਹੁੰਚਾਉਣ ਤੋਂ ਪ੍ਰਭਾਵਿਤ ਹੋ ਕੇ ਅੱਜ ਹੋਰ ਰਾਜਨੀਤਿਕ ਪਾਰਟੀਆਂ ਤੋਂ ਨਿਰਾਸ਼ ਹੋ ਕੇ ਵੱਧ ਤੋਂ ਵੱਧ ਲੋਕ ਨਾਲ ਜੁੜ ਰਹੇ ਹਨ। ਉਪਰੋਕਤ ਵਿਚਾਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਮੰਡਲ-2 ਦੇ ਪ੍ਰਧਾਨ ਸਤਿੰਦਰ ਸਿੰਘ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਚਰਨ ਸਿੰਘ ਹਰਪ੍ਰੀਤ ਸਿੰਘ, ਗੋਰਾ ਸਿੰਘ, ਸੈਮੂਅਲ, ਸੰਤੋਖ ਸਿੰਘ, ਬੂਟਾ ਸਿੰਘ ਦੀ ਪ੍ਰੇਰਨਾ ਨਾਲ ਪਿੰਡ ਦੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਕੋਰੇਵਾਲਾ ਅਤੇ ਭਾਜਪਾ ਵਿੱਚ ਸ਼ਾਮਲ ਹੋਏ ਲਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬਲਕਾਰ ਸਿੰਘ, ਕੁਲਵਿੰਦਰ ਸਿੰਘ ਆਦਿ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਨ ਮੌਕੇ ਪ੍ਰਗਟ ਕੀਤੇ। ਇਸ ਮੌਕੇ ਸਾਬਕਾ ਐੱਸਪੀ ਅਤੇ ਜ਼ਿਲ੍ਹਾ ਜਨਰਲ ਸਕੱਤਰ ਮੁਖਤਿਆਰ ਸਿੰਘ, ਜਤਿੰਦਰ ਚੱਢਾ, ਹੇਮੰਤ ਸੂਦ ਆਦਿ ਹਾਜ਼ਰ ਸਨ। ਡਾ: ਸੀਮਾਂਤ ਗਰਗ ਨੇ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਬਣੇਗੀ। ਕਿਉਂਕਿ ਪੰਜਾਬ ਵਿੱਚ ਸਮੇਂ-ਸਮੇਂ 'ਤੇ ਸਰਕਾਰਾਂ ਬਣਾਉਣ ਵਾਲੀਆਂ ਸਿਆਸੀ ਪਾਰਟੀਆਂ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਅਤੇ ਲੋਕਾਂ ਦੀਆਂ ਵੋਟਾਂ ਦੀ ਵਰਤੋਂ ਕਰਕੇ ਸੱਤਾ ਦਾ ਆਨੰਦ ਮਾਣਿਆ ਹੈ ਅਤੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਮੁਸ਼ਕਿਲਾਂ ਦੇ ਹੱਲ ਲਈ ਕੋਈ ਕੰਮ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਪੰਜਾਬ ਦੇ



ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਗ਼ਰੀਬ, ਪਛੜੇ, ਵਪਾਰੀਆਂ, ਕਿਸਾਨਾਂ ਅਤੇ ਆਮ ਲੋਕਾਂ ਲਈ ਬਣਾਈਆਂ ਗਈਆਂ ਸਕੀਮਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ। ਜ਼ਮੀਨੀ ਪੱਧਰ ਤੱਕ ਇਸ ਨੂੰ ਮਿਲ ਰਿਹਾ ਹੈ ਅਤੇ ਲੋਕ ਇਨ੍ਹਾਂ ਸਕੀਮਾਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਉਜਵਲਾ ਯੋਜਨਾ ਤਹਿਤ ਗਰੀਬ ਔਰਤਾਂ ਲਈ ਮੁਫ਼ਤ ਗੈਸ ਸਿਲੰਡਰ, ਕੱਚੇ ਘਰਾਂ ਨੂੰ ਪੱਕੇ ਕਰਨ ਲਈ ਡੇਢ ਲੱਖ ਰੁਪਏ ਦੀ ਵਿੱਤੀ ਸਹਾਇਤਾ, ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਤਹਿਤ ਕਿਸਾਨਾਂ ਨੂੰ ਵਿੱਤੀ ਸਹਾਇਤਾ, ਬੇਰੁਜ਼ਗਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਰੁਜ਼ਗਾਰ ਲਈ ਸਹਾਇਤਾ। ਕੰਮ ਸ਼ੁਰੂ ਕਰਨਾ, ਬਿਨਾਂ ਗਰੰਟੀ ਦੇ ਕਰਜ਼ਾ ਦੇਣਾ, ਨੌਜਵਾਨ ਔਰਤਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਸਵੈ-ਸਹਾਇਤਾ ਗਰੁੱਪ ਬਣਾਉਣਾ ਅਤੇ ਉਨ੍ਹਾਂ ਨੂੰ ਕੰਮ ਸ਼ੁਰੂ ਕਰਨ ਦਾ ਮੌਕਾ ਦੇਣਾ, ਗਰੀਬਾਂ ਨੂੰ ਮੁਫਤ ਰਾਸ਼ਨ ਸਕੀਮ ਤਹਿਤ ਕਣਕ ਮੁਹੱਈਆ ਕਰਵਾਉਣਾ, ਆਯੁਸ਼ਮਾਨ ਯੋਜਨਾ ਦੇ ਤਹਿਤ 70 ਸਾਲ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਨੂੰ 5 ਲੱਖ ਰੁਪਏ ਦੀਆਂ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਆਦਿ ਸਕੀਮਾਂ ਦਾ ਲਾਭ ਹੇਠਲੇ ਪੱਧਰ 'ਤੇ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਮੌਜੂਦਾ ਰਾਜ ਸਰਕਾਰ ਵੱਲੋਂ ਲੋਕਾਂ ਨੂੰ ਨਹੀਂ ਦਿੱਤਾ ਜਾ ਰਿਹਾ। ਜਿਸ ਕਾਰਨ ਪੰਜਾਬ ਦੇ ਲੋਕ ਕੇਂਦਰ ਦੀਆਂ ਸਕੀਮਾਂ ਤੋਂ ਵਾਂਝੇ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਅਹੁਦੇਦਾਰ ਅਤੇ ਵਰਕਰ ਵੱਧ ਤੋਂ ਵੱਧ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਨਾਲ ਜੁੜਨ।

## ਸੂਬਾ ਕਾਰਜਕਾਰਨੀ ਤੇ ਕੌਂਸਲ ਮੀਟਿੰਗ 14-15 ਨੂੰ

**ਚੰਡੀਗੜ੍ਹ** : ਪੰਜਾਬ ਸੀ ਪੀ ਆਈ ਦੀ ਕਾਰਜਕਾਰਨੀ ਤੇ ਕੌਂਸਲ ਮੀਟਿੰਗ 14-15 ਦਸੰਬਰ ਦਿਨ ਸ਼ਨੀਵਾਰ-ਐਤਵਾਰ ਨੂੰ ਪਾਰਟੀ ਦਫਤਰ, ਅਜੈ ਭਵਨ, ਚੰਡੀਗੜ੍ਹ ਵਿਖੇ ਹੋਵੇਗੀ। 14 ਦਸੰਬਰ ਨੂੰ ਠੀਕ 11 ਵਜੇ ਸਕੱਤਰੇਤ, 2 ਵਜੇ ਐਗਜ਼ੈਕਟਿਵ ਅਤੇ ਸ਼ਾਮ 4 ਵਜੇ ਕੌਂਸਲ ਮੀਟਿੰਗ ਸ਼ੁਰੂ ਹੋ ਕੇ ਅਗਲੇ ਦਿਨ 15 ਦਸੰਬਰ ਦੁਪਹਿਰ 3 ਵਜੇ ਤੱਕ ਸਮਾਪਤ ਹੋ ਜਾਵੇਗੀ। ਕੇਂਦਰ ਵੱਲੋਂ ਡੀ ਰਾਜਾ ਜਨਰਲ ਸਕੱਤਰ, ਅਮਰਜੀਤ ਕੌਰ ਤੇ ਡਾ. ਬਾਲਾਚੰਦਰਨ ਕਾਂਗੋ ਸ਼ਾਮਲ ਹੋਣਗੇ।

## ਪੰਜ ਮੈਡੀਕਲ ਵਿਦਿਆਰਥੀਆਂ ਦੀ ਮੌਤ

**ਅਲਾਪੁਜ਼ਾ** : ਕੇਰਲ 'ਚ ਸਾਹਿਲੀ ਜ਼ਿਲ੍ਹੇ ਦੇ ਪੰਜ ਮੈਡੀਕਲ ਵਿਦਿਆਰਥੀਆਂ ਲਈ ਸੈਰ-ਸਪਾਟੇ ਦੀ ਇੱਕ ਰਾਤ ਤ੍ਰਾਸਦੀ ਵਿੱਚ ਬਦਲ ਗਈ, ਜੋ ਸੜਕ ਹਾਦਸੇ 'ਚ ਮਾਰੇ ਗਏ। ਇਹ ਵਿਦਿਆਰਥੀ ਇੱਥੋਂ ਦੇ ਵੰਦਨਮ ਸਰਕਾਰੀ ਮੈਡੀਕਲ ਕਾਲਜ 'ਚ ਐੱਮ ਬੀ ਬੀ ਐੱਸ ਪਹਿਲੇ ਸਾਲ ਦੀ ਪੜ੍ਹਾਈ ਕਰ ਰਹੇ ਸਨ।ਉਹ ਸੋਮਵਾਰ ਰਾਤ ਨੂੰ ਜਿਸ ਕਾਰ ਵਿੱਚ ਸੈਰ-ਸਪਾਟੇ ਪਿੱਛੋਂ ਪਰਤ ਰਹੇ ਸਨ, ਉਸ ਦੀ ਕੇਰਲ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਨਾਲ ਟੱਕਰ ਹੋ ਗਈ।ਹਾਦਸੇ ਵਿਚ ਛੇ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ।ਇਕ ਚਸ਼ਮਦੀਦ ਨੇ ਦੱਸਿਆ ਕਿ ਹਾਦਸੇ ਦੇ ਘੰਟਿਆਂ ਬਾਅਦ ਵੀ ਮਦਦ ਲਈ ਪੁਕਾਰ ਰਹੇ ਪੀੜਤਾਂ ਦੀਆਂ ਚੀਕਾਂ ਦਿਲ ਦਹਿਲਾਉਣ ਵਾਲੀਆਂ ਸਨ।

## ਗਾਂਦਰਬਲ ਹਮਲੇ ਦਾ ਸਾਜ਼ਿਸ਼ਘਾੜਾ ਮਾਰਿਆ ਗਿਆ

**ਸ੍ਰੀਨਗਰ** : ਜੰਮੂ-ਕਸ਼ਮੀਰ ਪੁਲਸ ਨੇ ਮੰਗਲਵਾਰ ਲਸ਼ਕਰ ਏ ਤੋਇਬਾ ਦੇ ਅੱਤਵਾਦੀ ਜੁਨੈਦ ਅਹਿਮਦ ਭੱਟ ਨੂੰ ਇੱਕ ਮੁਕਾਬਲੇ 'ਚ ਢੇਰ ਕਰ ਦਿੱਤਾ। ਜੁਨੈਦ ਹਾਲ ਹੀ 'ਚ ਗਾਂਦਰਬਲ ਅਤੇ ਗਗਨਗੀਰ 'ਚ ਨਾਗਰਿਕਾਂ ਦੀ ਹੱਤਿਆ ਸਮੇਤ ਕਈ ਅੱਤਵਾਦੀ ਗਤੀਵਿਧੀਆਂ 'ਚ ਸ਼ਾਮਲ ਸੀ। ਦਾਚੀਗਾਮ ਦੇ ਉਪਰਲੇ ਖੇਤਰਾਂ 'ਚ ਪੁਲਸ ਅਤੇ ਫੌਜ ਵੱਲੋਂ ਚਲਾਏ ਸੰਯੁਕਤ ਅਪ੍ਰੇਸ਼ਨ 'ਚ ਜੁਨੈਦ ਮਾਰਿਆ ਗਿਆ। ਜ਼ਿਕਰਯੋਗ ਹੈ ਕਿ ਅਕਤੂਬਰ 'ਚ ਸ਼ੱਕੀ ਪਾਕਿਸਤਾਨੀ ਅੱਤਵਾਦੀਆਂ ਨੇ ਗਾਂਦਰਬਲ ਜ਼ਿਲ੍ਹੇ 'ਚ ਇੱਕ ਨਿਰਮਾਣ ਕੰਪਨੀ ਦੇ ਮਜ਼ਦੂਰਾਂ ਅਤੇ ਇੱਕ ਡਾਕਟਰ 'ਤੇ ਹਮਲਾ ਕੀਤਾ ਸੀ, ਜੋ ਪਿਛਲੇ ਤਿੰਨ ਦਹਾਕਿਆਂ 'ਚ ਇਸ ਖੇਤਰ ਵਿੱਚ ਮਜ਼ਦੂਰਾਂ 'ਤੇ ਸਭ ਤੋਂ ਵੱਡਾ ਹਮਲਾ ਮੰਨਿਆ ਜਾ ਰਿਹਾ ਹੈ। ਇਸ ਹਮਲੇ 'ਚ ਛੇ ਮਜ਼ਦੂਰਾਂ ਅਤੇ ਇੱਕ ਡਾਕਟਰ ਦੀ ਮੌਤ ਹੋ ਗਈ ਸੀ।

## ਤਲਵੰਡੀ ਸਾਬੋ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਨਹੀਂ ਆਉਣ ਦਿੱਤੀ ਜਾਵੇਗੀ ਘਾਟ : ਪ੍ਰੋ. ਬਲਜਿੰਦਰ ਕੌਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਗੁਰੂ ਕੀ ਨਗਰੀ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੀਫ ਵਿੱਪ ਵਿਧਾਇਕ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ ਨੇ ਖੰਡਾ ਚੌਂਕ ਤੋਂ ਗਿੱਲਾਂ ਵਾਲਾ ਖੂਹ ਵਾਇਆ ਤਖਤ ਸਾਹਿਬ ਨੂੰ ਜਾਂਦੀ ਸੜਕ ਦਾ ਸੁੰਦਰੀਕਰਨ ਕਰਨ ਲਈ ਅਤੇ ਸ਼ਹਿਰ ਦੇ ਵਾਟਰ ਵਰਕਸ 'ਚ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਫਿਲਟਰ ਮੀਡੀਆ ਲਾਉਣ ਲਈ 322.19 ਲੱਖ ਰੁਪਏ ਦੇ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਲਈ ਕ੍ਰਾਂਤੀਕਾਰੀ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਪ੍ਰੋ. ਬਲਜਿੰਦਰ ਕੌਰ ਨੇ 50 ਲੱਖ ਰੁਪਏ ਦੀ ਲਾਗਤ ਨਾਲ ਬਣੇ ਗਿੱਲ ਚੌਂਕ ਵਿੱਚ ਇੰਟਰਲਾਕ ਟਾਇਲ ਤੇ ਸੰਗਤ ਰੋਡ 'ਤੇ ਸੀਸੀ ਫਲੋਰਿੰਗ ਪਾਉਣ ਦੇ ਕਾਰਜ ਦਾ ਉਦਘਾਟਨ ਵੀ ਕੀਤਾ ਗਿਆ।ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਪ੍ਰਸ਼ਾਸਨ ਪੂਰੀ ਗੰਭੀਰਤਾ ਨਾਲ ਲੈ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਲੈ ਕੇ ਲਗਾਤਾਰ ਪਿੰਡ ਦੀਆਂ ਪੰਚਾਇਤਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੁ ਪਿੰਡਾਂ ਦੀ ਨੁਹਾਰ ਨੂੰ ਬਦਲਿਆ ਜਾ ਸਕੇ।

# ਪੰਜਾਬ ਸਰਕਾਰ ਸੂਬੇ ਦੇ ਸਾਰੇ ਪਿੰਡਾਂ ਦੇ ਵਿਕਾਸ ਲਈ ਵਚਨਬੱਧ : ਡਾ. ਬਲਜੀਤ ਕੌਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪੰਜਾਬ ਸਰਕਾਰ ਸੂਬੇ ਦੇ ਸਾਰੇ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਰਕਾਰੀ ਕਾਲਜ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਹੁੰ ਚੁੱਕ ਸਮਾਗਮ ਦੌਰਾਨ ਜ਼ਿਲ੍ਹੇ ਦੇ 248 ਪਿੰਡਾਂ ਦੀਆਂ ਪੰਚਾਇਤਾਂ ਦੇ ਨਵੇਂ ਚੁਣੇ ਗਏ 248 ਸਰਪੰਚ ਅਤੇ 1908 ਪੰਚਾਂ ਨੂੰ ਸਹੁੰ ਚੁਕਾਉਣ ਮੌਕੇ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਜਗਦੀਪ ਸਿੰਘ ਕਾਕਾ ਬਰਾੜ, ਡਿਪਟੀ ਕਮਿਸ਼ਨਰ ਰਾਜੇਸ਼ ਤ੍ਰਿਪਾਠੀ, ਜ਼ਿਲ੍ਹਾ ਪੁਲਸ ਮੁਖੀ ਤੁਸ਼ਾਰ ਗੁਪਤਾ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਲਈ ਮੁਬਾਰਕਬਾਦ ਦਿੰਦਿਆਂ ਸਮਾਗਮ ਵਿੱਚ ਪੁੱਜੇ ਸਰਪੰਚਾਂ ਅਤੇ ਪੰਚਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।

ਡਾ. ਬਲਜੀਤ ਕੌਰ ਨੇ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਨੂੰ ਜਮਹੂਰੀਅਤ ਦੀ ਨੀਂਹ ਦੱਸਦਿਆ ਕਿਹਾ ਕਿ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਫੈਸਲੇ ਗ੍ਰਾਮ ਸਭਾਵਾਂ ਵਿੱਚ ਲਏ ਜਾਣੇ ਚਾਹੀਦੇ ਹਨ।ਕੈਬਨਿਟ ਮੰਤਰੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ



ਵਾਲੀ ਸੂਬਾ ਸਰਕਾਰ ਵੱਲੋਂ ਬਿਨਾਂ ਕਿਸੇ ਪੱਖ ਪਾਤ ਤੋਂ ਪਿੰਡਾਂ ਦੇ ਵਿਕਾਸ ਕਰਨ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਇੱਕ ਸਵਾਲ ਦੇ ਜੁਆਬ ਵਿੱਚ ਦੱਸਿਆ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ 50 ਫੀਸਦੀ ਤੋਂ ਵੱਧ ਆਬਾਦੀ ਵਾਲੇ ਪਿੰਡਾਂ ਨੂੰ ਸੂਬਾ ਸਰਕਾਰ ਵੱਲੋਂ ਖਾਸ ਗਰਾਂਟ ਦਿੱਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹੇ ਦੇ 10 ਪਿੰਡਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਨੂੰ 2 ਕਰੋੜ 6 ਲੱਖ ਰੁਪਏ ਦੀ ਸਪੈਸ਼ਲ ਗਰਾਂਟ ਮੁਹੱਈਆ ਕਰਵਾਈ ਜਾਵੇਗੀ।ਡਾ. ਬਲਜੀਤ ਕੌਰ ਨੇ ਨਵੇਂ ਚੁਣੇ ਗਏ ਪੰਚਾਂ ਅਤੇ ਸਰਪੰਚਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਆਪਣਾ ਪੂਰਨ ਸਹਿਯੋਗ ਦੇਣ। ਉਨ੍ਹਾਂ ਇਹ ਵੀ ਕਿਹਾ ਕਿ ਪੰਚਾਇਤ ਹਰ ਫੈਸਲਾ ਪਿੰਡ ਵਾਸੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਲੈਣ ਤਾਂ ਹੀ ਪਿੰਡ ਦੇ ਸਰਬਪੱਖੀ ਵਿਕਾਸ ਲਈ ਅਹਿਮ ਰੋਲ ਅਦਾ ਕਰ ਸਕਦੀ ਹੈ।ਇਸ ਤੋਂ ਪਹਿਲਾਂ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਅਤੇ ਨਵੇ ਚੁਣੇ ਗਏ ਪੰਚਾਂ ਅਤੇ ਸਰਪੰਚਾਂ ਨੂੰ ਵਧਾਈ ਦਿੰਦਿਆਂ ਪ੍ਰੇਰਿਤ ਕੀਤਾ ਕਿ ਉਹ ਪਿੰਡਾਂ ਦੇ ਵਿਕਾਸ ਦੇ ਨਾਲ-ਨਾਲ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾ ਸਕਦੇ ਹਨ।ਇਸ ਮੌਕੇ ਡਾ. ਬਲਜੀਤ ਕੌਰ ਵੱਲੋਂ ਲੋੜਵੰਦ 6 ਲਾਭਪਾਤਰੀਆਂ ਨੂੰ ਆਪਣੇ ਘਰਾਂ ਵਿੱਚ ਪਖਾਨਾ ਬਣਾਉਣ ਲਈ ਪ੍ਰਵਾਨਗੀ ਪੱਤਰਾਂ ਦੀ ਵੰਡ ਕੀਤੀ ਗਈ। ਇਸ ਮੌਕੇ ਚੇਅਰਮੈਨ ਸਹਿਕਾਰੀ ਬੈਂਕ ਪੰਜਾਬ ਜਗਦੇਵ ਸਿੰਘ ਬਾਮ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸ੍ਰੀ ਮੁਕਤਸਰ ਸਾਹਿਬ ਸੁਖਜਿੰਦਰ ਸਿੰਘ ਕਾਉਣੀ, ਵਾਈਸ ਚੇਅਰਮੈਨ ਪਨਸੀਡ, ਪੰਜਾਬ ਜਸ਼ਨ ਬਰਾੜ, ਵਧੀਕ ਡਿਪਟੀ ਕਮਿਸ਼ਨਰ ਗੁਰਦਰਸ਼ਨ ਲਾਲ ਕੁੰਡਲ, ਐਸ.ਡੀ.ਐਮ ਸ੍ਰੀ ਮੁਕਤਸਰ ਸਾਹਿਬ ਬਲਜੀਤ ਕੌਰ, ਗੁਰਬਾਜ ਸਿੰਘ ਵਣਵਾਲਾ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਦੀਆਂ ਸੁਣੀਆਂ ਸਮੱਸਿਆਵਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਅੱਜ ਮੋਗਾ ਜ਼ਿਲ੍ਹਾ ਬਲਾਕ-2 ਦੇ ਪਿੰਡ ਰੱਤੀਆਂ ਵਿੱਚ ਭਾਰੀ ਗਿਣਤੀ ਵਿੱਚ ਪਿੰਡ ਦੇ ਮਨਰੇਗਾ ਮਜ਼ਦੂਰਾਂ ਦੀ ਇੱਕ ਮੀਟਿੰਗ ਮਨਰੇਗਾ ਮਜ਼ਦੂਰ ਭਲਾਈ ਮੋਰਚਾ ਪਿੰਡ ਰੱਤੀਆਂ ਦੀ ਪ੍ਰਧਾਨ ਰਣਜੀਤ ਕੌਰ ਅਤੇ ਨਰਿੰਦਰ ਸਿੰਘ ਰਾਜਪੂਤ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਸ੍ਰੀ ਬ੍ਰਾਹਮਣ ਸਭਾ ਪੰਜਾਬ ਦੇ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਅਸ਼ੋਕ ਕਾਲੀਆ, ਬ੍ਰਹਾਮਣ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਭਾਰਤੀ ਐਡਵੋਕੇਟ, ਪ੍ਰਾਈਵੇਟ ਸਕੂਲ ਬੱਸ ਡਰਾਈਵਰ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਕਾਲਾ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਮਨਰੇਗਾ ਮਜ਼ਦੂਰਾਂ ਨੇ ਕਿਹਾ ਕਿ ਉਨ੍ਹਾਂ ਦੀ ਹਾਜ਼ਰੀ ਜਾਬ ਕਾਰਡਾਂ ਵਿੱਚ ਦਰਜ਼ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਦੇ ਜਾਬ ਕਾਰਡ ਮਨਰੇਗਾ ਦੇ ਅਧਿਕਾਰੀਆਂ ਨੇ ਅਪਣੇ ਕੋਲ ਰੱਖੇ ਹੋਏ ਹਨ ਅਤੇ ਉਨ੍ਹਾਂ ਨੂੰ ਨਹੀਂ ਦਿੱਤੇ ਜਾ ਰਹੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਮਨਰੇਗਾ ਮਜ਼ਦੂਰਾਂ ਦੀਆਂ ਸਮਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਸਮਾਧਾਨ ਕਰਵਾਉਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਬਤ ਜਲਦੀ ਹੀ ਉੱਚ ਅਧਿਕਾਰੀਆਂ ਨਾਲ ਮੁਲਾਕਾਤ ਕਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਨਦੀਪ ਕੌਰ, ਜਰਨੈਲ ਕੌਰ, ਨਸੀਬ ਕੌਰ, ਮਹਿੰਦਰ ਕੌਰ, ਮਮਤਾ ਰਾਣੀ, ਚਰਨਜੀਤ ਕੌਰ, ਜਸਵਿੰਦਰ ਕੌਰ, ਸੁਖਵਿੰਦਰ ਕੌਰ, ਸੀਮਾ, ਬਲਵੀਰ ਕੌਰ, ਰਣਜੀਤ ਕੌਰ, ਗੁਰਾ ਸਿੰਘ , ਜਸਪਾਲ ਕੌਰ, ਨਛੱਤਰ ਕੌਰ, ਛਿੰਦਰ ਕੌਰ, ਮਨਜੀਤ ਕੌਰ, ਕੁਲਜੀਤ ਕੌਰ, ਅਮਰਜੀਤ ਕੌਰ, ਅਮਨਦੀਪ ਕੌਰ, ਕਰਨੈਲ ਕੌਰ, ਗੁਰਮੀਤ ਕੌਰ, ਛੋਟੋ, ਪਰਮਜੀਤ ਕੌਰ, ਮੰਗਲ ਸਿੰਘ, ਬੂਟਾ ਸਿੰਘ, ਰੇਸ਼ਮ ਕੌਰ, ਕਰਮਵੀਰ ਸਿੰਘ, ਸੋਹਣ ਸਿੰਘ ਅਤੇ ਪਿੰਕੀ ਰਾਣੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਲੋੜਵੰਦ ਪਰਵਾਰਾਂ ਲਈ ਰਜਾਈ ਤੇ ਕੰਬਲ ਵੰਡ ਸਮਾਗਮ ਕਰਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਦੁਰਗਾ ਸੇਵਾ ਦਲ, ਲੰਗਰ ਭਵਨ ਸਿਵਲ ਹਸਪਤਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਦੀ ਤੋਂ ਬਚਣ ਲਈ ਝੁੱਗੀਆਂ ਝੌਂਪੜੀਆਂ ਵਿੱਚ ਰਹਿੰਦੇ ਲੋੜਵੰਦ ਪਰਵਾਰਾਂ ਲਈ ਰਜਾਈ ਅਤੇ ਕੰਬਲ ਵੰਡ ਸਮਾਗਮ ਕਰਾਇਆ ਗਿਆ, ਜਿਸ ਵਿੱਚ ਆਈ.ਏ.ਐਸ ਸ੍ਰੀ ਸੰਦੀਪ ਰਿਸ਼ੀ (ਡਿਪਟੀ ਕਮਿਸ਼ਨਰ) ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ।ਸਮਾਗਮ ਦੀ ਪ੍ਰਧਾਨਗੀ ਸ੍ਰੀ ਗੋਪਾਲ ਦਾਸ ਗੋਇਲ ਜੀ ਨੇ ਕੀਤੀ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪ੍ਰਸਿੱਧ ਉਦਯੋਗਪਤੀ ਸ੍ਰੀ ਦੀਪਕ ਜਿੰਦਲ, ਡਾ. ਪੰਕਜ ਗੁਪਤਾ ਜੀ ਅਤੇ ਵਾਤਾਵਰਣ ਪ੍ਰੇਮੀ ਸ੍ਰੀ ਰੋਸ਼ਨ ਗਰਗ ਹਾਜ਼ਿਰ ਹੋਏ ।ਇਸ ਮੌਕੇ ਸ੍ਰੀ ਸੰਦੀਪ ਰਿਸ਼ੀ ਨੇ ਸੰਸਥਾ ਨੂੰ ਇਸ ਕਾਰਜ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸੰਸਥਾ ਵੱਲੋਂ ਪਿਛਲੇ 21 ਸਾਲਾਂ ਤੋਂ ਮਰੀਜ਼ਾਂ ਅਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਦੇ ਲਈ ਪੂਰੇ ਦਿਨ ਦੇ ਭੋਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ । ਡਾ. ਪੰਕਜ ਗੁਪਤਾ ਜੀ ਨੇ ਵੀ ਸੇਵਾ ਦਲ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਸ੍ਰੀ ਗੋਪਾਲ ਦਾਸ ਗੋਇਲ ਨੇ ਕਿਹਾ ਕਿ ਸੰਸਥਾਂ ਦੇ ਵੱਲੋਂ ਸਮੇਂ-ਸਮੇਂ ਤੇ ਹਰ ਤਰ੍ਹਾਂ ਦੇ ਸਮਾਜ ਸੇਵੀ ਕੰਮ ਕੀਤੇ ਜਾਂਦੇ ਹਨ, ਜਿਸ ਦੇ ਨਾਲ ਮੈਨੂੰ ਇੱਥੇ ਆ ਕੇ ਖੁਸ਼ੀ ਮਹਿਸੂਸ ਹੁੰਦੀ ਹੈ।ਸੰਸਥਾ ਦੇ ਪ੍ਰਧਾਨ ਸ੍ਰੀ ਅਰੁਪ ਸਿੰਗਲਾ ਨੇ ਦੱਸਿਆ ਕਿ ਸੰਸਥਾਂ ਦੇ ਵੱਲੋਂ ਅੱਜ 280 ਲੋੜਵੰਦ ਪਰਵਾਰਾਂ ਨੂੰ ਸਰਦੀ ਤੋਂ ਬਚਣ ਲਈ ਰਜਾਈਆਂ ਤੇ ਕੰਬਲ ਵੰਡੇ ਗਏ ਹਨ।

## ਸਾਲਾਨਾ ਇਨਾਮ ਵੰਡ ਸਮਾਰੋਹ 'ਤੇ ਵਿਦਿਆਰਥੀਆਂ ਨੂੰ ਕੀਤਾ ਉਤਸ਼ਾਹਤ




**ਜਗਰਾਉਂ (ਅਮਿਤ ਖੰਨਾ)**-ਐੱਮ.ਐੱਲ.ਡੀ.ਸੀਨੀ: ਸੈਕੰ: ਸਕੂਲ, ਤਲਵੰਡੀ ਕਲਾਂ ਵੱਲੋਂ ਸਕੂਲ ਦੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦਾ ਆਰੰਭ ਸ੍ਰੀ ਮੂਲਮੰਤਰ ਸਾਹਿਬ ਦੇ ਪਾਠ ਨਾਲ ਹੋਇਆ।ਉਪਰੰਤ ਸਕੂਲ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਨੇ ਗੀਤ 'ਮੈਂ ਗੁਰਮੁਖੀ ਦਾ ਬੇਟਾ' ਪੇਸ਼ ਕੀਤਾ।ਉਸ ਤੋਂ ਬਾਅਦ ਪੜ੍ਹਾਈ ਵਿੱਚੋਂ ਪਹਿਲਾਂ, ਦੂਜਾ, ਤੀਜਾ ਤੇ ਵਿਸ਼ੇਸ਼ ਦਰਜਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਬਲਦੇਵ ਬਾਵਾ, ਮੈਡਮ ਜਸਮਿੰਦਰ ਕੌਰ, ਮੈਡਮ ਸਿਮਰਨਜੀਤ ਕੌਰ, ਗੁਰਿੰਦਰਪਾਲ ਸਿੰਘ, ਮੈਡਮ ਅੰਮ੍ਰਿਤ ਪਾਲ ਕੌਰ, ਮੈਡਮ ਸੁਖਦੀਪ ਕੌਰ ਅਤੇ ਇੰਚਾਰਜ ਅਧਿਆਪਕਾਂ ਨੇ ਇਨਾਮਾਂ ਦੀ ਵੰਡ ਕੀਤੀ।ਇਸ ਤੋਂ ਇਲਾਵਾ ਸ਼ਤ-ਪ੍ਰਤੀਸ਼ਤ ਹਾਜ਼ਰੀ ਅਤੇ ਖੇਡਾਂ ਵਿੱਚੋਂ ਮੈਡਲ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਵੀ ਇਨਾਮਾਂ ਦੀ ਵੰਡ ਕੀਤੀ ਗਈ।ਇਸ ਮੌਕੇ ਪ੍ਰਿੰਸੀਪਲ ਬਲਦੇਵ ਬਾਵਾ ਨੇ ਵਧਾਈ ਦਿੰਦਿਆਂ ਕਿਹਾ ਕਿ ਮਿਹਨਤ ਹੀ ਹਰ ਵਿਦਿਆਰਥੀ ਨੂੰ ਨਿਖਾਰਦੀ ਹੈ।ਲਗਾਤਾਰ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਕਾਮਯਾਬੀ ਹਾਸਿਲ ਕਰਦੇ ਹਨ।ਉਹਨਾਂ ਕਿਹਾ ਕਿ ਪੜ੍ਹਈ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਆਪਣਾ ਇਨਾਮ ਪ੍ਰਾਪਤ ਕਰਨ ਲਈ ਭਾਵੇਂ ਸਿਰਫ ਇੱਕ ਮਿੰਟ ਲਈ ਸਟੇਜ 'ਤੇ ਆਉਂਦੇ ਹਨ, ਇਨਾਮ ਪ੍ਰਾਪਤ ਕਰਕੇ ਜਿੱਥੇ ਖੁਸ਼ੀ ਅਤੇ ਸਕੂਨ ਮਹਿਸੂਸ ਕਰਦੇ ਹਨ, ਉੱਥੇ ਹੀ ਵੱਡੀ ਪ੍ਰੇਰਨਾ ਵੀ ਹਾਸਲ ਕਰਦੇ ਹਨ।ਇਹੀ ਪ੍ਰੇਰਨਾ ਉਨ੍ਹਾਂ ਨੂੰ ਇੱਕ ਦਿਨ ਕਾਮਯਾਬ ਇਨਸਾਨ ਬਣਾ ਦਿੰਦੀ ਹੈ।

# ਬੈਂਸ ਨੇ ਦੱਖਣੀ ਕੋਰੀਆ ਵਿਖੇ ਯੂਨੈਸਕੋ ਫੋਰਮ 'ਚ ਪਾਈ ਪੰਜਾਬ ਦੇ ਨਵੇਂ ਸਿੱਖਿਆ ਮਾਡਲ ਦੀ ਬਾਤ

**ਚੰਡੀਗੜ੍ਹ** : ਯੂਨੈਸਕੋ ਵਲੋਂ ਭਵਿੱਖੀ ਸਿੱਖਿਆ ਬਾਰੇ ਦੱਖਣੀ ਕੋਰੀਆ ਦੇ ਜੀਓਗੀ ਡੂ ਸ਼ਹਿਰ ਦੇ ਸੁਵਾਨ ਕਨਵੈਨਸ਼ਨ ਸੈਂਟਰ ਵਿਖੇ ਕਰਵਾਈ ਜਾ ਰਹੀ ਅੰਤਰਰਾਸ਼ਟਰੀ ਕਨਵੈਨਸ਼ਨ ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਕ੍ਰਾਂਤੀਕਾਰੀ ਉਪਰਾਲਿਆਂ ਬਾਰੇ ਚਾਨਣਾ ਪਾਉਂਦੇ ਕਿਹਾ ਕਿ ਆਲਮੀ ਪੱਧਰ 'ਤੇ ਪੈਦਾ ਹੋ ਰਹੀਆਂ ਚੁਣੌਤੀਆਂ ਦਾ ਹੱਲ ਸਿੱਖਿਆ ਦੇ ਖੇਤਰ ਵਿੱਚ ਨਿਵੇਕਲੀਆਂ ਤਬਦੀਲੀਆਂ ਨਾਲ ਹੀ ਕੱਢਿਆ ਜਾ ਸਕਦਾ ਹੈ ਅਤੇ ਸਾਡੀ ਸਰਕਾਰ ਇਸੇ ਦਿਸ਼ਾ ਵਿਚ ਕੰਮ ਕਰ ਰਹੀ ਹੈ ।ਕਾਨਫਰੰਸ ਦੌਰਾਨ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਬੁਨਿਆਦੀ ਢਾਂਚਾ ਵਿਕਾਸ ਮਿਸ਼ਨ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਵਿਦਿਅਕ ਵਾਤਾਵਰਣ ਦੀ ਸਿਰਜਣਾ ਨੂੰ ਹੋਰ ਮਜ਼ਬੂਤ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ, ਜਿਸ ਵਿੱਚ ਹਜ਼ਾਰਾਂ ਨਵੇਂ ਕਲਾਸ ਰੂਮਾਂ ਦੀ ਉਸਾਰੀ, ਸਕੂਲ ਸੁਰੱਖਿਆ ਲਈ ਚਾਰਦੀਵਾਰੀ ਬਣਾਉਣਾ, ਵਿਦਿਆਰਥੀਆਂ ਨੂੰ ਬੱਸ ਸੇਵਾਵਾਂ ਪ੍ਰਦਾਨ ਕਰਨਾ, ਸਕੂਲਾਂ ਵਿੱਚ ਵਾਈ-ਫਾਈ ਲਗਾਉਣਾ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਗਾਰਡਾਂ ਨੂੰ ਤਾਇਨਾਤ ਕਰਨਾ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿਦਿਅਕ ਰਣਨੀਤੀ ਅਧਿਆਪਕਾਂ ਦੇ ਸਸ਼ਕਤੀਕਰਨ ਅਤੇ ਆਲਮੀ ਪੱਧਰ 'ਤੇ ਸਿਖਲਾਈ 'ਤੇ ਕੇਂਦਰਿਤ ਹੈ। ਸੂਬੇ ਵੱਲੋਂ ਸਿੱਖਿਅਕਾਂ ਨੂੰ ਪ੍ਰਮੁੱਖ ਗਲੋਬਲ ਸੰਸਥਾਵਾਂ ਵਿੱਚ ਭੇਜਦੇ ਹੋਏ ਵਿਸਥਾਰਤ ਅਧਿਆਪਕ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ।ਪ੍ਰਿੰਸੀਪਲਾਂ ਨੂੰ ਸਿੰਗਾਪੁਰ ਪ੍ਰਿੰਸੀਪਲ ਅਕੈਡਮੀ ਵਿੱਚ ਸਿਖਲਾਈ ਦਿੱਤੀ ਗਈ ਹੈ, ਜਦੋਂ ਕਿ ਐਲੀਮੈਂਟਰੀ ਅਧਿਆਪਕਾਂ ਨੇ ਫਿਨਲੈਂਡ ਦੇ ਪ੍ਰਸਿੱਧ ਸਿੱਖਿਆ ਮਾਡਲ ਤਹਿਤ ਵਿਸ਼ੇਸ਼ ਸਿਖਲਾਈ ਲਈ ਹੈ, ਜਿਸ ਸਦਕਾ ਪੰਜਾਬ ਦੇ ਸਕੂਲਾਂ ਵਿੱਚ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨੀ ਸ਼ੁਰੂ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਮੁੱਖ



ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਰਵਾਇਤੀ ਵਿਦਿਅਕ ਢਾਂਚੇ ਤੋਂ ਉਭਰ ਕੇ ਨਵੇਂ ਸਿੱਖਿਆ ਸਿਧਾਤਾਂ ਨੂੰ ਪੇਸ਼ ਕੀਤਾ ਹੈ। 'ਸਕੂਲ ਆਫ਼ ਐਮੀਨੈਂਸ' ਪੇਸ਼ੇਵਰ ਸਿਖਲਾਈ 'ਤੇ ਕੇਂਦ੍ਰਤ ਹਨ, ਜਦੋਂ ਕਿ 'ਸਕੂਲ ਆਫ਼ ਅਪਲਾਈਡ ਲਰਨਿੰਗ' ਕਿੱਤਾਮੁਖੀ ਹੁਨਰਾਂ 'ਤੇ ਅਧਾਰਤ ਹੈ ਅਤੇ 'ਸਕੂਲ ਆਫ਼ ਹੈਪੀਨੈਸ' ਵਿਲੱਖਣ ਬਾਲ-ਮਨੋਵਿਗਿਆਨ-ਅਧਾਰਤ ਸਿੱਖਣ ਪਹੁੰਚ ਨੂੰ ਦਰਸਾਉਂਦਾ ਹੈ ਜੋ ਨਵੇਂ ਯੁੱਗ ਦੀ ਸਿੱਖਿਆ ਨੀਤੀ ਦੇ ਵਿਦਿਅਕ ਅਨੁਭਵਾਂ ਲਈ ਤਿਆਰ ਕੀਤਾ ਗਿਆ ਹੈ।ਸਿੱਖਿਆ ਅਕਾਦਮਿਕ ਸਿੱਖਿਆ ਤੋਂ ਪਰੇ ਹੈ, ਇਸ ਗੱਲ 'ਤੇ ਜ਼ੋਰ ਦਿੰਦਿਆਂ ਬੈਂਸ ਨੇ ਇੱਕ ਡੂੰਘੇ ਫਲਸਫੇ ਨੂੰ ਬਿਆਨ ਕੀਤਾ, ਜਿਸ ਵਿੱਚ ਸਿੱਖਿਆ ਸਬੰਧੀ ਵਿਸ਼ਵਵਿਆਪੀ ਚੁਣੌਤੀਆਂ ਜਿਵੇਂ ਕਿ ਜਲਵਾਯੂ ਤਬਦੀਲੀ, ਅੱਤਵਾਦ ਅਤੇ ਸਮਾਜਿਕ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਇੱਕ ਵਿਆਪਕ ਪਹੁੰਚ ਦਰਸਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮਿਸ਼ਨ ਸਪੱਸ਼ਟ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਬੱਚਾ ਸਿੱਖਿਆ ਲੈਣ ਲਈ ਵਾਂਝਾ ਨਾ ਰਹੇ ਅਤੇ ਹਰੇਕ ਬੱਚੇ ਦੀ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਹੋਵੇ, ਜੋ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਦੀ ਹੈ।

## ਡਾਕਟਰਾਂ ਦੀ ਭਰਤੀ 'ਚ ਮੋਗੇ ਜ਼ਿਲ੍ਹੇ ਨਾਲ ਵਿਤਕਰਾ ਕੀਤਾ : ਡਾ. ਇੰਦਰਵੀਰ ਗਿੱਲ

**ਮੋਗਾ (ਨ ਜ਼ ਸ)**-ਪੰਜਾਬ ਸਰਕਾਰ ਵੱਲੋਂ ਪੀਸੀਐੱਮਐੱਸ ਡਾਕਟਰਾਂ ਦੀ ਭਰਤੀ ਵਿੱਚ ਮੋਗੇ ਜ਼ਿਲੇ ਨਾਲ ਭਾਰੀ ਵਿਤਕਰਾ ਕੀਤਾ ਗਿਆ ਹੈ ਕਿਉਂਕਿ ਕੁੱਲ ਭਰਤੀ ਕੀਤੇ 304 ਡਾਕਟਰਾਂ ਵਿੱਚੋਂ ਮੋਗੇ ਜ਼ਿਲੇ ਨੂੰ ਸਿਰਫ ਚਾਰ ਡਾਕਟਰ ਹੀ ਦਿੱਤੇ ਗਏ ਹਨ ਜਿਹੜਾ ਕਿ ਮੋਗੇ ਜ਼ਿਲੇ ਦੇ ਲੋੜਵੰਦ ਖਾਸ ਕਰਕੇ ਗਰੀਬ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਬਰਾਬਰ ਹੈ ਕਿਉਂਕਿ ਮੋਗੇ ਜ਼ਿਲੇ ਵਿੱਚ ਡਾਕਟਰਾਂ ਦੀ ਭਾਰੀ ਕਮੀ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਮਿਊਨਿਸਟ ਆਗੂ ਅਤੇ ਆਈ. ਡੀ. ਪੀ. ਡੀ. ਦੇ ਸੈਂਟਰਲ ਕਮੇਟੀ ਮੈਂਬਰ ਡਾ. ਇੰਦਰਵੀਰ ਗਿੱਲ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ ।ਉਹਨਾਂ ਕਿਹਾ ਕਿ ਇਹਨਾਂ 304 ਡਾਕਟਰਾਂ ਵਿੱਚੋਂ ਮੋਗੇ ਜ਼ਿਲੇ ਦੇ ਸਿਵਲ ਹਸਪਤਾਲ ਮੋਗਾ ਵਿੱਚ ਹੀ ਚਾਰ ਡਾਕਟਰ ਦਿੱਤੇ ਹਨ ।ਉਹਨਾਂ ਇਹ ਵੀ ਕਿਹਾ ਕਿ ਮੋਗਾ ਪੰਜਾਬ ਦਾ ਇਕੋ ਇੱਕ ਜ਼ਿਲਾ ਹੈ ਜਿਥੇ ਤਿੰਨ ਸਬ-ਡਵੀਜ਼ਨਾਂ ਹੋਣ ਦੇ ਬਾਵਜੂਦ ਸਬ-ਡਵੀਜ਼ਨ ਲੈਵਲ ਦਾ ਕੋਈ ਵੀ ਹਸਪਤਾਲ ਨਹੀਂ ਹੈ।ਉਹਨਾਂ ਅੱਗੇ ਦੱਸਿਆ ਕਿ ਸਰਕਾਰੀ ਸਿਹਤ ਸਹੂਲਤਾਂ ਨੂੰ ਪਿੰਡਾਂ ਦੇ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਲਈ ਮੋਗੇ ਜ਼ਿਲੇ ਵਿੱਚ ਡਾਕਟਰਾਂ ਦੀ ਭਰਤੀ ਕੀਤੀ ਜਾਣੀ ਚਾਹੀਦੀ ਹੈ, ਪਰ ਸਰਕਾਰ ਨੇ ਇਸ ਮਾਮਲੇ ਵਿੱਚ ਮੋਗੇ ਜ਼ਿਲੇ ਨਾਲ ਵਿਤਕਰਾ ਕੀਤਾ ਹੈ।ਉਹਨਾਂ ਕਿਹਾ ਕਿ ਸਬ-ਡਵੀਜ਼ਨ ਹਸਪਤਾਲਾਂ ਦੀ ਗੈਰ ਮੌਜੂਦਗੀ 'ਚ ਉਥੇ ਬਣੀਆਂ ਸੀ. ਐੱਸ. ਸੀ. ਵਿਖੇ ਡਾਕਟਰ ਭਰਤੀ ਕੀਤੇ ਜਾਣ ।ਇਸ ਦੇ ਨਾਲ ਹੀ ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਹੜੇ ਡਾਕਟਰ ਆਉਣ ਵਾਲੇ ਸਮੇਂ ਵਿੱਚ ਭਰਤੀ ਕੀਤੇ ਜਾਣੇ ਹਨ ਉਹਨਾਂ ਵਿੱਚੋਂ ਮੋਗੇ ਜ਼ਿਲੇ ਨੂੰ ਭਰਤੀਆਂ 'ਚ ਬਣਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਸਰਕਾਰੀ ਸਿਹਤ ਸਹੂਲਤਾਂ ਲੋਕਾਂ ਤੱਕ ਪਹੁੰਚਦੀਆਂ ਹੋ ਸਕਣ।

## ਸਫਾ 1 ਦਾ ਬਾਕੀ

### ਭਾਜਪਾ ਘੱਟ ਗਿਣਤੀਆਂ

ਨਾਲ ਲੈਂਦਿਆਂ ਸੀ ਪੀ ਆਈ ਲੰਮੇ ਸਮੇਂ ਤੋਂ ਲੋਕ ਮੁੱਦਿਆਂ 'ਤੇ ਲੜ ਰਹੀ ਹੈ, ਜਿਸ ਦੀ ਮਜ਼ਬੂਤੀ ਲਈ ਅਤੇ ਪਾਰਟੀ ਦੀ 100 ਵੀਂ ਵਰ੍ਹੇਗੰਢ ਮੌਕੇ ਮਾਨਸਾ ਵਿਖੇ 30 ਦਸੰਬਰ ਨੂੰ ਹੋ ਰਹੀ ਵਿਸ਼ਾਲ ਰਾਜਸੀ ਰੈਲੀ ਵਿੱਚ ਪੁੱਜਣ ਦੀ ਅਪੀਲ ਕੀਤੀ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸਬ-ਡਵੀਜ਼ਨ ਬੁਢਲਾਡਾ ਦੀ ਜਨਰਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਸਾਥੀ ਅਰਸ਼ੀ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੀ ਪੀ ਆਈ ਦੀ 100 ਵੀਂ ਵਰ੍ਹੇਗੰਢ ਨੂੰ ਸਮਰਪਿਤ ਪਾਰਟੀ ਦਾ 25 ਵਾਂ ਮਹਾਂ-ਸੰਮੇਲਨ ਚੰਡੀਗੜ੍ਹ ਵਿੱਚ ਹੋਣ ਜਾ ਰਿਹਾ ਹੈ। ਉਹਨਾ ਕਿਹਾ ਕਿ ਪੰਜਾਬ ਦੀ ਪਾਰਟੀ ਲਈ ਇਹ ਮਾਣ ਵਾਲੀ ਗੱਲ ਹੈ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਮੀਟਿੰਗ ਮੌਕੇ ਆਗੂਆਂ ਤੇ ਵਰਕਰਾਂ ਨੂੰ ਰੈਲੀ ਦੀ ਸਫਲਤਾ ਤੇ ਕਾਮਯਾਬੀ ਲਈ ਸਾਰੀ ਸ਼ਕਤੀ ਝੋਕਣ ਦੀ ਅਪੀਲ ਕੀਤੀ।ਸਬ-ਡਵੀਜ਼ਨ ਬੁਢਲਾਡਾ ਦੇ ਸਕੱਤਰ ਵੇਦ ਪ੍ਰਕਾਸ਼ ਤੇ ਜ਼ਿਲ੍ਹਾ ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਨੇ ਲੀਡਰਸ਼ਿਪ ਨੂੰ ਮਾਨਸਾ ਰੈਲੀ 'ਚ ਵੱਡੇ ਕਾਫਲੇ ਭੇਜਣ ਦਾ ਵਿਸ਼ਵਾਸ ਦਿਵਾਇਆ। ਮੀਟਿੰਗ ਗੁਰਦਾਸ ਸਿੰਘ ਟਾਹਲੀਆਂ ਦੀ ਪ੍ਰਧਾਨਗੀ ਹੇਠ ਹੋਈ।ਹੋਰਨਾਂ ਤੋਂ ਇਲਾਵਾ ਮਲਕੀਤ ਸਿੰਘ ਮੰਦਰਾਂ, ਮਨਜੀਤ ਕੌਰ ਗਾਮੀਵਾਲਾ, ਹਰਕੇਸ਼ ਮੰਡੇਰ, ਮਨਪ੍ਰੀਤ ਸਿੰਘ ਫਰੀਦਕੇ, ਰਾਜਵਿੰਦਰ ਚੱਕ ਭਾਈ ਕੇ, ਕਾਮਰੇਡ ਰਾਏ ਕੇ, ਬੰਬੂ ਸਿੰਘ ਫੁਲੂਵਾਲਾ, ਜਗਤਾਰ ਕਾਲਾ, ਮਾਸਟਰ ਰਘੂਨਾਥ ਸਿੰਗਲਾ, ਵੇਦ ਪ੍ਰਕਾਸ਼ ਬਰੇਟਾ, ਕਰਨੈਲ ਸਿੰਘ ਦਾਤੇਵਾਸ, ਮੱਖਣ ਰੰਘੜਿਆਲ, ਬੀਰਾ ਸਿੰਘ, ਜੱਗਾ ਸਿੰਘ ਸ਼ੇਰ ਖਾਂ, ਤੇਜ ਰਾਮ ਆਹਮਦਪੁਰ, ਰਾਜ ਮੰਤਰੀ, ਜੁਗਰਾਜ ਸਿੰਘ ਸਤੀਕੇ, ਹਰਮੀਤ ਬੋੜਾਵਾਲ, ਭੁਪਿੰਦਰ ਗੁਰਨੇ, ਗੁਰਮੇਲ ਬਰੇਟਾ, ਹਰਦਿਆਲ ਸਿੰਘ ਬੁਢਲਾਡਾ, ਸੁਖਦੇਵ ਬੋੜਾਵਾਲ, ਅਮਰੀਕ ਸਿੰਘ ਮੰਦਰਾਂ, ਗਰੀਬਾ ਸਿੰਘ, ਤਿੱਤਰ ਸਿੰਘ ਤੇ ਅਸ਼ੋਕ ਲਾਕੜਾ ਆਦਿ ਆਗੂ ਹਾਜ਼ਰ ਸਨ।

# ਭਾਰਤ ਇੱਕ ਤਰ੍ਹਾਂ ਦੀ ਪ੍ਰਯੋਗਸ਼ਾਲਾ : ਬਿੱਲ ਗੇਟਸ

**ਨਵੀਂ ਦਿੱਲੀ** : ਮਾਈਕ੍ਰੋਸਾਫਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨੇ ਹਾਲ ਹੀ 'ਚ ਲਿੰਕਡਾਇਨ ਦੇ ਸੰਸਥਾਪਕ ਰੀਡ ਹਾਫਮੈਨ ਦੇ ਨਾਲ ਇੱਕ ਪਾਡਕਾਸਟ 'ਚ ਭਾਰਤ ਨੂੰ 'ਇੱਕ ਪ੍ਰਕਾਰ ਦੀ ਪ੍ਰਯੋਗਸ਼ਾਲਾ' ਕਹਿ ਕੇ ਇੱਕ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ। ਉਨ੍ਹਾ ਦੇ ਇਸ ਬਿਆਨ ਨੇ 2009 'ਚ ਭਾਰਤ ਵਿੱਚ ਹੋਏ ਇੱਕ ਵਿਵਾਦਪੂਰਨ ਕਲੀਨੀਕਲ ਟ੍ਰਾਇਲ ਨੂੰ ਫਿਰ ਤੋਂ ਚਰਚਾ ਲੈ ਆਂਦਾ ਹੈ। ਇਸ ਟ੍ਰਾਇਲ 'ਚ ਗੇਟਸ ਫਾਊਂਡੇਸ਼ਨ ਦੇ ਫੰਡਿੰਗ ਤੋਂ ਇੱਕ ਕਲੀਨੀਕਲ ਪ੍ਰੀਖਣ 'ਚ ਸੱਤ ਆਦਿਵਾਸੀ ਸਕੂਲੀ ਵਿਦਿਆਰਥੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖ਼ਮੀ ਅਤੇ ਬਿਮਾਰ ਹੋ ਗਏ ਸਨ। ਬਿਲ ਗੇਟਸ ਨੇ ਪਾਡਕਾਸਟ 'ਚ ਕਿਹਾ— ਭਾਰਤ ਇੱਕ ਇਸ ਤਰ੍ਹਾਂ ਦੇ ਦੇਸ਼ ਦਾ ਉਦਾਹਰਣ ਹੈ, ਜਿੱਥੇ ਬਹੁਤ ਸਾਰੀਆਂ ਚੀਜ਼ਾਂ ਮੁਸ਼ਕਲ ਹਨ, ਜਿਨ੍ਹਾਂ 'ਚ ਸਿਹਤ, ਪੋਸ਼ਣ, ਸਿੱਖਿਆ 'ਚ ਸੁਧਾਰ ਹੋ ਰਿਹਾ ਹੈ, ਉਥੇ ਹੀ ਭਾਰਤ ਸਰਕਾਰ ਨੇ ਏਨਾ ਰੈਵੀਨਿਊ ਇਕੱਠਾ ਕਰ ਲਿਆ ਹੈ, ਹੋ ਸਕਦਾ ਹੈ ਕਿ 20 ਸਾਲਾਂ ਬਾਅਤ ਭਾਰਤ ਦੇ ਲੋਕ ਬੇਹਤਰ ਸਥਿਤੀ 'ਚ ਹੋਣਗੇ। ਉਨ੍ਹਾ ਕਿਹਾ ਕਿ ਭਾਰਤ ਇੱਕ ਪ੍ਰਕਾਰ ਦੀ ਪ੍ਰਯੋਗਸ਼ਾਲਾ ਹੈ, ਜਿੱਥੇ ਤੁਸੀਂ ਚੀਜ਼ਾਂ ਨੂੰ ਅਜ਼ਮਾ ਸਕਦੇ ਹੋ ਅਤੇ ਜਦ ਤੁਸੀਂ ਉਨ੍ਹਾਂ ਨੂੰ ਭਾਰਤ 'ਚ ਸਾਬਤ ਕਰ ਲੈਂਦੇ ਹੋ ਤਾਂ ਉਸ ਤੋਂ ਬਾਅਦ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਦੂਜੇ ਦੇਸ਼ਾਂ 'ਚ ਅਜ਼ਮਾ ਸਕਦੇ ਹੋ।

ਬਿਲ ਗੇਟਸ ਦੇ ਇਸ ਬਿਆਨ ਨੇ ਸੋਸ਼ਲ ਮੀਡੀਆ 'ਤੇ ਇੱਕ ਵਾਰ ਫਿਰ ਤੋਂ ਆਲੋਚਨਾਵਾਂ ਦਾ ਸਾਹਮਣਾ ਕੀਤਾ ਹੈ। 'ਦਿ ਸਕਿਨ ਡਾਕਟਰ' ਦੇ ਨਾਂਅ ਨਾਲ ਜਾਣੇ ਜਾਂਦੇ ਸਕਾਟਲੈਂਡ ਦੇ ਇੱਕ ਡਾਕਟਰ ਨੇ ਬਿਲ ਗੇਟਸ ਦੇ ਬਿਆਨ ਨੂੰ ਐੱਕਸ 'ਤੇ ਪੋਸਟ ਕਰਦੇ ਹੋਏ 2009 'ਚ ਹੋਏ ਇਸ ਇੱਕ ਵਿਵਾਦਤ ਕਲੀਨੀਕਲ ਟਰਾਇਲ ਦਾ ਜ਼ਿਕਰ ਕੀਤਾ, ਜਿਸ ਨੂੰ ਗੇਟਸ ਫਾਊਂਡੇਸ਼ਨ ਦੀ ਫੰਡਿੰਗ ਜ਼ਰੀਏ ਪੀ ਏ ਟੀ ਐੱਚ (ਪ੍ਰੋਗਰਾਮ ਫਾਰ ਐਪ ਪ੍ਰੋਪ੍ਰੀਏਟ ਟੈਕਨਾਲੋਜੀ ਇਨ ਹੈੱਲਥ) ਨਾਂਅ ਦੇ ਇੱਕ ਐੱਨ ਜੀ ਓ ਨੇ ਕੀਤਾ ਸੀ।

ਉਨ੍ਹਾ ਲਿਖਿਆ—2009 'ਚ ਪੀ ਏ ਟੀ ਐੱਚ ਨੇ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਨਾਲ ਮਿਲ ਕੇ ਤੇਲੰਗਾਨਾ ਦੇ ਖਮਮ ਜ਼ਿਲ੍ਹੇ ਅਤੇ ਗੁਜਰਾਤ ਦੇ ਵਡੋਦਰਾ ਜ਼ਿਲ੍ਹੇ 'ਚ 14000 ਆਦਿਵਾਸੀ ਸਕੂਲੀ ਬੱਚੀਆਂ 'ਤੇ ਸਰਵਾਈਕਲ ਕੈਂਸਰ ਦੇ ਵੈਕਸੀਨ ਲਈ ਕਲੀਨੀਕਲ ਟ੍ਰਾਇਲ ਕੀਤੇ ਸਨ। ਟ੍ਰਾਇਲ ਸ਼ੁਰੂ ਹੋਣ ਦੇ ਕੁਝ ਮਹੀਨਿਆਂ ਬਾਅਦ ਹੀ ਕਈ ਬੱਚੀਆਂ ਨੇ ਸਾਈਡ ਇਫੈਕਟ ਦੀ ਸ਼ਿਕਾਇਤ ਕੀਤੀ ਅਤੇ ਇਸ ਤੋਂ ਬਾਅਦ ਉਨ੍ਹਾਂ 'ਚੋਂ 7 ਦੀ ਮੌਤ ਹੋ ਗਈ, ਹਾਲਾਂਕਿ ਬਾਅਦ 'ਚ ਇਨ੍ਹਾਂ ਮੌਤਾਂ ਨੂੰ ਅਣਪਛਾਤੇ ਕਾਰਨਾਂ ਕਰਕੇ ਦੱਸਿਆ ਗਿਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

4-Dec-PAG-3.qxd 12/3/2024 10:51 PM Page 1



# ਆੜ੍ਹਤੀਆਂ ਖਿਲਾਫ ਦਾਣਾ ਮੰਡੀ ਬੁਤਾਲਾ 'ਚ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ

## * ਡੀ ਸੀ ਅੰਮ੍ਰਿਤਸਰ ਨੂੰ ਲਿਖਤੀ ਪੱਤਰ ਤੇ ਹਲਫੀਆ ਬਿਆਨ ਭੇਜ ਕੇ ਕੀਤੀ ਜਾਂਚ ਦੀ ਮੰਗ



**ਰਈਆ, (ਡੀ. ਕੇ. ਰੈਂਡੀ)**–ਮਾਰਕੀਟ ਕਮੇਟੀ ਰਈਆ ਦੇ ਦਫ਼ਤਰ ਦੇ ਬਾਹਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਬੁਤਾਲਾ ਮੰਡੀ ਦੇ ਕਿਸਾਨਾਂ ਵੱਲੋਂ ਆੜ੍ਹਤੀਆਂ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਝੋਨੇ ਦੀ ਫ਼ਸਲ ਦੀ ਅਦਾਇਗੀ ਐੱਮਐੱਸਪੀ (2320) ਦੀ ਜਗ੍ਹਾ 1860 ਤੋਂ 2100 ਰੁਪਏ ਪ੍ਰਤੀ ਕੁਇੰਟਲ ਕੀਤੇ ਜਾਣ ਕਾਰਨ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਮਾਰਕੀਟ ਕਮੇਟੀ ਸੈਕਟਰੀ ਅਤੇ ਡੀ. ਸੀ. ਅੰਮ੍ਰਿਤਸਰ ਨੂੰ ਲਿਖਤੀ ਪੱਤਰ ਭੇਜ ਕੇ ਉਚ ਪੱਧਰੀ ਜਾਂਚ ਦੀ ਮੰਗ ਕੀਤੀ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਪ੍ਰਧਾਨ ਚਰਨ ਸਿੰਘ ਕਲੇਰ ਘੁਮਾਣ, ਅਮਰੀਕ ਸਿੰਘ ਜਮਾਲਪੁਰ, ਤਰਸੇਮ ਸਿੰਘ ਬੁਤਾਲਾ, ਨਿਰਮਲ ਸਿੰਘ ਵੇਦਾਦਪੁਰ, ਬਲਵਿੰਦਰ ਸਿੰਘ, ਜੋਗਿੰਦਰ ਸਿੰਘ ਵੇਦਾਦਪੁਰ, ਬਲਵਿੰਦਰ ਸਿੰਘ ਸੇਰੋ, ਸੰਤੋਖ ਸਿੰਘ ਟਪਿਆਲਾ, ਕੁਲਵੰਤ ਸਿੰਘ ਸੇਰੋ ਸਮੇਤ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਸਥਾਨਕ ਅਨਾਜ ਮੰਡੀ ਵਿਚ ਮਾਰਕੀਟ ਕਮੇਟੀ ਦਫ਼ਤਰ ਦੇ ਬਾਹਰ ਪੰਜਾਬ ਸਰਕਾਰ ਖ਼ਰੀਦ ਏਜੰਸੀਆਂ ਦੇ ਇੰਸਪੈਕਟਰ ਅਤੇ ਆੜ੍ਹਤੀਆਂ ਵੱਲੋਂ ਕਿਸਾਨਾਂ ਦੀ ਝੋਨੇ ਦੀ ਫ਼ਸਲ ਤੇ ਸਰਕਾਰੀ ਕੀਮਤ 2320 ਰੁਪਏ ਪ੍ਰਤੀ ਕੁਇੰਟਲ ਦੀ ਜਗ੍ਹਾ 1860 ਤੋਂ ਲੈ ਕੇ 2100 ਰੁਪਏ ਪ੍ਰਤੀ ਕੁਇੰਟਲ ਤੱਕ ਦੇਣ ਦੇ ਰੋਸ ਵਜੋਂ ਰੋਸ ਪ੍ਰਦਰਸ਼ਨ ਕਰਦੇ ਹੋਏ ਦੱਸਿਆ ਕਿ ਬੁਤਾਲਾ ਦਾਣਾ ਮੰਡੀ ਵਿਚ ਆੜ੍ਹਤੀਆਂ ਵੱਲੋਂ ਕਿਸਾਨਾਂ ਦੀ ਝੋਨੇ ਦੀ ਫ਼ਸਲ ਤੇ ਖ਼ਰੀਦ ਏਜੰਸੀ ਅਤੇ ਸ਼ੈਲਰ ਮਾਲਕਾਂ ਦੇ ਨਾਮ 'ਤੇ ਭਾਰੀ ਕੱਟ ਲਾਇਆ ਗਿਆ ਹੈ ਅਤੇ ਝੋਨੇ ਦੀ ਨਮੀ ਦੀ ਮਾਤਰਾ ਵੱਧ ਦੱਸ ਕੇ ਭਾਰੀ ਕੱਟ ਲਾਇਆ ਗਿਆ ਹੈ।ਇਸ ਮੌਕੇ ਪਰਮਜੀਤ ਸਿੰਘ ਪੁੱਤਰ ਦਸੁੰਧਾ ਸਿੰਘ ਵਾਸੀ ਸੇਰੋਂ ਬਾਘਾ ਨੇ ਹਲਫ਼ੀਆ ਬਿਆਨ ਰਾਹੀਂ ਦੱਸਿਆ ਕਿ ਖ਼ਾਲਸਾ ਟਰੇਡਿੰਗ ਕੰਪਨੀ ਬੁਤਾਲਾ ਦੀ ਦੁਕਾਨ 'ਤੇ 219-65 ਕਿੱਲੋ ਝੋਨੇ ਦੀ ਸੁੱਕੀ ਫ਼ਸਲ ਵੇਚੀ ਸੀ ਜਿਸ ਨੂੰ 2050 ਰੁਪਏ ਦੇ ਹਿਸਾਬ ਨਾਲ 4,50282 ਰੁਪਏ ਦੀ ਅਦਾਇਗੀ ਕੀਤੀ ਗਈ ਹੈ ਜਦਕਿ 2320 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ 5,09688 ਰੁਪਏ ਬਣਦੇ ਸਨ।ਇਸੇ ਤਰ੍ਹਾਂ 175-50 ਕਿੱਲੋ 2100 ਰੁਪਏ ਦੇ ਹਿਸਾਬ ਨਾਲ ਅਦਾਇਗੀ ਕੀਤੀ ਹੈ। ਗੁਰਪਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਸੇਰੋਂ ਬਾਘਾ ਨੇ ਹਲਫ਼ੀਆ ਬਿਆਨ ਰਾਹੀਂ ਦੱਸਿਆ ਕਿ ਉਸ ਨੇ ਸੁਰਿੰਦਰ ਕੁਮਾਰ ਦੀ ਆੜ੍ਹਤ ਦੀ ਦੁਕਾਨ ਬੁਤਾਲਾ ਮੰਡੀ ਤੇ 176-35 ਕਿੱਲੋ ਝੋਨੇ ਦੀ ਫ਼ਸਲ ਵੇਚੀ ਸੀ ਜੋ ਕਿ 2070 ਰੁਪਏ ਪ੍ਰਤੀ ਕੁਇੰਟਲ ਰੇਟ ਲਾਇਆ ਗਿਆ ਹੈ ਅਤੇ 4-75 ਕਿੱਲੋ ਨਮੀ ਦੀ ਮਾਤਰਾ ਵੀ ਕੱਟੀ ਗਈ ਹੈ।ਕਿਸਾਨ ਜਸਜੀਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਸੇਰੋਂ ਬਾਘਾ ਨੇ ਵੀ ਹਲਫ਼ੀਆ ਬਿਆਨ ਰਾਹੀਂ ਖ਼ਾਲਸਾ ਟਰੇਨਿੰਗ ਕੰਪਨੀ ਦੇ ਮਾਲਕ ਤੇ ਝੋਨੇ ਦਾ ਘੱਟ ਰੇਟ ਦੇਣ ਸਬੰਧੀ ਦੋਸ਼ ਲਾਏ ਹਨ।

ਗੁਰਪ੍ਰੀਤ ਸਿੰਘ ਪੁੱਤਰ ਸੀਤਲ ਸਿੰਘ ਵਾਸੀ ਕੰਮੋਕੇ ਨੇ ਦੱਸਿਆ ਕਿ ਉਸ ਨੇ ਸੁਰਿੰਦਰ ਕੁਮਾਰ ਦੀ ਆੜ੍ਹਤ ਤੇ ਬੁਤਾਲਾ ਮੰਡੀ ਵਿਚ ਝੋਨੇ ਦੀ ਫ਼ਸਲ ਵੇਚੀ ਸੀ। ਉਸ ਨੂੰ 250 ਰੁਪਏ ਪ੍ਰਤੀ ਕੁਇੰਟਲ ਘੱਟ ਕੀਮਤ ਦਿੱਤੀ ਹੈ।ਮਲੂਕ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਸੇਰੋਂ ਬਾਘਾ ਨੇ ਹਲਫ਼ੀਆ ਬਿਆਨ ਰਾਹੀਂ ਦੱਸਿਆ ਕਿ ਉਸ ਨੇ ਸੁੱਖ ਟਰੇਡਿੰਗ ਕੰਪਨੀ ਬੁਤਾਲਾ 59-80 ਕਿੱਲੋ ਝੋਨੇ ਦੀ ਫ਼ਸਲ ਵੇਚੀ ਸੀ ਜਿਸ ਦੀ ਕੀਮਤ 2100 ਰੁਪਏ ਪ੍ਰਤੀ ਕੁਇੰਟਲ ਨਾਲ ਅਦਾਇਗੀ ਕੀਤੀ ਗਈ ਹੈ।ਇਸੇ ਤਰ੍ਹਾਂ ਦਰਜਨ ਦੇ ਕਰੀਬ ਕਿਸਾਨਾਂ ਨੇ ਆੜ੍ਹਤੀਆਂ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਪਾਸੋਂ ਬਕਾਇਆ ਅਦਾਇਗੀ ਮੰਗਣ ਤੇ ਉਹ ਬਾਕੀ ਬੱਚ ਦੇ ਪੈਸੇ ਖ਼ਰੀਦ ਏਜੰਸੀਆਂ ਦੇ ਇੰਸਪੈਕਟਰਾਂ, ਅਧਿਕਾਰੀਆਂ ਅਤੇ ਸ਼ੈਲਰ ਮਾਲਕਾਂ ਦੇ ਨਾਮ ਤੇ ਕੱਟਣ ਸਬੰਧੀ ਆਖ ਰਹੇ ਹਨ।ਕਿਸਾਨਾਂ ਨੇ ਸੈਕਟਰੀ ਮਾਰਕੀਟ ਕਮੇਟੀ ਡੀ. ਸੀ. ਅੰਮ੍ਰਿਤਸਰ ਨੂੰ ਲਿਖਤੀ ਪੱਤਰ ਅਤੇ ਹਲਫ਼ੀਆ ਬਿਆਨ ਭੇਜ ਕੇ ਆਪਣੀ ਬਕਾਇਆ ਅਦਾਇਗੀ ਦਿਵਾਉਣ ਅਤੇ ਇਸ ਘਪਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਹੇਰਾਫੇਰੀ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।ਡੀ. ਸੀ. ਅੰਮ੍ਰਿਤਸਰ ਸਾਕਸ਼ੀ ਸਾਹਨੀ ਨਾਲ ਵੱਟਸਐਪ ਤੇ ਗੱਲਬਾਤ ਵਿਚ ਉਨ੍ਹਾਂ ਲਿਖਤੀ ਤੌਰ 'ਤੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਸ਼ਿਕਾਇਤ ਮਿਲਣ ਤੇ ਕਾਰਵਾਈ ਕੀਤੀ ਜਾਵੇਗੀ।

# 16 ਨੂੰ ਐੱਸ ਐੱਸ ਪੀ ਤਰਨ ਤਾਰਨ ਦੇ ਦਫਤਰ ਅੱਗੇ ਲਾਇਆ ਜਾਵੇਗਾ ਧਰਨਾ : ਆਰ ਐੱਮ ਪੀ ਆਈ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ, ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ, ਜਿਲ੍ਹਾ ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਅਤੇ ਮਨਜੀਤ ਸਿੰਘ ਬੱਗੂ ਨੇ ਪਾਰਟੀ ਦਫ਼ਤਰ ਸਮਾਰਟ ਇਨਕਲੇਵ ਕਲੋਨੀ ਤਰਨ ਤਾਰਨ 'ਚ ਪ੍ਰੈੱਸ ਕਾਨਫਰੰਸ ਕਰਕੇ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਅਤੇ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਅਤੇ ਉਸਦੇ ਚਹੇਤਿਆਂ ਵੱਲੋਂ ਨਜਾਇਜ਼ ਕਬਜ਼ੇ ਕਰਨ ਵਿਰੁੱਧ ਅਤੇ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਵਿਰੁੱਧ 16 ਦਸੰਬਰ ਨੂੰ ਤਰਨ ਤਾਰਨ ਸ਼ਹਿਰ 'ਚ ਰੋਸ ਪ੍ਰਦਰਸ਼ਨ ਕਰਕੇ ਐੱਸਐੱਸਪੀ ਦਫ਼ਤਰ ਤਰਨਤਾਰਨ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਾਮਰੇਡ ਬਲਬੀਰ ਸੂਦ ਦੀ ਲੜਕੀ ਮਹਿਕ ਮੀਸ਼ਾ ਜੋ ਕਿ ਵਿਦੇਸ਼ ਅਮਰੀਕਾ ਵਿੱਚ ਰਹਿ ਰਹੀ ਹੈ, ਉਨ੍ਹਾਂ ਦੇ ਦੱਸਣ ਮੁਤਾਬਕ ਹਲਕਾ ਵਿਧਾਇਕ ਖਡੂਰ ਸਾਹਿਬ ਅਤੇ ਉਸਦੇ ਚਹੇਤਿਆਂ ਵੱਲੋਂ ਘਰ 'ਤੇ ਨਜਾਇਜ਼ ਕਬਜ਼ਾ ਕਰਨ ਲਈ ਗੁੰਡਾਗਰਦੀ ਕਰਦਿਆਂ ਦਰਵਾਜ਼ੇ ਦਾ ਤਾਲਾ ਤੋੜ ਕੇ ਹਵੇਲੀ ਵਿਚ ਅੰਦਰ ਵੜ ਕੇ ਲੱਗੇ ਦਰੱਖਤ ਕੱਟ ਦਿੱਤੇ ਜਿਸ ਦੇ ਸਬੰਧ ਵਿੱਚ ਪੁਲਸ ਦੇ ਉਚ ਅਧਿਕਾਰੀਆਂ ਨੂੰ ਵੀ ਲਿਖਤੀ ਸ਼ਕਾਇਤਾਂ ਕਰ ਚੁੱਕੇ ਹਾਂ ਪਰ ਅਜੇ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ।ਦਰਵਾਜ਼ੇ ਉਪਰ ਆਪਣੇ ਨਾਮ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਸਬੰਧ ਵਿੱਚ ਪ੍ਰੈੱਸ ਨੂੰ ਸਾਰੇ ਕਾਗਜ਼ ਪੱਤਰ ਵੀ ਪੇਸ਼ ਕੀਤੇ ।ਐੱਨ ਆਰ ਆਈ ਦੇ ਵਿਦੇਸ਼ ਵਿੱਚ ਹੋਣ ਦਾ ਲਾਭ ਉਠਾਉਂਦਿਆਂ ਘਰਾਂ ਅਤੇ ਜ਼ਮੀਨਾਂ, ਪਲਾਟਾਂ 'ਤੇ ਕਬਜ਼ੇ ਕੀਤੇ ਜਾ ਰਹੇ ਹਨ। ਇਨ੍ਹਾਂ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਨਜਾਇਜ਼ ਰਜਿਸਟਰੀਆਂ ਕਰਨ ਵਾਲੇ ਅਧਿਕਾਰੀਆਂ, ਪਟਵਾਰੀਆਂ, ਤਹਿਸੀਲਦਾਰਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਘਰ ਅਤੇ ਹਵੇਲੀ ਵਿੱਚ ਵੜ ਕੇ ਗੁੰਡਾਗਰਦੀ ਕਰਨ ਵਾਲੇ ਲੋਕਾਂ ਖਿਲਾਫ ਪਰਚਾ ਦਰਜ ਕੀਤਾ ਜਾਵੇ। ਜਥੇਬੰਦੀਆਂ ਅਤੇ ਪਾਰਟੀ ਆਗੂਆਂ ਨੇ ਪੱਤਰਕਾਰਾਂ ਨੂੰ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਐੱਮਐੱਲਏ ਵੱਲੋਂ ਨਜਾਇਜ਼ ਕਬਜ਼ੇ ਵਾਲੀ ਜਗ੍ਹਾ 'ਤੇ ਧੱਕੇ ਨਾਲ ਮੀਟਰ ਲਾਉਣ ਲਈ ਬਿਜਲੀ ਬੋਰਡ ਦੇ ਅਧਿਕਾਰੀਆਂ ਤੇ ਦਬਾਅ ਪਾਇਆ ਜਾ ਰਿਹਾ ਹੈ ।ਇਸ ਦੇ ਸਬੰਧ ਵਿੱਚ ਜਨਤਕ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਨਾਲ ਵੀ ਗੱਲਬਾਤ ਚੱਲ ਰਹੀ ਹੈ ।ਇਸ ਮੌਕੇ ਕਰਮ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੌਲ ਵੀ ਹਾਜ਼ਰ ਸਨ।

# ਤੇਲ-ਇਨ-ਸੀਰਮ ਜੋ ਵਾਲਾਂ ਨੂੰ ਮੁਲਾਇਮ ਤੇ ਚਮਕਦਾਰ ਬਣਾਉਂਦੈ

**ਲੁਧਿਆਣਾ** : ਵਿਟਾਮਿਨ ਈ ਨਾਲ ਭਰਪੂਰ ਇੱਕ ਤੇਲ-ਇਨ-ਸੀਰਮ ਤੁਹਾਡੇ ਵਾਲਾਂ ਨੂੰ ਨਿਰਵਿਘਨ, ਚਮਕਦਾਰ ਅਤੇ ਆਸਾਨੀ ਨਾਲ ਪਾਰਟੀ ਲਈ ਆਕਰਸ਼ਕ ਬਣਾਉਂਦਾ ਹੈ।ਇਸ ਦਾ ਹਲਕਾ-ਫੁਲਕਾ ਫਾਰਮੂਲਾ ਬਿਨਾਂ ਕਿਸੇ ਚਿਕਨਾਈ ਪੋਸ਼ਣ ਪ੍ਰਦਾਨ ਕਰਦਾ ਹੈ। ਇਹ ਵਾਲਾਂ ਦੀ ਰੋਜ਼ਾਨਾ ਦੇਖਭਾਲ ਅਤੇ ਪਾਰਟੀ ਸਟਾਈਲਿੰਗ ਦੋਵਾਂ ਲਈ ਸੰਪੂਰਨ ਹੈ।ਗਿੱਲੇ ਜਾਂ ਸੁੱਕੇ ਵਾਲਾਂ 'ਤੇ ਵਰਤਣ ਲਈ ਕਾਫ਼ੀ ਬਹੁਪੱਖੀ ਅਤੇ ਅੰਤਿਮ ਮਲਟੀਟਾਸਕਰ ਹੈ।ਸੀਰਮ ਵਿੱਚ ਇੱਕ ਸੀਰਮ ਵਾਲਾਂ ਅਤੇ ਦੇਖਭਾਲ ਅਤੇ ਪਾਰਟੀ ਸਟਾਈਲਿੰਗ ਦੇ ਨਾਲ ਤੇਲ ਦੇ ਪੋਸ਼ਣ ਨੂੰ ਜੋੜਨਾ ਤੁਹਾਡਾ ਹੱਲ ਹੈ। ਬਦਾਮ ਦੇ ਤੇਲ ਅਤੇ ਵਿਟਾਮਿਨ 'ਈ' ਨਾਲ ਭਰਪੂਰ ਇਸਦਾ ਅਲਟਰਾ-ਲਾਈਟ ਫਾਰਮੂਲਾ ਫ੍ਰੀਜ਼ ਨੂੰ ਨਿਯੰਤਰਿਤ ਕਰਦਾ ਹੈ, ਰੇਸ਼ਮੀ ਤੇ ਚਮਕਦਾਰ ਬਣਾਉਂਦਾ ਹੈ ਅਤੇ ਵਾਲਾਂ ਨੂੰ ਬਿਨਾਂ ਭਾਰੇ ਕੀਤੇ ਨਿਰਵਿਘਨ ਅਤੇ ਸੁਲਝਿਤ ਰੱਖਦਾ ਹੈ।ਰੇਸ਼ਮੀ ਚਮਕਦਾਰ ਦਿੱਖ ਲਈ ਗਿੱਲੇ ਵਾਲਾਂ 'ਤੇ ਇਸ ਤੇਲ ਦੀਆਂ 2-3 ਬੂੰਦਾਂ ਰੋਜ਼ਾਨਾ ਲਗਾਓ।

# ਸਾਇੰਸ, ਹਿਸਾਬ ਤੇ ਸਮਾਜਕ ਵਿਸ਼ਿਆਂ ਸੰਬੰਧੀ ਬਣਾਏ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਪ੍ਰਿੰ. ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਮਾਤਾ-ਪਿਤਾ ਮਿਲਣੀ ਦੇ ਨਾਲ ਸਾਇੰਸ, ਹਿਸਾਬ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੀ ਪ੍ਰਦਰਸ਼ਨੀ ਕਰਵਾਈ ਗਈ ਜਿਸ ਵਿੱਚ ਜਮਾਤ ਤੀਸਰੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੇ ਮੈਡਮ ਸੋਨੀਆ ਸ਼ਰਮਾ, ਮੈਡਮ ਆਰਤੀ ਮਹਾਜਨ ਅਤੇ ਮੈਡਮ ਨੇਹਾ ਖੁੱਲਰ ਦੀ ਯੋਗ ਅਗਵਾਈ ਵਿੱਚ ਵੱਖ-ਵੱਖ ਵਿਸ਼ਿਆਂ ਦੇ ਮਾਡਲ ਤਿਆਰ ਕੀਤੇ। ਆਏ ਹੋਏ ਮਹਿਮਾਨਾਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ।ਇਸ ਤਰ੍ਹਾਂ ਖੇਡ ਵਿਧੀ ਰਾਹੀਂ ਬੱਚਿਆਂ ਦੇ ਗਿਆਨ ਵਿੱਚ ਵਾਧਾ ਹੋਇਆ ਤੇ ਉਹਨਾਂ ਦਾ ਆਤਮਵਿਸ਼ਵਾਸ ਵਧਿਆ।ਆਏ ਮਹਿਮਾਨਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ।ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਕੰਮ ਦੀ ਸ਼ਲਾਘਾ ਕੀਤੀ ਤੇ ਬੱਚਿਆਂ ਦੇ ਮਾਂ-ਬਾਪ ਦੇ ਸਹਿਯੋਗ ਲਈ ਉਹਨਾਂ ਦਾ ਧੰਨਵਾਦ ਕੀਤਾ।

# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਭੈਣੀ ਮੀਆਂ ਖਾਂ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅੰਗਰੇਜ ਸਿੰਘ ਪੁੱਤਰ ਤਸਬੀਰਾ ਸਿੰਘ ਵਾਸੀ ਮੋਚਪੁਰ ਨੇ ਦੱਸਿਆ ਕਿ 18 ਨਵੰਬਰ ਨੂੰ ਸਮਾਂ 3 ਵਜੇ ਦੇ ਕਰੀਬ ਮੈਂ ਆਪਣੇ ਘਰ ਦੇ ਬਾਹਰ ਗਲੀ ਵਿੱਚ ਖੜਾ ਸੀ ਕਿ ਸੋਹ ਸਿੰਘ ਪੁੱਤਰ ਕੁੰਨਣ ਸਿੰਘ, ਅਮਰ ਸਿੰਘ, ਗੁਰਮੀਤ ਸਿੰਘ ਪੁੱਤਰਾਨ ਸੋਹਨ ਸਿੰਘ ਵਾਸੀ ਮੋਚਪੁਰ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਜ਼ਖਮੀ ਕਰ ਦਿੱਤਾ। ਪੀੜਤ ਸਿਵਲ ਹਸਪਤਾਲ ਭੈਣੀ ਮੀਆਂ ਖਾਂ ਵਿਖੇ ਜ਼ੇਰੇ ਇਲਾਜ ਹੈ। ਲੜਾਈ ਦੀ ਵਜਾ ਰੰਜਿਸ਼ ਦੱਸੀ ਜਾ ਰਹੀ ਹੈ। ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 115 (2), 118 (1), 3 (5) ਬੀ.ਐੱਨ.ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਅਵਤਾਰ ਦਿਹਾੜਾ ਮਨਾਇਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਐੱਮ. ਡੀ. ਕੁਲਜੀਤ ਸਿੰਘ ਬਾਠ ਦੀ ਅਗਵਾਈ ਹੇਠ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪਵਿੱਤਰ ਪਾਵਨ ਅਵਤਾਰ ਦਿਹਾੜਾ ਮਨਾਇਆ ਗਿਆ, ਪਰਸੋਂ ਤੋਂ ਆਰੰਭ ਕੀਤੇ ਗਏ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ ਨੇ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਸਰਵਨ ਕਰਵਾਏ ਉਪਰੰਤ ਕੁਲਜੀਤ ਸਿੰਘ ਬਾਠ, ਮੈਡਮ ਕੁਲਵੰਤ ਕੌਰ ਬਾਠ ਨੇ ਬੱਚਿਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਮਿਹਨਤੀ ਸਟਾਫ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਮਨਜੀਤ ਕੌਰ, ਪ੍ਰਿੰਸੀਪਲ ਰਿਤੂ ਖਨੇਜਾ, ਪ੍ਰਿੰਸੀਪਲ ਮਨਪ੍ਰੀਤ ਕੌਰ, ਡੀ. ਪੀ. ਬਲਦੇਵ ਸਿੰਘ ਨੇ ਬਾਖੂਬੀ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਇਸ ਮੌਕੇ ਕੁਲਜੀਤ ਸਿੰਘ ਬਾਠ ਨੇ ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ।ਗੁਰੂ ਦਾ ਅਟੁੱਟ ਲੰਗਰ ਵਰਤਿਆ ।

# ਅਵਤਾਰ ਸਿੰਘ ਮੰਨਣ ਨੂੰ ਸਦਮਾ, ਪਿਤਾ ਦਾ ਦਿਹਾਂਤ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਮੰਨਣ ਇਕਾਈ ਦੇ ਕਿਸਾਨ ਆਗੂ



ਅਵਤਾਰ ਸਿੰਘ ਮੰਨਣ ਦੇ ਪਿਤਾ ਸੁਖਵੰਤ ਸਿੰਘ ਮੰਨਣ ਦਾ ਅਚਨਚੇਤ ਦਿਹਾਂਤ ਹੋ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਮੰਨਣ ਵਿਖੇ ਕਰ ਦਿੱਤਾ ਗਿਆ।ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਪੁੱਤਰ ਨੇ ਦਿਖਾਈ। ਕਿਸਾਨ ਆਗੂ ਸੁਖਵੰਤ ਸਿੰਘ ਮੰਨਣ ਪਿੰਡ ਦੀ ਇਕਾਈ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨਾਲ ਕਾਫੀ ਲੰਮੇ ਅਰਸੇ ਤੋਂ ਜੁੜੇ ਹੋਏ ਸਨ ਤੇ ਹਰ ਸੰਘਰਸ਼ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜ ਦੇ ਸਨ। ਪੀੜਤ ਪਰਿਵਾਰ ਨਾਲ ਪ੍ਰਧਾਨ ਸੁਖਬੀਰ ਸਿੰਘ ਮੰਨਣ, ਮੀਤ ਪ੍ਰਧਾਨ ਹਰਜੀਤ ਸਿੰਘ ਮੰਨਣ ਨੇ ਦੁੱਖ ਸਾਂਝਾ ਕੀਤਾ। ਇਸ ਮੌਕੇ ਪਿੰਡ ਇਕਾਈ ਮੰਨਣ ਵੱਲੋਂ ਸੁਖਵੰਤ ਸਿੰਘ ਮੰਨਣ ਦੀ ਮ੍ਰਿਤਕ ਦੇਹ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਕਿਸਾਨੀ ਝੰਡਾ ਪਾ ਕੇ ਸ਼ਰਧਾਂਜਲੀ ਦਿੱਤੀ ਗਈ।

# ਐੱਸੀ ਐੱਸ ਟੀ ਦੇ ਸਾਢੇ ਬਾਰਾਂ ਫੀਸਦੀ ਕੋਟੇ ਨੂੰ ਲਾਗੂ ਕਰਨ ਦੀ ਮੰਗ





**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਬਹੁਜਨ ਸਮਾਜ ਪਾਰਟੀ ਅੰਬੇਡਕਰ ਪਾਰਟੀ ਦੇ ਪੰਜਾਬ ਪ੍ਰਧਾਨ ਕਵਲਜੀਤ ਸਿੰਘ ਸਹੋਤਾ ਦੀ ਅਗਵਾਈ ਹੇਠ ਐਸੀ ਐੱਸਟੀ ਦੇ ਸਾਢੇ 12 ਪ੍ਰਤੀਸ਼ਤ ਕੋਟੇ ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ! ਅਜਨਾਲਾ ਦੇ ਡੇਰਾ ਬਾਬਾ ਨਾਨਕ ਰੋਡ ਸਕੀ ਵਾਲਾ ਪੁਲ ਤੋਂ ਦਰਜਨਾਂ ਦੀ ਗਿਣਤੀ ਵਿੱਚ ਬਸਪਾ ਦੇ ਕਾਰਕੁਨਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਐੱਸੀ ਐੱਸਟੀ ਦੇ ਸਾਢੇ 12 ਪ੍ਰਤੀਸ਼ਤ ਕੋਟੇ ਨੂੰ ਪੰਜਾਬ ਵਿੱਚ ਲਾਗੂ ਕੀਤਾ ਜਾਵੇ । ਇਸ ਸਬੰਧੀ ਗੱਲਬਾਤ ਕਰਦਿਆਂ ਬਸਪਾ ਅੰਬੇਡਕਰ ਪਾਰਟੀ ਦੇ ਪੰਜਾਬ ਪ੍ਰਧਾਨ ਕਵਲਜੀਤ ਸਿੰਘ ਸਹੋਤਾ ਨੇ ਕਿਹਾ ਮਾਨਯੋਗ ਸੁਪਰੀਮ ਕੋਰਟ ਨੇ ਕਿਹਾ ਸੀ ਕੀ ਵਾਲਮੀਕੀ ਅਤੇ ਮਜ਼ ਬੀ ਸਿੰਘਾਂ ਦੀ ਵੱਧਦੀ ਆਬਾਦੀ ਨੂੰ ਵੇਖ ਕੇ ਸਾਢੇ ਬਾਰਾਂ ਪ੍ਰਤੀਸ਼ਤ ਕੋਟੇ ਨੂੰ ਸਾਰੇ ਸੂਬੇ ਲਾਗੂ ਕਰਨ! ਉਹਨਾਂ ਅੱਗੇ ਕਿਹਾ ਅਸੀਂ ਇਕ ਅਗਸਤ ਤੋਂ ਪੂਰੇ ਪੰਜਾਬ ਵਿੱਚ ਹਰ ਵਿਧਾਨ ਸਭਾ ਵਿੱਚ ਐੱਸਡੀਐੱਮ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਮੰਗ ਪੱਤਰ ਦਿੱਤਾ ਜਾ ਰਿਹਾ! ਅੱਜ ਅਸੀਂ ਅਜਨਾਲਾ ਵਿਧਾਨ ਸਭਾ ਵਿੱਚ ਐੱਸਡੀਐੱਮ ਨੂੰ ਮੰਗ ਪੱਤਰ ਦੇਣ ਪਹੁੰਚੇ ਹਨ! ਉਹਨਾਂ ਅੱਗੇ ਕਿਹਾ ਕਿ ਜੇਕਰ ਸਾਡੀ ਇਹ ਮੰਗ ਪੂਰੀ ਨਹੀਂ ਹੁੰਦੀ ਤਾਂ ਪਹਿਲਾਂ ਅਸੀਂ ਸਟੇਟ ਪੱਧਰ ਤੇ ਬਾਅਦ ਜ਼ਿਲਾ ਪੱਧਰ 'ਤੇ ਡੀਸੀ ਸਾਹਿਬਾਨ ਨੂੰ ਮੰਗ ਪੱਤਰ ਦਿੱਤੇ ਜਾਣਗੇ। ਜੇਕਰ ਸਾਡੀ ਮੰਗ ਫਿਰ ਵੀ ਪੂਰੀ ਨਹੀਂ ਹੁੰਦੀ ਤਾਂ ਚੰਡੀਗੜ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

# ਸ਼ਹਿਰ ਦੀਆਂ ਦੋ ਵਾਰਡਾਂ ਦੀ ਜ਼ਿਮਨੀ ਚੋਣ 'ਆਪ' ਸ਼ਾਨ ਨਾਲ ਜਿੱਤੇਗੀ : ਧਾਲੀਵਾਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਅਜਨਾਲਾ ਸ਼ਹਿਰ ਵਿੱਚ ਨਗਰ ਪੰਚਾਇਤ ਅਜਨਾਲਾ ਦੀਆਂ ਦੋ ਵਾਰਡਾਂ ਵਾਰਡ ਨੰਬਰ 5 ਅਤੇ 7 ਦੀ ਹੋਣ ਜਾ ਰਹੀ ਜ਼ਿਮਨੀ ਚੋਣ ਆਮ ਪਾਰਟੀ ਜਿੱਤੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਨੂੰਹ ਐਡਵੋਕੇਟ ਅਨਮਦੀਪ ਕੌਰ ਧਾਲੀਵਾਲ ਨੇ ਕਹੇ। ਉਹਨਾਂ ਨੇ ਵਾਰਡ ਨੰਬਰ 7 ਵਿੱਚ ਇੱਕ ਚੋਣ ਮੀਟਿੰਗ ਕੀਤੀ ਅਤੇ ਵਾਰਡ ਨੰਬਰ 7 ਵਿੱਚ ਕਹੇ। ਉਹਨਾਂ ਨੇ ਕਿਹਾ ਜਿੰਨਾ ਵਿਕਾਸ ਅਜਨਾਲੇ ਹਲਕੇ ਦਾ ਅਤੇ ਅਜਨਾਲੇ ਸ਼ਹਿਰ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਹੋਇਆ ਹੈ ਉਨਾ ਵਿਕਾਸ ਪੰਜਾਬ ਸਾਲ ਵਿੱਚ ਕਿਸੇ ਵੀ ਸਰਕਾਰ ਨੇ ਨਹੀਂ ਕੀਤਾ। ਅਜਨਾਲੇ ਸ਼ਹਿਰ ਦੇ ਅਮਨ ਪਸੰਦ ਲੋਕ ਆਮ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾ ਕੇ ਨਗਰ ਪੰਚਾਇਤ ਦੇ ਮੈਂਬਰ ਬਣਾਉਣਗੇ। ਇਸ ਮੌਕੇ ਅਜਨਾਲਾ ਸ਼ਹਿਰੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਿਤ ਔਲ, ਕੌਂਸਲਰ ਰਾਜਬੀਰ ਕੌਰ ਚਾਹਲ, ਕੌਂਸਲਰ ਅਵਿਨਾਸ਼ ਮਸੀਹ, ਕੌਂਸਲਰ ਰਮਿੰਦਰ ਕੌਰ ਮਾਹਲ, ਨੀਲਮ ਰਾਣੀ, ਬਲਜਿੰਦਰ ਸਿੰਘ ਮਾਹਲ, ਅਮਿਤ ਪੁਰੀ, ਇੰਦਰਪਾਲ ਸਿੰਘ ਸ਼ਾਹ. ਹਰਮੀਤ ਸਿੰਘ ਲਾਡੀ ਸੰਧੂ, ਸੁਖਵਿੰਦਰ ਸਿੰਘ ਨਾਗੀ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਕਾਬਲ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਬੀਬੀ ਸਰਬਜੀਤ ਕੌਰ, ਕਾਦਰ ਮਸੀਹ, ਹੀਰਾ ਨੰਗਲ, ਗੁਰਦੇਵ ਸਿੰਘ, ਹੈਪੀ ਗਿੱਲ, ਸ਼ਿਵ ਔਲ, ਸੰਜੀਵ ਔਲ, ਸ਼ਰਸ਼ਾਦ ਔਲ, ਵਿਕਰਮ ਕੁਮਾਰ, ਮੰਗਾ ਭੱਠੇ ਵਾਲੇ, ਗੁਰਜੀਤ ਨਗੀਨਾ, ਭੱਟੀ ਸਾਹਿਬ ਆਦੀ ਹਾਜ਼ਰ ਸਨ।

# ਸੱਤਿਆ ਭਾਰਤੀ ਸਕੂਲ ਦਾ ਸ਼ਾਨਦਾਰ ਉਪਰਾਲਾ, ਪੰਚਾਇਤੀ ਜ਼ਮੀਨ ਨੂੰ ਬਣਾਇਆ ਖੇਡ ਦਾ ਮੈਦਾਨ





**ਮਜੀਠਾ (ਸੋਇਮ ਆਨੰਦ)**-ਪਿੰਡ ਉਮਰਪੁਰਾ ਦੇ ਸੱਤਿਆ ਭਾਰਤੀ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਉਮਰਪੁਰਾ ਦੇ ਇਲਾਕੇ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿੱਢ ਵਾਤਾਵਰਨ ਦੀ ਸ਼ੁੱਧਤਾ ਲਈ ਜਾਗਰੂਕਤਾ ਰੈਲੀਆਂ ਕੱਢਣ ਸਮੇਤ ਕਈ ਵੱਖ-ਵੱਖ ਤਰ੍ਹਾਂ ਦੇ ਕੀਤੇ ਗਏ ਉਪਰਾਲਿਆਂ ਵੱਲੋਂ ਰੰਗ ਲਿਆਉਂਦਿਆਂ ਸੱਤਿਆ ਭਾਰਤੀ ਸਕੂਲ ਨਾਲ ਲਗਦੀ ਖਾਲੀ ਪਈ ਪੰਚਾਇਤੀ ਜ਼ਮੀਨ ਵਿੱਚ ਜਿਥੇ ਪਿੰਡ ਵਾਸੀਆਂ ਵਲੋਂ ਕੂੜਾ ਕਰਕਟ ਸੁਟਿਆ ਜਾਂਦਾ ਸੀ ਤੇ ਬਰਸਾਤ ਦੇ ਮੌਸਮ ਵਿੱਚ ਪਾਣੀ ਇਕੱਠਾ ਹੋਣ ਨਾਲ ਬਦਬੂ ਆਉਂਦੀ ਸੀ, ਜਿਸ ਨਾਲ ਬੀਮਾਰੀਆਂ ਫੈਲਣ ਦਾ ਡਰ ਬਣਿਆ ਰਹਿਦਾ ਸੀ ਉਸ ਦੀ ਸਫਾਈ ਕਰਵਾ ਕੇ ਇਸ ਪੰਚਾਇਤੀ ਜ਼ਮੀਨ ਨੂੰ ਖੇਡ ਦੇ ਮੈਦਾਨ ਵਿੱਚ ਬਦਲ ਦਿੱਤਾ ਗਿਆ, ਜਿਸ ਨਾਲ ਪਿੰਡ ਵਾਸੀਆਂ ਤੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਹੈ।ਸਕੂਲ ਦੀ ਮੁੱਖ ਅਧਿਆਪਕਾ ਪਰਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ, ਸਕੂਲ ਕਮੇਟੀ ਮੈਂਬਰਾਂ, ਵਿਦਿਆਰਥੀਆਂ ਦੇ ਮਾਪਿਆਂ ਤੇ ਹੋਰ ਪਿੰਡ ਵਾਸੀਆਂ ਵਲੋਂ ਪਿੰਡ ਦੀ ਸਰਪੰਚ ਮਨਜੀਤ ਕੌਰ ਤੇ ਸਮੁੱਚੀ ਪੰਚਾਇਤ ਦੀ ਸਹਿਮਤੀ ਨਾਲ ਇਸ ਜ਼ਮੀਨ ਦੀ ਸਫਾਈ ਕਰਵਾ ਕੇ ਖੇਡ ਮੈਦਾਨ ਬਣਾਇਆ ਗਿਆ ਹੈ, ਜਿਥੇ ਅੱਜ ਸਕੂਲ ਦੇ ਵਿਦਿਆਰਥੀ ਤੇ ਪਿੰਡ ਦੇ ਨੌਜਵਾਨ ਵਾਲੀਬਾਲ ਤੇ ਹੋਰ ਕਈ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਨ।ਉਨ੍ਹਾਂ ਨੇ ਇਸ ਸਬੰਧੀ ਸਮੁੱਚੀ ਪੰਚਾਇਤ ਤੇ ਪਿੰਡ ਵਾਸੀਆਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਮੁੱਖ ਅਧਿਆਪਕਾ ਪਰਮਿੰਦਰ ਕੌਰ, ਕਲਸਟਰ ਕੋਆਰਡੀਨੇਟਰ ਰਮਨੀਕ ਸਿੰਘ, ਸੁਖਜਿੰਦਰ ਕੌਰ, ਸਵਰੀਤ ਕੌਰ, ਰਾਜਵਿੰਦਰ ਕੌਰ, ਮਨੋਰਤਾ, ਕੰਚਨ, ਸਰਪੰਚ ਮਨਜੀਤ ਕੌਰ, ਪੰਚ ਗੁਲਜਾਰ ਸਿੰਘ, ਪੰਚ ਹਰਪ੍ਰੀਤ ਸਿੰਘ, ਪੰਚ ਡਾ. ਹਰਜਿੰਦਰ ਸਿੰਘ ਲੱਕੀ ਆਦਿ ਹਾਜ਼ਰ ਸਨ।

# ਸਵੇਰ ਸਾਰ ਪਿੰਡਾਂ 'ਚ ਲੱਗਦੇ ਬਿਜਲੀ ਦੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**-ਜਿਲ੍ਹਾ ਗੁਰਦਾਸਪੁਰ ਨਾਲ ਲੱਗਦੇ ਪਿੰਡਾਂ ਵਿੱਚ ਸਵੇਰ ਸਮੇਂ ਬਿਜਲੀ ਦੇ ਲੰਬੇ ਲੰਬੇ ਕੱਟ ਲੱਗਣ ਨਾਲ ਆਮ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੱਲਬਾਤ ਕਰਦਿਆਂ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਸਵੇਰ ਸਮੇਂ ਬੱਚਿਆਂ ਦੇ ਸਕੂਲ ਜਾਣ ਦਾ, ਦਫਤਰਾਂ ਵਿੱਚ ਜਾਣ ਦਾ ਸਮਾਂ ਅਤੇ ਹੋਰ ਘਰੇਲੂ ਕੰਮ ਕਾਰ ਕਰਨ ਲਈ ਬਿਜਲੀ ਦੀ ਸਖ਼ਤ ਲੋੜ ਹੁੰਦੀ ਹੈ ਜਦੋਂ ਕਿ ਬਿਜਲੀ ਵਿਭਾਗ ਵਲੋਂ ਸਵੇਰ ਸਮੇਂ ਲੰਬੇ ਕੱਟ ਲਗਾ ਦਿੱਤੇ ਜਾਂਦੇ ਹਨ ਜਿਸ ਨਾਲ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਸਵੇਰ ਸਮੇਂ ਅਣਐਲਾਨੇ ਬਿਜਲੀ ਦੇ ਕੱਟ ਲਗਾ ਕੇ ਵਿਭਾਗ ਵੱਲੋਂ ਲੋਕਾਂ ਨੂੰ ਜਾਣ ਬੁਝ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਵਿਭਾਗ ਵੱਲੋਂ ਕੋਈ ਜ਼ਰੂਰੀ ਮੁਰੰਮਤ ਕੀਤੀ ਜਾਣੀ ਹੈ ਤਾਂ ਉਸ ਨੂੰ ਸਵੇਰ ਦਾ ਸਮਾਂ ਛੱਡ ਕੇ ਦੁਪਹਿਰ ਜਾਂ ਫਿਰ ਦੁਪਹਿਰ ਤੋਂ ਬਾਅਦ ਕਿਸੇ ਵੇਲੇ ਵੀ ਬਿਜਲੀ ਬੰਦ ਕਰਕੇ ਮੁਰੰਮਤ ਕਰਨੀ ਚਾਹੀਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਸਵੇਰ ਸਮੇਂ ਬਿਜਲੀ ਜਾਣ ਨਾਲ ਜਿੱਥੇ ਪਾਣੀ ਦੀ ਕਿੱਲਤ ਆਉਂਦੀ ਹੈ ਉੱਥੇ ਹੀ ਕੱਪੜੇ ਪ੍ਰੈੱਸ ਕਰਨ ਤੋਂ ਇਲਾਵਾ ਪਾਣੀ ਗਰਮ ਕਰਨ ਵਿੱਚ ਵੀ ਕਾਫੀ ਮੁਸ਼ਕਿਲ ਆਉਂਦੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ ਇਨਵਰਟਰ ਨਹੀਂ ਹਨ, ਉਨ੍ਹਾਂ ਘਰਾਂ ਵਿਚ ਸਵੇਰ ਸਮੇਂ ਹਨੇਰ ਘੁੱਪ ਹੋ ਜਾਂਦਾ ਹੈ। ਲੋਕਾਂ ਨੇ ਬਿਜਲੀ ਵਿਭਾਗ ਪਾਸੋਂ ਮੰਗ ਕੀਤੀ ਕਿ ਸਵੇਰ ਸਮੇਂ ਬਿਜਲੀ ਦੇ ਕੱਟ ਬੰਦ ਕੀਤਾ ਜਾਣ। ਉਨ੍ਹਾਂ ਕਿਹਾ ਜੇਕਰ ਵਿਭਾਗ ਨੇ ਸਵੇਰ ਸਮੇਂ ਬਿਜਲੀ ਦੇ ਕੱਟ ਲਗਾਉਣੇ ਬੰਦ ਨਾ ਕੀਤੇ ਤਾਂ ਲੋਕਾਂ ਨੂੰ ਮਜਬੂਰਨ ਵਿਭਾਗ ਖ਼ਿਲਾਫ਼ ਆਵਾਜ਼ ਉਠਾਉਣੀ ਪਵੇਗੀ।

# ਸੰਤ ਬਾਬਾ ਸੇਵਾ ਸਿੰਘ ਗੁਰੂ ਕੀ ਬੇਰ ਸਾਹਿਬ ਵਾਲਿਆਂ ਦੀ 32ਵੀਂ ਬਰਸੀ ਮਨਾਈ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਅਮਰ ਸ਼ਹੀਦ ਸੰਤ ਬਾਬਾ ਸੇਵਾ ਸਿੰਘ ਜੀ ਤੇ ਸ਼ਹੀਦ ਭਾਈ ਗੁਰਮੇਜ ਸਿੰਘ ਸਾਧਪੁਰ ਦੀ ਨਿੱਘੀ ਯਾਦ ਨੂੰ ਸਮਰਪਿਤ 32ਵੀਂ ਬਰਸੀ ਸਮਾਗਮ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ ਮਨਾਇਆ ਗਿਆ, ਜਿਸ ਵਿੱਚ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਭੰਡਾਲ 'ਚ ਦੀਵਾਨ ਸਜਾਏ ਗਏ ਜਿਸ ਵਿੱਚ ਕਵੀਸ਼ਰ ਜਥਾ ਭਾਈ ਮੱਖਣ ਸਿੰਘ ਜੀ ਦਸ਼ਮੇਸ਼ ਨਗਰ, ਭਾਈ ਭਗਤ ਸਿੰਘ ਭਿੱਟੇਵੱਡ ਗੁਰਦਾਸਪੁਰੀ ਕਵੀਸ਼ਰੀ ਜਥੇ ਨੇ ਗੁਰ ਇਤਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਬਾਬਾ ਗੁਰਦੇਵ ਸਿੰਘ ਡੇਰਾ ਭਗਤਾਂ ਤਰਸਿੱਕਾ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਮਹਿਤਾ, ਸੰਤ ਬਾਬਾ ਸਰਦਾਰਾ ਸਿੰਘ ਮੱਖਣਵਿੰਡੀ ਵਾਲੇ, ਬਾਬਾ ਗੁਰਦਿਆਲ ਸਿੰਘ ਰੋੜੀ ਸਾਹਿਬ ਕਾਲੇਕੇ ਅਤੇ ਹੋਰ ਸੰਤ ਮਹਾਂਪੁਰਸ਼ਾਂ ਅਤੇ ਸੰਗਤਾਂ ਹਾਜ਼ਰੀ ਲਗਵਾਈ।ਇਸ ਮੌਕੇ ਬਲੱਡ ਸੈਂਟਰ ਐੱਮ. ਐੱਸ. ਕੇਡੀ ਗਣੇਸ਼ਾ ਹਸਪਤਾਲ ਅੰਮ੍ਰਿਤਸਰ ਵੱਲੋਂ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ।ਇਸ ਮੌਕੇ ਨਰਿੰਦਰ ਸਿੰਘ ਭੋਏ, ਸਰਪੰਚ ਰਣਧੀਰ ਸਿੰਘ ਬਾਠ ਭੋਏ, ਐਡਵੋਕੇਟ ਬਿਕਰਮਜੀਤ ਸਿੰਘ ਬਾਠ, ਰਣਜੀਤ ਸਿੰਘ ਰਾਣਾ, ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ, ਬਾਬਾ ਰਾਜਾ, ਪ੍ਰਿੰਸੀਪਲ ਗੁਰਸੇਵਕ ਸਿੰਘ, ਜਗਰੂਪ ਸਿੰਘ ਬੋਪਾਰਾਏ, ਬਾਜ ਸਿੰਘ, ਜੋਬਨ ਸਿੰਘ, ਮੇਜਰ ਸਿੰਘ, ਅਜੇਪਾਲ ਸਿੰਘ, ਗੁਰਪ੍ਰੀਤ ਸਿੰਘ ਗੋਪੀ ਮੱਤੇਵਾਲ ਆਦਿ ਸੇਵਾਦਾਰ ਵੀ ਸੰਗਤਾਂ ਵਿੱਚ ਹਾਜ਼ਰ ਸਨ।

# 'ਮੁੱਖ ਮੰਤਰੀ ਰਾਹਤ ਫੰਡ' 'ਚੋਂ ਪੀੜਤ ਪਰਿਵਾਰ ਨੂੰ ਦੋ ਲੱਖ ਰੁਪਏ ਭੇਟ



**ਗੁਰਦਾਸਪੁਰ, (ਜਨਕ ਮਹਾਜਨ)**-ਬੀਤੇ ਦਿਨੀਂ ਗੁਰਦਾਸਪੁਰ ਦੇ ਰਹਿਣ ਵਾਲੇ ਸਵ. ਆਸ਼ੂਤੋਸ਼ ਦੀ ਇਲਾਜ ਦੌਰਾਨ ਇੱਕ ਨਿੱਜੀ ਹਸਪਤਾਲ ਦੀ ਅਣਗਹਿਲੀ ਕਾਰਨ ਮੌਤ ਹੋ ਗਈ ਸੀ। ਇਸ ਦੁੱਖ ਦੀ ਘੜੀ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਕੋਲ 'ਆਪ' ਆਗੂ ਚੇਅਰਮੈਨ ਰਮਨ ਬਹਿਲ ਵਲੋਂ ਅਰਜ਼ੋਈ ਕੀਤੀ ਗਈ ਸੀ ਜਿਸ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਵੱਲੋਂ ਪਰਿਵਾਰ ਨੂੰ 2 ਲੱਖ ਰੁਪਏ ਦੀ ਆਰਥਿਕ ਸਹਾਇਤਾ ਲਈ 'ਮੁੱਖ ਮੰਤਰੀ ਰਾਹਤ ਫੰਡ' ਵਿੱਚੋਂ ਜਾਰੀ ਕੀਤੇ ਗਏ। ਚੇਅਰਮੈਨ ਰਮਨ ਬਹਿਲ ਨੇ ਮੁੱਖ ਮੰਤਰੀ ਰਾਹਤ ਫ਼ੰਡ ਵਿਚੋਂ ਆਈ 2 ਲੱਖ ਰੁਪਏ ਦੀ ਰਾਸ਼ੀ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਪੀੜਤ ਪਰਿਵਾਰ ਨੂੰ ਸੌਂਪਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਦੁੱਖ ਦਰਦ ਵਿਚ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਪੀੜਤ ਪਰਿਵਾਰ ਨਾਲ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਆਸ਼ੂਤੋਸ਼ ਦੀ ਭਰਪਾਈ ਤਾਂ ਉਹ ਪੂਰੀ ਨਹੀਂ ਕਰ ਸਕਦੇ ਪਰ ਪੂਰਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਖੜ੍ਹੀ ਰਹੇਗੀ। ਉਨ੍ਹਾਂ ਕਿਹਾ ਆਸ਼ੂਤੋਸ਼ ਦੇ ਬੱਚਿਆਂ ਨੂੰ ਵਧੀਆ ਸਿੱਖਿਆ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਪਰਿਵਾਰ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

# ਚੇਅਰਮੈਨ ਸੇਖਵਾਂ ਨੇ ਡੱਲਾ ਗੋਰੀਆਂ ਸੈਨਿਕ ਸਕੂਲ ਨੂੰ ਜਲਦ ਖੋਲ੍ਹਣ ਦਾ ਮੁੱਦਾ ਉਠਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਜ਼ਿਲਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਪਿੰਡ ਡੱਲਾ ਗੋਰੀਆਂ ਵਿਖੇ ਮਨਜ਼ੂਰ ਹੋਏ ਸੈਨਿਕ ਸਕੂਲ ਨੂੰ ਜਲਦ ਖੋਲ ਣ ਦਾ ਮੁੱਦਾ ਸੂਬੇ ਦੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਮੰਤਰੀ ਮਹਿੰਦਰ ਭਗਤ ਕੋਲ ਚੁੱਕਿਆ।ਚੰਡੀਗੜ ਵਿਖੇ ਕੈਬਨਿਟ ਮੰਤਰੀ ਮਹਿੰਦਰ ਭਗਤ ਨਾਲ ਮੁਲਾਕਾਤ ਕਰਕੇ ਐਡਵੋਕੇਟ ਜਗਰੂਪ ਸਿੰਘ ਨੇ ਕਿਹਾ ਕਿ ਸਾਲ 2010 ਵਿੱਚ ਜਦੋਂ ਉਨ੍ਹਾਂ ਦੇ ਪਿਤਾ ਸਵਰਗਵਾਸੀ ਜਥੇਦਾਰ ਸੇਵਾ ਸਿੰਘ ਸੇਖਵਾਂ ਰੱਖਿਆ ਸੇਵਾਵਾਂ ਵਿਭਾਗ ਦੇ ਮੰਤਰੀ ਸਨ ਉਦੋਂ ਉਨ੍ਹਾਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਡੱਲਾ ਗੋਰੀਆਂ ਵਿਖੇ ਸੈਨਿਕ ਸਕੂਲ ਮਨਜ਼ੂਰ ਕੀਤਾ ਗਿਆ ਸੀ।ਇਸ ਸਕੂਲ ਲਈ ਉਸ ਵੇਲੇ ਸਰਕਾਰ ਵੱਲੋਂ 40 ਏਕੜ ਜ਼ਮੀਨ ਐਕਵਾਇਰ ਕਰਨ ਦੇ ਨਾਲ 50 ਲੱਖ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਸੀ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਬੀਤੀਆਂ ਸਰਕਾਰਾਂ ਵੱਲੋਂ ਸੈਨਿਕ ਸਕੂਲ ਦੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ ਗਈ ਜਿਸ ਕਾਰਨ ਇਹ ਪ੍ਰੋਜੈਕਟ ਠੰਡੇ ਬਸਤੇ ਹੀ ਪਿਆ ਰਿਹਾ।ਉਨ੍ਹਾਂ ਕਿਹਾ ਕਿ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਨੌਜਵਾਨ ਹਮੇਸ਼ਾ ਹੀ ਦੇਸ਼ ਦੀਆਂ ਰੱਖਿਆ ਸੈਨਾਵਾਂ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਦੇ ਰਹੇ ਹਨ ਅਤੇ ਜ਼ਿਲੇ ਦੇ ਨੌਜਵਾਨਾਂ ਲਈ ਸੈਨਿਕ ਸਕੂਲ ਦੀ ਬਹੁਤ ਲੋੜ ਹੈ।ਚੇਅਰਮੈਨ ਸੇਖਵਾਂ ਨੇ ਕਿਹਾ ਕਿ ਸੈਨਿਕ ਸਕੂਲ ਲਈ 50 ਲੱਖ ਰੁਪਏ ਦੀ ਰਾਸ਼ੀ ਵੀ ਡਿਪਟੀ ਕਮਿਸ਼ਨਰ ਦੇ ਖਾਤੇ ਵਿੱਚ ਪਈ ਹੋਈ ਹੈ ਪਰ ਕੁਝ ਮਾਮੂਲੀ ਤਕਨੀਕੀ ਕਾਰਨਾਂ ਕਰਕੇ ਸੈਨਿਕ ਸਕੂਲ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ।ਸ. ਸੇਖਵਾਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵੀ ਮੁਲਾਕਾਤ ਕੀਤੀ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਸੈਨਿਕ ਸਕੂਲ ਦੇ ਪ੍ਰੋਜੈਕਟ ਵਿੱਚ ਜੋ ਵੀ ਤਕਨੀਕੀ ਅੜਚਣਾਂ ਹਨ ਉਨ੍ਹਾਂ ਨੂੰ ਦੂਰ ਕਰਕੇ ਜਲਦ ਇਸ ਪ੍ਰੋਜੈਕਟ ਨੂੰ ਸ਼ੁਰੂ ਕੀਤਾ ਜਾਵੇਗਾ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਜਥੇਦਾਰ ਸੇਵਾ ਸਿੰਘ ਸੇਖਵਾਂ ਦੇ ਸੁਪਨਿਆਂ ਦਾ ਪ੍ਰੋਜੈਕਟ ਸੀ ਅਤੇ ਉਹ ਚਾਹੁੰਦੇ ਸਨ ਕਿ ਸਾਡੇ ਇਲਾਕੇ ਦੇ ਨੌਜਵਾਨ ਸੈਨਿਕ ਸਕੂਲ ਤੋਂ ਪੜ੍ਹ ਕੇ ਸੁਰੱਖਿਆ ਸੈਨਾਵਾਂ ਵਿੱਚ ਭਰਤੀ ਹੋ ਕੇ ਜਿਥੇ ਰੁਜ਼ਗਾਰ ਹਾਸਲ ਕਰਨ ਉਥੇ ਨਾਲ ਹੀ ਦੇਸ਼ ਸੇਵਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਸਕਣ।ਉਨ੍ਹਾਂ ਕਿਹਾ ਕਿ ਉਹ ਨੌਜਵਾਨ ਪੀੜ੍ਹੀ ਦੀ ਲੋੜ ਅਤੇ ਆਪਣੇ ਪਿਤਾ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਯਤਨਸ਼ੀਲ ਹਨ।

# ਮੈਂ ਸ਼੍ਰੋਮਣੀ ਅਕਾਲੀ ਦਲ ਲਈ ਦਿਨ-ਰਾਤ ਕੰਮ ਕਰਾਂਗਾ: ਡਾ. ਰਤਨ ਸਿੰਘ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**—ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਉਹਨਾਂ ਦੀ ਸਮੁੱਚੀ ਕੈਬਨਿਟ ਦੇ ਸਾਥੀਆਂ ਖਿਲਾਫ ਲਏ ਫੈਸਲੇ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਕੈਬਨਿਟ ਮੰਤਰੀ ਅਤੇ ਐੱਮਪੀ ਰਹੇ ਡਾ. ਰਤਨ ਸਿੰਘ ਅਜਨਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹ ਦੀ ਕਲਾ ਵਾਸਤੇ ਸਿੰਘ ਸਾਹਿਬਾਨ ਵੱਲੋਂ ਲਿਆ ਗਿਆ ਫੈਸਲਾ ਬਹੁਤ ਹੀ ਸ਼ਲਾਘਾਯੋਗ ਹੈ। ਅਗਰ ਇਹ ਫੈਸਲਾ ਸਾਰਾ ਘਟਨਾਕ੍ਰਮ ਵਾਪਰਨ ਤੋਂ ਬਾਅਦ ਤੁਰੰਤ ਲਿਆ ਹੁੰਦਾ ਤਾਂ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਇਹ ਹਾਲਤ ਨਾ ਹੁੰਦੀ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਸਿਰਮੌਰ ਪਾਰਟੀ ਹੈ, ਜਿਸ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਦੀ ਬੈਕਫੁੱਟ ਤੇ ਜਾਣ ਕਾਰਨ ਪੰਜਾਬ ਤੇ ਪੰਜਾਬੀਅਤ ਦਾ ਬਹੁਤ ਵੱਡਾ ਨੁਕਸਾਨ ਹੋਇਆ। ਆਸ ਕਰਦੇ ਹਾਂ ਕਿ ਸਿੰਘ ਸਾਹਿਬਾਨ ਵੱਲੋਂ ਲਏ ਗਏ ਫੈਸਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵਾਂਗ ਮੁੜ ਤੋਂ ਸੁਰਜੀਤ ਹੋਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ! ਉਹਨਾਂ ਕਿਹਾ ਕਿ ਅਸੀਂ ਪਹਿਲਾਂ ਵੀ ਅਕਾਲੀ ਸੀ ਅਤੇ ਅਕਾਲੀ ਹਾਂ, ਅਕਾਲ ਤਖਤ ਸਾਹਿਬ ਤੋਂ ਲਏ ਫੈਸਲੇ ਤੋਂ ਬਾਅਦ ਅਕਾਲੀ ਦਲ ਲਈ ਦਿਨ-ਰਾਤ ਕੰਮ ਕਰਾਂਗੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਲੀਹਾਂ 'ਤੇ ਲਿਆ ਕੇ ਰਹਾਂਗੇ।ਇਸ ਮੌਕੇ ਬਲਜੀਤ ਸਿੰਘ ਚਮਿਆਰੀ, ਜਤਿੰਦਰ ਸਿੰਘ ਚੌਹਾਨ ਹਾਜ਼ਰ ਸਨ।

# ਗੰਦੀ ਨਾਲੇ 'ਤੇ ਬਣੀ ਰੇਲਿੰਗ ਟੁੱਟੀ, ਕਦੀ ਵੀ ਵਾਪਰ ਸਕਦੈ ਭਿਆਨਕ ਹਾਦਸਾ





**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਸ਼ਾਲਾ ਤੇ ਜਗਤਪੁਰ ਵਿਚਕਾਰੋਂ ਲੰਘਦੇ ਗੰਦੀ ਨਾਲੇ ਦੀ ਰੇਲਿੰਗ ਟੁੱਟ ਜਾਣ ਕਾਰਨ ਹਰ ਵੇਲੇ ਕਿਸੇ ਵਹੀਕਲ ਦਾ ਨਾਲੇ ਵਿਚ ਡਿਗਣ ਦਾ ਡਰ ਬਣਿਆ ਰਹਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਲਗਭਗ 15 ਕਿੱਲੋ ਮੀਟਰ ਦੂਰ ਪੈਂਦੇ ਇਸ ਗੰਦੀ ਨਾਲੇ ਤੋਂ ਵੱਡੀ ਗਿਣਤੀ ਵਿਚ ਬੱਸਾਂ, ਟਰੱਕ ਅਤੇ ਹੋਰ ਵਾਹਨ ਦਿਨ ਰਾਤ ਗੁਜ਼ਰਦੇ ਹਨ ਅਤੇ ਗੰਦੀ ਨਾਲੇ 'ਤੇ ਬਣੀ ਪੁਲੀ ਦੀ ਚੌੜਾਈ ਘੱਟ ਹੋਣ ਕਾਰਨ ਦੋ ਵਾਹਨਾਂ ਦਾ ਆਹਮਣੇ-ਸਾਹਮਣੇ ਤੋਂ ਆਉਂਦੇ-ਜਾਂਦੇ ਸਮੇਂ ਗੁਜ਼ਰਨ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਜਰਾ ਜਿਹੀ ਕੁਤਾਹੀ ਹੋਣ ਕਾਰਨ ਕੋਈ ਹਾਦਸਾ ਵਾਪਰ ਸਕਦਾ ਹੈ। ਇਸ ਗੰਦੀ ਨਾਲੇ ਦੀ ਡੂੰਘਾਈ ਕਾਫ਼ੀ ਹੈ ਅਤੇ ਇਹ ਨਾਲਾ ਦਰਿਆ ਬਿਆਸ ਵਿਚ ਥੋੜੀ ਅੱਗੇ ਜਾ ਕੇ ਮਿਲ ਜਾਂਦਾ ਹੈ। ਇਸ ਗੰਦੀ ਨਾਲੇ 'ਤੇ ਬਣੀ ਪੁਲੀ ਦੀ ਰੇਲਿੰਗ ਆਏ ਦਿਨ ਟੁੱਟ ਜਾਂਦੀ ਹੈ ਅਤੇ ਹਾਦਸੇ ਹੁੰਦੇ-ਹੁੰਦੇ ਬਚ ਜਾਂਦੇ ਹਨ। ਇਸ ਪੁਲ ਦੀ ਰੇਲਿੰਗ ਨੂੰ ਤੋੜ ਕੇ ਕਈ ਵਾਰ ਵਾਹਨ ਨਾਲੇ ਵਿਚ ਡਿਗ ਜਾਂਦੇ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਹੁਣ ਗੰਨੇ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਅਤੇ ਗੰਨੇ ਨਾਲ ਭਰੀਆਂ ਟਰਾਲੀਆਂ ਇਸ ਪੁਲੀ ਤੋਂ ਲੰਘਦੀਆਂ ਜੋ ਪੁਲੀ 'ਤੇ ਰੇਲਿੰਗ ਨਾ ਹੋਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਸਬੰਧਿਤ ਵਿਭਾਗ ਵਲੋਂ ਗੁਰਦਾਸਪੁਰ-ਮੁਕੇਰੀਆਂ ਸੜਕ ਦਾ ਨਿਰਮਾਣ ਕਰ ਦਿੱਤਾ ਗਿਆ ਹੈ ਪਰ ਇਸ ਪੁਲੀ ਦੀ ਟੁੱਟੀ ਰੇਲਿੰਗ ਨੂੰ ਫ਼ਿਰ ਵੀ ਨਹੀਂ ਬਣਾਇਆ ਗਿਆ। ਇਸ ਸੜਕ 'ਤੇ ਕੁਝ ਹੋਰ ਵੀ ਛੋਟੀਆਂ-ਛੋਟੀਆਂ ਪੁਲੀਆਂ ਹਨ ਜਿਨ੍ਹਾਂ ਨੂੰ ਚੌੜਾ ਕਰਨ ਦੀ ਲੋੜ ਹੈ ਅਤੇ ਉਨ੍ਹਾਂ 'ਤੇ ਵੀ ਰੇਲਿੰਗ ਲਗਾਉਣੀ ਚਾਹੀਦੀ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਗੰਦੀ ਨਾਲੇ ਦੀ ਟੁੱਟੀ ਰੇਲਿੰਗ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਹਨੇਰੇ-ਸਵੇਰੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਵਿਦਿਆਰਥੀਆਂ ਦੀ ਸਾਲਾਨਾ ਧਾਰਮਿਕ ਪ੍ਰੀਖਿਆ ਕਰਵਾਈ



**ਮਜੀਠਾ (ਸੋਇਮ ਆਨੰਦ)** ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲੀ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ। ਜਿਸ ਤਹਿਤ ਮਜੀਠਾ ਤੇ ਨਾਲ ਲਗਦੇ ਪਿੰਡਾਂ ਵਿਚ ਗੁਰੂ ਨਾਨਕ ਮਾਡਲ ਸਕੂਲ, ਕੇ. ਡੀ. ਆਰੀਆ ਹਾਈ ਸਕੂਲ, ਸ੍ਰੀ ਦਸਮੇਸ਼ ਪਬਲਿਕ ਸੀਨੀ: ਸੈਕੰ: ਸਕੂਲ ਕੋਟਲਾ ਸੁਲਤਾਨ ਸਿੰਘ, ਨਾਮਦੇਵ ਪਬਲਿਕ ਸਕੂਲ ਮਰੜ੍ਹੀ ਕਲਾਂ, ਕੇ. ਵੀ. ਪਬਲਿਕ ਸਕੂਲ ਨੰਗਲ ਪੰਨੂਆਂ ਵਿਖੇ ਪ੍ਰੀਖਿਆ ਕੇਂਦਰ ਬਣਾਏ ਗਏ।ਇਸ ਮੌਕੇ ਪ੍ਰਿੰ. ਜ਼ੋਗਾ ਸਿੰਘ ਅਠਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਧਾਰਮਿਕ ਪ੍ਰੀਖਿਆ ਲੈਣ ਲਈ ਉਨ੍ਹਾਂ ਦੇ ਸਕੂਲ ਦੇ ਬਣਾਏ ਗਏ ਪ੍ਰੀਖਿਆ ਕੇਂਦਰ ਵਿਚ 55 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ।ਇਸ ਮੌਕੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਪ੍ਰੀਖਿਆ ਇੰਚਾਰਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਕੁਲ 650 ਪ੍ਰੀਖਿਆ ਕੇਂਦਰ ਬਣਾਏ ਗਏ ਹਨ ਜਿਨ੍ਹਾਂ ਵਿਚ ਕਰੀਬ 55000 ਪ੍ਰੀਖਿਆਰਥੀਆਂ ਨੇ ਪ੍ਰੀਖਿਆ ਦਿੱਤੀ।ਇਹ ਪ੍ਰੀਖਿਆ ਚਾਰ ਦਰਜਿਆਂ ਵਿਚ ਲਈ ਜਾਂਦੀ ਹੈ ਪਹਿਲੇ ਦਰਜੇ ਵਿਚ ਛੇਵੀਂ ਕਲਾਸ ਤੋਂ ਅੱਠਵੀਂ ਕਲਾਸ, ਦੂਸਰੇ ਦਰਜੇ ਵਿਚ ਨੌਵੀਂ ਕਲਾਸ ਤੋਂ ਬਾਹਰਵੀਂ ਕਲਾਸ, ਤੀਸਰੇ ਦਰਜੇ ਵਿਚ ਗਰੈਜੂਏਟ ਕਲਾਸਾਂ ਵਾਲੇ ਅਤੇ ਚੌਥੇ ਦਰਜੇ ਵਿਚ ਪੋਸਟ ਗਰੈਜੂਏਟ ਅਤੇ ਆਮ ਸੰਗਤਾਂ ਵੱਲੋਂ ਪ੍ਰੀਖਿਆ ਦਿੱਤੀ ਜਾਦੀ ਹੈ।ਇਸ ਪ੍ਰੀਖਿਆ ਵਿਚ 60 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਵਜ਼ੀਫੇ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।ਪ੍ਰੀਖਿਆ ਲੈਣ ਮੌਕੇ ਰਹੇ ਸਟਾਫ ਮੈਂਬਰਾਂ ਵਿਚ ਸੁਪਰਡੈਂਟ ਨਵਦੀਪ ਸਿੰਘ, ਬਲਜੀਤ ਕੌਰ, ਰਤਨਜੋਤ ਕੌਰ ਅਤੇ ਪ੍ਰਿੰ. ਜੋਗਾ ਸਿੰਘ ਅਠਵਾਲ ਆਦਿ ਹਾਜ਼ਰ ਸਨ।

4-Dec-PAGE-4.qxd 12/3/2024 10:50 PM Page 1

ਨਵਾਂ ਜ਼ਮਾਨਾ
ਬੁੱਧਵਾਰ, 4 ਦਸੰਬਰ 2024

# ਨਾ ਘਰ ਦਾ, ਨਾ ਘਾਟ ਦਾ

ਮਹਾਰਾਸ਼ਟਰ ਤੇ ਝਾਰਖੰਡ ਅਸੰਬਲੀ ਚੋਣਾਂ ਦੇ ਨਾਲ-ਨਾਲ ਮੱਧ ਪ੍ਰਦੇਸ਼ ਅਸੰਬਲੀ ਦੀਆਂ ਦੋ ਸੀਟਾਂ ਦੀਆਂ ਜ਼ਿਮਨੀ ਚੋਣਾਂ ਵੀ ਹੋਈਆਂ। ਸਿਹੋਰ ਜ਼ਿਲ੍ਹੇ ਦੀ ਬੁਧਨੀ ਸੀਟ ਭਾਜਪਾ ਨੇ ਜਿੱਤ ਲਈ, (ਭਾਵੇਂ ਜਿੱਤ ਦਾ ਫਰਕ ਪਿਛਲੀਆਂ ਚੋਣਾਂ ਨਾਲੋਂ ਘੱਟ ਰਿਹਾ) ਪਰ ਗਵਾਲੀਅਰ ਖੇਤਰ ਵਿੱਚ ਪੈਂਦੀ ਵਿਜੇਪੁਰ ਦੀ ਸੀਟ ਭਾਜਪਾ ਉਮੀਦਵਾਰ ਰਾਮਨਿਵਾਸ ਰਾਵਤ ਕਾਂਗਰਸ ਦੇ ਮੁਕੇਸ਼ ਮਲਹੋਤਰਾ ਹੱਥੋਂ ਸੱਤ ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਗਿਆ। ਰਾਮਨਿਵਾਸ ਪਹਿਲਾਂ ਇਹ ਸੀਟ ਕਾਂਗਰਸ ਦੀ ਟਿਕਟ 'ਤੇ ਲੜ ਕੇ ਜਿੱਤਦਾ ਰਿਹਾ ਸੀ, ਜਦਕਿ ਮਲਹੋਤਰਾ ਪਹਿਲਾਂ ਭਾਜਪਾ 'ਚ ਹੁੰਦਾ ਸੀ ਤੇ ਐਤਕੀਂ ਕਾਂਗਰਸੀ ਉਮੀਦਵਾਰ ਵਜੋਂ ਲੜਿਆ। ਹਾਲਾਂਕਿ ਰਾਵਤ ਦੀ ਹਾਰ ਨਾਲ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਨੂੰ ਫਰਕ ਨਹੀਂ ਪੈਣਾ, ਪਰ ਕੇਂਦਰੀ ਮੰਤਰੀ ਜਿਓਤਿਰਾਦਿੱਤਿਆ ਦੀ ਹਾਲਤ ਖਰਾਬ ਹੋ ਗਈ ਹੈ। ਵਿਜੇਪੁਰ ਸੀਟ ਗਵਾਲੀਅਰ-ਚੰਬਲ ਡਵੀਜ਼ਨ ਦੇ ਉਸ ਹਿੱਸੇ ਵਿੱਚ ਪੈਂਦੀ ਹੈ, ਜਿਸ ਨੂੰ ਸਿੰਧੀਆ ਦੇ ਦਬਦਬੇ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਰਾਵਤ ਦੇ ਹਮਾਇਤੀ ਦੋਸ਼ ਲਾ ਰਹੇ ਹਨ ਕਿ ਹਾਰ ਸਿੰਧੀਆ ਵੱਲੋਂ ਸਾਬੋਤਾਜ ਕਰਨ ਕਰਕੇ ਹੋਈ। ਸਿੰਧੀਆ ਨੇ ਜਵਾਬ ਦਿੱਤਾ ਹੈ ਕਿ ਚਿੰਤਾ ਦੀ ਗੱਲ ਤਾਂ ਹੈ, ਪਰ ਭਾਜਪਾ ਉਮੀਦਵਾਰ ਨੂੰ ਵੋਟਾਂ ਪਹਿਲਾਂ ਨਾਲੋਂ ਵੱਧ ਮਿਲੀਆਂ ਹਨ। ਜੇ ਉਸ ਨੂੰ ਪ੍ਰਚਾਰ ਕਰਨ ਲਈ ਕਿਹਾ ਜਾਂਦਾ ਤਾਂ ਉਹ ਜ਼ਰੂਰ ਜਾਂਦਾ। ਭਾਜਪਾ ਦੇ ਪ੍ਰਦੇਸ਼ ਦਫਤਰ ਦੇ ਸਕੱਤਰ ਦਾ ਕਹਿਣਾ ਹੈ ਕਿ ਮੁੱਖ ਮੰਤਰੀ, ਪ੍ਰਦੇਸ਼ ਪ੍ਰਧਾਨ ਤੇ ਹੋਰ ਸੀਨੀਅਰ ਆਗੂਆਂ ਨੇ ਸਿੰਧੀਆ ਨੂੰ ਵਿਜੇਪੁਰ ਹਲਕੇ 'ਚ ਪ੍ਰਚਾਰ ਕਰਨ ਲਈ ਕਿਹਾ ਸੀ, ਪਰ ਉਹ ਕਿਤੇ ਹੋਰ ਬਿਜ਼ੀ ਹੋਣ ਦੀ ਗੱਲ ਕਹਿ ਕੇ ਨਹੀਂ ਗਏ। ਭਾਜਪਾ ਦੀ ਸੂਬਾਈ ਲੀਡਰਸ਼ਿਪ ਸਿੰਧੀਆ ਬਾਰੇ ਅਜਿਹਾ ਬਿਆਨ ਦੇਣ ਤੋਂ ਪਹਿਲਾਂ ਸੌ ਵਾਰ ਸੋਚੇਗੀ, ਕਿਉਂਕਿ ਸਿੰਧੀਆ ਕੇਂਦਰ ਵਿੱਚ ਮੰਤਰੀ ਹੈ। ਮੰਨਿਆ ਜਾ ਰਿਹਾ ਹੈ ਕਿ ਕੇਂਦਰੀ ਹਾਈਕਮਾਨ ਦੀ ਆਗਿਆ ਤੋਂ ਬਿਆਨ ਇਹ ਬਿਆਨ ਦਿੱਤਾ ਜਾਣਾ ਸੰਭਵ ਨਹੀਂ ਹੈ।

ਦਰਅਸਲ ਕਾਂਗਰਸ ਨੂੰ ਛੱਡ ਕੇ ਭਾਜਪਾ ਵਿੱਚ ਆਉਣ ਵੇਲੇ ਸਿੰਧੀਆ ਇਹ ਗੱਲ ਭੁੱਲ ਗਏ ਸਨ ਕਿ ਭਾਜਪਾ ਵੱਖਰੀ ਤਾਸੀਰ ਵਾਲੀ ਪਾਰਟੀ ਹੈ। ਇਹ ਮੋਦੀ ਤੇ ਸ਼ਾਹ ਦੀ ਭਾਜਪਾ ਹੈ। ਇਸ ਭਾਜਪਾ ਵਿੱਚ ਵਕਤ ਪੈਣ 'ਤੇ ਗਧੇ ਨੂੰ ਬਾਪ ਬਣਾਇਆ ਜਾਂਦਾ ਹੈ ਤੇ ਵਕਤ ਨਿਕਲ ਜਾਣ 'ਤੇ ਬਾਪ ਨੂੰ ਗਧਾ ਬਣਾ ਦਿੱਤਾ ਜਾਂਦਾ ਹੈ। ਸਿੰਧੀਆ ਮੋਦੀ ਦੇ ਤੀਜੇ ਰਾਜਕਾਲ ਵਿੱਚ ਮੰਤਰੀ ਜ਼ਰੂਰ ਹਨ, ਪਰ ਦੂਜੇ ਰਾਜਕਾਲ ਨਾਲੋਂ ਘੱਟ ਅਹਿਮੀਅਤ ਵਾਲੇ। ਜਦੋਂ ਉਨ੍ਹਾ ਨੂੰ ਸੰਚਾਰ ਤੇ ਉੱਤਰ-ਪੂਰਬ ਦੇ ਵਿਕਾਸ ਦਾ ਮੰਤਰਾਲਾ ਦਿੱਤਾ ਗਿਆ ਤਾਂ ਸੰਕੇਤ ਮਿਲ ਗਏ ਸਨ ਕਿ ਸਿੰਧੀਆ ਦੀ ਢਹਿੰਦੀ ਕਲਾ ਸ਼ੁਰੂ ਹੋ ਗਈ ਹੈ। ਦੂਜੇ ਰਾਜਕਾਲ ਵਿੱਚ ਉਹ ਸ਼ਹਿਰੀ ਹਵਾਬਾਜ਼ੀ ਤੇ ਇਸਪਾਤ ਮੰਤਰੀ ਸਨ, ਜਦੋਂ ਕਾਂਗਰਸ ਛੱਡ ਕੇ ਆਏ ਸਨ। ਸਿੰਧੀਆ ਦੀ ਜਿਸਮਾਨੀ ਭਾਸ਼ਾ ਵੀ ਪਹਿਲਾਂ ਵਰਗੀ ਨਹੀਂ ਰਹੀ ਤੇ ਬੋਲੀ ਵੀ ਟਣਕਦਾਰ ਨਹੀਂ ਰਹੀ। ਸਿੰਧੀਆ ਦੀ ਢਲਾਣ ਦਾ ਪਤਾ ਉਦੋਂ ਹੀ ਲੱਗ ਗਿਆ ਸੀ, ਜਦੋਂ ਮੱਧ ਪ੍ਰਦੇਸ਼ ਅਸੰਬਲੀ ਚੋਣਾਂ ਤੋਂ ਬਾਅਦ ਉਨ੍ਹਾ ਦੇ ਹਮਾਇਤੀ ਉਸ ਕੋਟੇ ਨਾਲੋਂ ਘੱਟ ਮੰਤਰੀ ਬਣਾਏ ਗਏ, ਜਿੰਨੇ ਕਾਂਗਰਸ ਦੀ ਕਮਲਨਾਥ ਸਰਕਾਰ ਡੇਗਣ ਤੋਂ ਬਾਅਦ ਸ਼ਿਵਰਾਜ ਚੌਹਾਨ ਦੀ ਵਜ਼ਾਰਤ ਵਿੱਚ ਬਣਾਏ ਗਏ ਸਨ। ਸਿੰਧੀਆ ਤੋਂ ਜੰਮੂ-ਕਸ਼ਮੀਰ, ਹਰਿਆਣਾ, ਮਹਾਰਾਸ਼ਟਰ ਤੇ ਝਾਰਖੰਡ ਚੋਣਾਂ ਵਿੱਚ ਵੀ ਪ੍ਰਚਾਰ ਨਹੀਂ ਕਰਵਾਇਆ ਗਿਆ। ਸਿੰਧੀਆ ਨੇ ਇਹ ਕਹਿ ਕੇ ਖ਼ੁਦ ਹੀ ਆਪਣੀ ਸਥਿਤੀ ਬਿਆਨ ਕਰ ਦਿੱਤੀ ਹੈ ਕਿ ਵਿਜੇਪੁਰ ਸੀਟ 'ਤੇ ਉਨ੍ਹਾ ਨੂੰ ਪ੍ਰਚਾਰ ਕਰਨ ਲਈ ਨਹੀਂ ਕਿਹਾ ਗਿਆ। ਮਤਲਬ ਸਾਫ ਹੈ ਕਿ ਭਾਜਪਾ ਨੇ ਉਨ੍ਹਾ ਨੂੰ ਕਾਂਗਰਸ ਤੋਂ ਲਿਆ ਕੇ ਸੂਬੇ ਦੀ ਕਾਂਗਰਸ ਸਰਕਾਰ ਡੇਗਣੀ ਸੀ, ਉਹ ਕੰਮ ਹੋ ਗਿਆ। ਹਾਲਾਂਕਿ ਸੰਵਿਧਾਨ ਦਿਵਸ ਸਮਾਰੋਹ ਦੌਰਾਨ ਸਿੰਧੀਆ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਰਾਹੁਲ ਗਾਂਧੀ ਨਾਲ ਗੱਲਬਾਤ ਕਰਦੇ ਨਜ਼ਰ ਆਏ, ਪਰ ਇਸ ਵੇਲੇ ਤਾਂ ਉਨ੍ਹਾ ਦੀ ਸਥਿਤੀ 'ਨਾ ਘਰ ਦਾ, ਨਾ ਘਾਟ ਦਾ' ਵਰਗੀ ਬਣ ਚੁੱਕੀ ਹੈ।

## ਪਾਠਕ-ਸੱਥ

### ਬੁਢਾਪੇ 'ਚ ਸਿਹਤ ਦੀ ਦੇਖਭਾਲ

ਪਹਿਲਾਂ ਬਚਪਨ ਆਉਣਾ, ਫਿਰ ਜਵਾਨੀ ਤੋਂ ਬਾਅਦ ਬੁਢੇਪਾ ਆਉਣਾ ਅਟੱਲ ਸਚਾਈ ਹੈ। ਇਹ ਸੋਚਣਾ ਬਹੁਤ ਜਰੂਰੀ ਹੈ ਕਿ ਬੁਢੇਪੇ ਵਿੱਚ ਅਸੀਂ ਆਪਣੀ ਸਿਹਤ ਦਾ ਖਿਆਲ ਕਿਵੇਂ ਰੱਖੀਏ ।ਇਸ ਉਮਰ ਵਿੱਚ ਸਾਨੂੰ ਪਾਣੀ ਜਿਆਦਾ ਪੀਣਾ ਚਾਹੀਦਾ ਹੈ ।ਭੋਜਨ 'ਤੇ ਕੰਟਰੋਲ ਕਰਨਾ ਚਾਹੀਦਾ ਹੈ ।ਕਸਰਤ ਕਰਨੀ ਚਾਹੀਦੀ ਹੈ। ਛੋਟੀ-ਮੋਟੀ ਬਿਮਾਰੀ ਤੋਂ ਘਬਰਾ ਕੇ ਮੰਜੇ 'ਤੇ ਨਹੀਂ ਪੈ ਜਾਣਾ ਚਾਹੀਦਾ ।ਇਹੋ ਜਿਹਾ ਕਰਨ ਨਾਲ ਅਸੀਂ ਉਮਰ ਤੋਂ ਪਹਿਲਾਂ ਬੁੱਢੇ ਹੋ ਜਾਵਾਂਗੇ ।ਬਿਮਾਰੀਆਂ ਨੂੰ ਜੀਵਨ ਦੇ ਸਾਥੀ ਮੰਨਣਾ ਨਾਲ ਚਾਹੀਦਾ ਹੈ । ਕਬਜ਼ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਲਈ ਦਿਨ ਵਿੱਚ ਦੋ ਚਾਰ ਵਾਰ ਸਬਜੀਆਂ ਦਾ ਪਾਣੀ ਪੀਣਾ ਚਾਹੀਦਾ ਹੈ। ਰਾਤ ਨੂੰ ਈਸਬਗੋਲ, ਕਣਕ ਦਾ ਭੁੰਨਿਆ ਹੋਇਆ ਛਿਲਕਾ ਜਾਂ ਬਦਾਮ ਦੀ ਗਿਰੀ ਬਰੀਕ ਪੀਸ ਕੇ ਦੁੱਧ ਨਾਲ ਲੈ ਲੈਣੀ ਚਾਹੀਦੀ ਹੈ । ਗਲੇ, ਨੱਕ ਕੰਨ ਆਦਿ ਦੀ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ । ਸਵੇਰੇ ਸੈਰ ਵਾਸਤੇ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ । ਸਲਾਦ ਉਹ ਖਾਣਾ ਚਾਹੀਦਾ ਜੋ ਆਸਾਨੀ ਨਾਲ ਭੱਚ ਜਾਵੇ ।ਦੁਪਹਿਰ ਦੇ ਖਾਣੇ ਤੋਂ ਬਾਅਦ ਆਰਾਮ ਕਰਨਾ ਜ਼ਰੂਰੀ ਹੈ ।ਰਾਤ ਨੂੰ ਸੂਰਜ ਛਿਪਣ ਤੋਂ ਪਹਿਲਾਂ ਭੋਜਨ ਕਰਨਾ ਠੀਕ ਰਹਿੰਦਾ ਹੈ । ਭੋਜਨ ਤੋਂ ਬਾਅਦ ਪਹਿਲਾਂ ਟਹਿਲਣਾ ਜ਼ਰੂਰੀ ਹੈ ।ਬੁਢੇਪੇ ਵਿੱਚ ਜ਼ਿਆਦਾ ਦੁੱਖ ਜਾਂ ਜਿਆਦਾ ਖੁਸ਼ੀ ਦਾ ਸਮਾਚਾਰ ਮਾਨਸਿਕ ਸਥਿਤੀ 'ਤੇ ਜ਼ਿਆਦਾ ਅਸਰ ਪਾਉਂਦਾ ਹੈ ।ਇਸ ਲਈ ਨਵੀਂ ਪੀੜੀ ਨੂੰ ਚਾਹੀਦਾ ਕਿ ਇਹੋ ਜਿਹੀ ਖਬਰ ਬਹੁਤ ਸੋਚ-ਸਮਝ ਕੇ ਸੁਣਾਉਣੀ ਚਾਹੀਦੀ ਹੈ। ਇਸ ਉਮਰ ਵਿੱਚ ਬੱਚਿਆਂ ਦੀ ਚਿੰਤਾ ਬਜ਼ੁਰਗਾਂ 'ਤੇ ਬਹੁਤ ਜ਼ਿਆਦਾ ਅਸਰ ਪਾਉਂਦੀ ਹੈ। ਉਹ ਅਕਸਰ ਮਾਨਸਿਕ ਬੋਝ ਤੇ ਸ਼ਿਕਾਰ ਰਹਿੰਦੇ ਹਨ ।ਇਸ ਕਾਰਨ ਉਹਨਾਂ ਦੀ ਉਮਰ ਘਟਦੀ ਹੈ ।ਬੁਢੇਪੇ ਵਿੱਚ ਜੇਕਰ ਹੱਥਾਂ ਨਾਲ ਜ਼ੋਰ ਜ਼ੋਰ ਦੀ ਤਾਲੀਆਂ ਮਾਰੀਆਂ ਜਾਣ ਤਾਂ ਨਸਾਂ, ਨਾੜੀਆਂ ਇੱਕ ਦੁਆਰਾ ਖ਼ੂਨ ਚੱਲ ਪੈਂਦਾ ਹੈ ਅਤੇ ਸਰੀਰ ਦੇ ਸਾਰੇ ਅੰਗਾਂ ਨੂੰ ਜ਼ਰੂਰੀ ਖ਼ੂਨ ਦਾ ਪਸਾਰ ਹੁੰਦਾ ਹੈ । ਇਹੋ ਜਿਹਾ ਕਰਨ ਨਾਲ ਬਹੁਤ ਸਾਰੇ ਪੁਰਾਣੇ ਰੋਗ ਦੂਰ ਹੋ ਜਾਂਦੇ ਹਨ। ਸੂਰਜ ਦੀਆਂ ਕਿਰਨਾਂ ਦੁਆਰਾ ਵੀ ਸਰੀਰ ਨੂੰ ਨਿਰੋਗੀ ਬਣਾਇਆ ਜਾ ਸਕਦਾ ਹੈ।

ਬਜ਼ੁਰਗਾਂ ਨੂੰ ਵੀ ਚਾਹੀਦਾ ਹੈ ਕਿ ਉਹ ਸਮੇਂ ਦੇ ਨਾਲ-ਨਾਲ ਆਪਣੇ ਆਪ ਨੂੰ ਬਦਲਣ ਦੀ ਕੋਸ਼ਿਸ਼ ਕਰਨ ।ਨਵੀਂ ਪੀੜ੍ਹੀ ਅਤੇ ਪੁਰਾਣੇ ਪੀੜ੍ਹੀ ਪਿਛਲੇ ਫਰਕ ਨੂੰ ਦੇਖ ਕੇ ਉਹ ਅਕਸਰ ਪਰੇਸ਼ਾਨ ਰਹਿੰਦੇ ਹਨ ।ਇਹ ਜ਼ਰੂਰੀ ਨਹੀਂ ਕਿ ਉਹਨਾਂ ਨੂੰ ਪੁਰਾਣੇ ਸੰਸਕਾਰ ਭੁਲਾ ਕੇ ਨਵੀਂ ਪੀੜ੍ਹੀ ਨੂੰ ਮਨ ਮਾਰ ਕੇ ਸਵੀਕਾਰ ਕਰਨਾ ਚਾਹੀਦਾ ਹੈ। ਕਹਿਣ ਦਾ ਮਤਲਬ ਹੈ ਕਿ ਨਵੀਂ ਪੀੜ੍ਹੀ ਨੂੰ ਪੁਰਾਣੇ ਸੰਸਕਾਰ ਵੀ ਦੇਣੇ ਚਾਹੀਦੇ ਹਨ ਅਤੇ ਨਵੇਂ ਜ਼ਮਾਨੇ ਨੂੰ ਵੀ ਅਪਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬਜ਼ੁਰਗਾਂ ਦੀ ਦੇਖਭਾਲ ਕਰਨ ਅਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਬਜ਼ੁਰਗਾਂ ਵੇਖ ਕੇ ਬਹੁਤ ਜ਼ਿਆਦਾ ਨਿਰਾਸ਼ਤਾ ਪਾਈ ਜਾਂਦੀ ਹੈ, ਇਸ ਦਾ ਕਾਰਨ ਇਹ ਹੈ ਕਿ ਉਹਨਾਂ ਦੇ ਬੱਚੇ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਕਰਦੇ । ਜਿਸ ਕਾਰਨ ਬਜ਼ੁਰਗ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦੇ ਹਨ ।ਬਜ਼ੁਰਗਾਂ ਨੂੰ ਉਹਨਾਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ ।ਜਿੰਨੀ ਕੁ ਛੋਟੇ ਬੱਚਿਆਂ ਨੂੰ ਖੁਸ਼ੀ ਉਹਨਾਂ ਨੂੰ ਬਹੁਤ ਜਰੂਰੀ ਹੁੰਦੀ ਹੈ, ਜੋ ਉਹਨਾਂ ਨੂੰ ਤੰਦਰੁਸਤੀ ਬਖਸ਼ਦੀ ਹੈ। ਨੌਜਵਾਨ ਵਰਗ ਨੂੰ ਆਪਣੀ ਵਿਅਸਤ ਜ਼ਿੰਦਗੀ ਵਿੱਚੋਂ ਆਪਣੇ ਬਜ਼ੁਰਗਾਂ ਲਈ ਸਮਾਂ ਜ਼ਰੂਰ ਕੱਢਣਾ ਚਾਹੀਦਾ ਹੈ।

-ਡਾਕਟਰ ਨਰਿੰਦਰ ਭੱਪਰ ਝਬੇਲਵਾਲੀ, 62841-45349

# ਮਨੀਪੁਰ 'ਚ ਸੰਕਟ : ਜਵਾਬਦੇਹੀ ਤੈਅ ਕਰਨ ਦੀ ਲੋੜ

ਮੂਲ : ਪੱਲਬ ਸੇਨਗੁਪਤਾ
ਅਨੁ : ਐੱਮ ਐੱਸ ਭਾਟੀਆ

ਮੌਜੂਦਾ ਉਥਲ-ਪੁਥਲ ਦੇ ਦਰਮਿਆਨ ਸੀ.ਪੀ.ਆਈ. ਦੀ ਮਨੀਪੁਰ ਸਟੇਟ ਕੌਂਸਲ ਦੀ ਮੀਟਿੰਗ ਹੋਈ ।ਮੀਟਿੰਗ ਵਿੱਚ ਸਾਰੇ ਸੂਬਾ ਕੌਂਸਲ ਮੈਂਬਰਾਂ ਨੇ ਭਾਗ ਲਿਆ ਅਤੇ ਮੌਜੂਦਾ ਸਿਆਸੀ ਘਟਨਾਕ੍ਰਮ, ਜਥੇਬੰਦਕ ਮੁੱਦਿਆਂ ਅਤੇ ਸੀ.ਪੀ.ਆਈ. ਦੀ ਸ਼ਤਾਬਦੀ ਸਥਾਪਨਾ ਦੀਆਂ ਤਿਆਰੀਆਂ ਬਾਰੇ ਚਰਚਾ ਵਿੱਚ ਹਿੱਸਾ ਲਿਆ।

ਮੀਟਿੰਗ ਵਿਚ ਮਹਿਸੂਸ ਕੀਤਾ ਗਿਆ ਕਿ ਮਨੀਪੁਰ ਵਿੱਚ ਚੱਲ ਰਹੀ ਗੜਬੜ ਚਿੰਤਾਜਨਕ ਪੱਧਰ 'ਤੇ ਪਹੁੰਚ ਗਈ ਹੈ, ਜਿਸ ਨਾਲ ਦੇਸ਼ ਭਰ ਵਿੱਚ ਵਿਆਪਕ ਚਿੰਤਾ ਹੈ ।ਵਧਦੀ ਹਿੰਸਾ, ਹੱਤਿਆਵਾਂ, ਡੂੰਘੇ ਅਵਿਸ਼ਵਾਸ ਅਤੇ ਵਧ ਰਹੇ ਮਨੁੱਖੀ ਦੁੱਖਾਂ ਵਾਲੀ ਸਥਿਤੀ, ਰਾਜ ਨੂੰ ਸ਼ਾਂਤੀ ਅਤੇ ਸਥਿਰਤਾ ਵਿੱਚ ਵਾਪਸ ਲਿਆਉਣ ਲਈ ਇੱਕ ਨਿਰਣਾਇਕ ਅਤੇ ਹਮਦਰਦੀ ਪੂਰਨ ਪਹੁੰਚ ਅਪਨਾਉਣ ਦੀ ਲੋੜ ਹੈ ।

ਮਨੀਪੁਰ ਇੱਕ ਗੁੰਝਲਦਾਰ ਸਮਾਜਿਕ-ਰਾਜਨੀਤਿਕ ਸੰਕਟ ਨਾਲ ਜੂਝ ਰਿਹਾ ਹੈ, ਜਿਸ ਦੀਆਂ ਜੜ੍ਹਾਂ ਨਸਲੀ ਤਣਾਅ, ਆਰਥਿਕ ਅਸਮਾਨਤਾਵਾਂ ਅਤੇ ਰਾਜਨੀਤਕ ਕੁਪ੍ਰਬੰਧਨ ਵਿੱਚ ਹਨ ।ਹਾਲ ਹੀ ਦੇ ਮਹੀਨਿਆਂ ਵਿੱਚ ਹਿੰਸਾ ਤੇਜ਼ ਹੋ ਗਈ ਹੈ, ਜਿਸ ਨਾਲ ਜਾਨਾਂ ਜਾ ਰਹੀਆਂ ਹਨ, ਭਾਈਚਾਰਿਆਂ ਦਾ ਉਜਾੜਾ ਹੋਇਆ ਹੈ ਅਤੇ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਆਮ ਹੈ।ਇਨ੍ਹਾਂ ਮੰਦਭਾਗੇ ਘਟਨਾਕ੍ਰਮ ਦੇ ਨਾਲ-ਨਾਲ ਵੱਡੇ ਮਿਜ਼ੋਰਮ ਜਾਂ ਈਸਾਈ ਰਾਸ਼ਟਰ ਦੀ ਮੰਗ ਨਾ ਸਿਰਫ਼ ਮਨੀਪੁਰ ਨੂੰ ਹੋਰ ਅਸਥਿਰ ਕਰਨ ਦੀ ਨਾਪਾਕ ਯੋਜਨਾ ਨੂੰ ਸਾਹਮਣੇ ਲਿਆਉਂਦੀ ਹੈ, ਸਗੋਂ ਵਿਦੇਸ਼ੀ ਤਾਕਤਾਂ ਨੂੰ ਉਨ੍ਹਾਂ ਦੀ ਗੰਦੀ ਖੇਡ ਖੇਡਣ ਲਈ ਵੀ ਮੈਦਾਨ ਪ੍ਰਦਾਨ ਕਰਦੀ ਹੈ।

ਭਾਰਤ-ਮਿਆਂਮਾਰ-ਬੰਗਲਾਦੇਸ਼ ਸਰਹੱਦੀ ਖੇਤਰ ਕਈ ਨਸਲੀ ਭਾਈਚਾਰਿਆਂ ਦਾ ਸੁਮੇਲ ਹੈ, ਜਿਸ ਵਿੱਚ ਕੁਕੀ, ਨਾਗਾ, ਚਿਨ, ਮਿਜ਼ੋਸ ਅਤੇ ਹੋਰ ਸ਼ਾਮਲ ਹਨ। ਹਾਲਾਂਕਿ ਕੁਝ ਸੱਭਿਆਚਾਰਕ ਜਾਂ ਭਾਸ਼ਾਈ ਸਮਾਨਤਾਵਾਂ ਸਾਂਝੀਆਂ ਹਨ, ਪਰ ਜ਼ਮੀਨ ਅਤੇ ਸਰੋਤਾਂ ਨੂੰ ਲੈ ਕੇ ਇਤਿਹਾਸਕ ਤਣਾਅ ਅਤੇ ਮੁਕਾਬਲਾ ਹੁੰਦਾ ਹੈ ।ਕੁਕੀ ਪਛਾਣ 'ਤੇ ਅਧਾਰਤ ਇਕ ਈਸਾਈ ਰਾਸ਼ਟਰ ਦੀ ਮੰਗ ਦੂਜੇ ਸਮੂਹਾਂ ਨੂੰ ਦੂਰ ਕਰਦੀ ਹੈ ਅਤੇ ਪਹਿਲਾਂ ਤੋਂ ਹੀ ਅਸਥਿਰ ਮਨੀਪੁਰ ਵਿਚ ਅੰਤਰ-ਨਸਲੀ ਸੰਬੰਧਾਂ ਨੂੰ ਹੋਰ ਗੁੰਝਲਦਾਰ ਬਣਾਉਂਦੀ ਹੈ।

ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਮੁੱਖ ਮੰਤਰੀ ਐਨ. ਬੀਰੇਨ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਨਿਸ਼ਕਿਰਿਆ ਹੈ ਅਤੇ ਮਾੜੇ ਸੰਕਟ ਪ੍ਰਬੰਧਨ ਲਈ ਜ਼ਿੰਮੇਵਾਰ ਹੈ।ਇਸ ਨਾਲ ਲੋਕਾਂ ਦਾ ਭਰੋਸਾ ਟੁੱਟ ਗਿਆ ਹੈ ਅਤੇ ਉਸ ਦੇ ਅਸਤੀਫੇ ਦੀਆਂ ਮੰਗਾਂ ਵਧੀਆਂ ਹਨ।

ਕੇਂਦਰੀ ਪੱਧਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚੁੱਪ ਅਤੇ ਉਦਾਸੀਨਤਾ ਨਿੰਦਣਯੋਗ ਹੈ।ਉਨ੍ਹਾਂ ਦੀ ਸਮੇਂ ਸਿਰ ਦਖਲਅੰਦਾਜ਼ੀ ਦੀ ਘਾਟ ਅਤੇ ਸੰਕਟ ਨੂੰ ਘੱਟ ਕਰਨ ਲਈ ਦਿਖਾਈ ਦੇਣ ਵਾਲੇ ਯਤਨਾਂ ਨੂੰ ਮਨੀਪੁਰ ਦੇ ਲੋਕਾਂ ਨਾਲ ਵਿਸ਼ਵਾਸਘਾਤ ਵਜੋਂ ਦੇਖਿਆ ਗਿਆ ਹੈ। ਇਸ ਅਯੋਗਤਾ ਨੇ ਸਥਿਤੀ ਨੂੰ ਹੋਰ ਖਰਾਬ ਹੋਣ ਦੀ ਇਜਾਜ਼ਤ ਦਿੱਤੀ ਹੈ, ਵੰਡ ਨੂੰ ਡੂੰਘਾ ਕੀਤਾ ਹੈ ਅਤੇ ਪ੍ਰਭਾਵਿਤ ਭਾਈਚਾਰਿਆਂ ਨੂੰ ਦੂਰ ਕੀਤਾ ਹੈ।

ਦੋਹਰੇ ਇੰਜਣ ਵਾਲੀਆਂ ਸਰਕਾਰਾਂ ਨੇ ਕੋਈ ਢੁਕਵਾਂ ਸਿਆਸੀ ਹੱਲ ਲੱਭਣ ਦੀ ਕੋਸ਼ਿਸ਼ ਕੀਤੇ ਬਿਨਾਂ ਇਕ ਵਾਰ ਫਿਰ ਸਖ਼ਤ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਲਾਗੂ ਕਰ ਦਿੱਤਾ, ਜੋ ਗੜਬੜ ਵਾਲੇ ਖੇਤਰਾਂ ਵਿਚ ਹਥਿਆਰਬੰਦ ਬਲਾਂ ਨੂੰ ਵਿਆਪਕ ਸ਼ਕਤੀਆਂ ਪ੍ਰਦਾਨ ਕਰਦਾ ਹੈ, ਜਦੋਂ ਕਿ ਇਸ ਦਾ ਦੱਸਿਆ ਗਿਆ ਉਦੇਸ਼ ਕਾਨੂੰਨ ਅਤੇ ਵਿਵਸਥਾ ਨੂੰ ਕਾਇਮ ਰੱਖਣਾ ਹੈ, ਅਫਸਪਾ ਦੀ ਅਕਸਰ ਦੰਡ ਦੇ ਮਾਹੌਲ ਨੂੰ ਵਧਾਉਣ ਅਤੇ ਤਣਾਅ ਨੂੰ ਵਧਾਉਣ ਲਈ ਆਲੋਚਨਾ ਕੀਤੀ ਜਾਂਦੀ ਹੈ।

ਮਨੀਪੁਰ ਦੇ ਲੋਕਾਂ ਨੇ ਲਗਾਤਾਰ ਇਸ ਕਠੋਰ ਕਾਨੂੰਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਉਨ੍ਹਾਂ ਦੇ ਅਧਿਕਾਰਾਂ ਅਤੇ ਮਾਣ-ਸਨਮਾਨ ਨੂੰ ਕਮਜ਼ੋਰ ਕਰਦਾ ਹੈ । ਇਸ ਦੀ ਮੌਜੂਦਗੀ ਨੇ ਰਾਜ ਅਤੇ ਇਸ ਦੇ ਨਾਗਰਿਕਾਂ ਵਿਚਕਾਰ ਅਵਿਸ਼ਵਾਸ ਨੂੰ ਵਧਾ ਦਿੱਤਾ ਹੈ, ਜਿਸ ਨਾਲ ਸੁਲ੍ਹਾ ਅਤੇ ਸ਼ਾਂਤੀ ਦੇ ਮਹੌਲ ਨੂੰ ਹੋਰ ਵੀ ਚੁਣੌਤੀਪੂਰਨ ਬਣਾਇਆ ਗਿਆ ਹੈ।

ਸਾਡੀ ਪਾਰਟੀ ਦਾ ਮੰਨਣਾ ਹੈ ਕਿ ਮਨੀਪੁਰ ਦੇ ਸੰਕਟ ਨੂੰ ਸੁਲਝਾਉਣ ਲਈ ਬਹੁ-ਪੱਖੀ ਪਹੁੰਚ ਦੀ ਲੋੜ ਹੈ, ਜੋ ਗੱਲਬਾਤ, ਨਿਆਂ ਅਤੇ ਲੰਮੇ ਸਮੇਂ ਦੇ ਸ਼ਾਂਤੀ ਨਿਰਮਾਣ ਨੂੰ ਤਰਜੀਹ ਦਿੰਦੀ ਹੈ । ਸੀ ਪੀ ਆਈ ਨੇ ਕਈ ਕਦਮਾਂ ਦੀ ਰੂਪਰੇਖਾ ਦਿੱਤੀ ਹੈ, ਜੋ ਤੁਰੰਤ ਚੁੱਕੇ ਜਾਣੇ ਚਾਹੀਦੇ ਹਨ:

ਸਰਕਾਰ ਨੂੰ ਸਾਰੀਆਂ ਰਾਜਨੀਤਕ ਪਾਰਟੀਆਂ, ਭਾਈਚਾਰਕ ਨੇਤਾਵਾਂ ਅਤੇ ਸਿਵਲ ਸੋਸਾਇਟੀ ਸੰਸਥਾਵਾਂ ਨੂੰ ਸ਼ਾਮਲ ਕਰਦੇ ਹੋਏ ਇੱਕ ਸੰਮਲਿਤ ਸੰਵਾਦ ਸ਼ੁਰੂ ਕਰਨਾ ਚਾਹੀਦਾ ਹੈ।ਸੰਘਰਸ਼ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ ਅਤੇ ਟਿਕਾਊ ਹੱਲ ਲੱਭਣਾ ਚਾਹੀਦਾ ਹੈ, ਜੋ ਸਾਰੇ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਇੱਛਾਵਾਂ ਦਾ ਆਦਰ ਕਰਦੇ ਹਨ ।

ਮਨੀਪੁਰ ਤੋਂ ਅਫਸਪਾ ਨੂੰ ਹਟਾਉਣਾ ਸ਼ਾਸਨ ਪ੍ਰਤੀ ਵਧੇਰੇ ਮਨੁੱਖੀ ਅਤੇ ਜਮਹੂਰੀ ਪਹੁੰਚ ਪ੍ਰਤੀ ਵਚਨਬੱਧਤਾ ਦਾ ਸੰਕੇਤ ਦੇਵੇਗਾ ।ਇਹ ਰਾਜ ਅਤੇ ਇਸ ਦੇ ਨਾਗਰਿਕਾਂ ਵਿਚਕਾਰ ਵਿਸ਼ਵਾਸ ਨੂੰ ਮੁੜ ਬਣਾਉਣ ਵਿੱਚ ਮਦਦ ਕਰੇਗਾ, ਮੇਲ-ਮਿਲਾਪ ਲਈ ਇੱਕ ਅਨੁਕੂਲ ਮਾਹੌਲ ਪੈਦਾ ਕਰੇਗਾ ।

ਮਨੀਪੁਰ ਦੀ ਸਰਕਾਰ ਵੱਲੋਂ ਸੰਕਟ ਨਾਲ ਨਜਿੱਠਣ ਵਿੱਚ ਅਸਫਲ ਰਹਿਣ ਲਈ ਮੁੱਖ ਮੰਤਰੀ ਐਨ. ਬੀਰੇਨ ਸਿੰਘ ਨੂੰ ਅਸਤੀਫਾ ਦੇਣਾ ਚਾਹੀਦਾ ਹੈ।ਸੰਵਾਦ ਨੂੰ ਉਤਸ਼ਾਹਤ ਕਰਨ, ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਭਾਈਚਾਰਿਆਂ ਵਿੱਚ ਵਿਸ਼ਵਾਸ ਨੂੰ ਮੁੜ ਬਣਾਉਣ ਵਿੱਚ ਉਸ ਦੀ ਅਸਮਰੱਥਾ ਨੇ ਰਾਜ ਨੂੰ ਇੱਕ ਨਾਜ਼ੁਕ ਸਥਿਤੀ ਵਿੱਚ ਲੈ ਆਂਦਾ ਹੈ ।ਮੁੱਖ ਮੰਤਰੀ ਦੇ ਜਾਣ ਨਾਲ ਸੰਕਟ ਦਾ ਪ੍ਰਭਾਵੀ ਢੰਗ ਨਾਲ ਪ੍ਰਬੰਧਨ ਕਰਨ ਦੇ ਸਮਰੱਥ ਇੱਕ ਹੋਰ ਸਮਾਵੇਸ਼ੀ ਅਤੇ ਯੋਗ ਅਗਵਾਈ ਦਾ ਰਾਹ ਪੱਧਰਾ ਹੋਵੇਗਾ ।

ਪ੍ਰਧਾਨ ਮੰਤਰੀ ਨੂੰ ਆਪਣੀ ਚੁੱਪ ਤੋੜਨੀ ਚਾਹੀਦੀ ਹੈ ਅਤੇ ਸੰਕਟ ਨੂੰ ਸੁਲਝਾਉਣ ਲਈ ਹੱਥ ਮਿਲਾਉਣਾ ਚਾਹੀਦਾ ਹੈ।ਇਸ ਵਿੱਚ ਮਨੀਪੁਰ ਦਾ ਦੌਰਾ ਕਰਨਾ, ਪ੍ਰਭਾਵਿਤ ਭਾਈਚਾਰਿਆਂ ਨਾਲ ਮੁਲਾਕਾਤ ਕਰਨਾ ਅਤੇ ਸ਼ਾਂਤੀ ਦੇ ਉਪਾਵਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨਾ ਸ਼ਾਮਲ ਹਨ ।

ਸਥਾਨਕ ਸ਼ਾਸਨ ਢਾਂਚੇ ਨੂੰ ਮਜ਼ਬੂਤ ਕਰਨ ਲਈ ਮਿਊਂਸਪੈਲਟੀਆਂ ਅਤੇ ਪੰਚਾਇਤਾਂ ਵਰਗੀਆਂ ਸਥਾਨਕ ਸਵੈ ਸਰਕਾਰਾਂ ਨੂੰ ਤੁਰੰਤ ਸੰਭਾਲਣਾ ਅਤੇ ਕਮਿਊਨਿਟੀ-ਅਗਵਾਈ ਵਾਲੇ ਸਮਾਵੇਸ਼ੀ ਵਿਕਾਸ ਲਈ ਲੋੜੀਂਦੇ ਸਰੋਤ ਪ੍ਰਦਾਨ ਕਰਨਾ ਜੋ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੇ ਹਨ ।

ਸਾਡੇ ਦੇਸ਼ ਦੀ ਖੇਤਰੀ ਅਖੰਡਤਾ ਨੂੰ ਚੁਣੌਤੀ ਦੇਣ ਵਾਲੇ ਇਸਾਈ ਰਾਜ ਦੇ ਸੁਪਨੇ ਦੇਖ ਰਹੇ ਸਮੂਹਾਂ ਵਿਰੁੱਧ ਗੰਭੀਰ ਕਦਮ ਚੁੱਕਣ ਅਤੇ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ ।

ਮਨੀਪੁਰ ਦੀ ਸਥਿਤੀ ਅਣਗਹਿਲੀ ਅਤੇ ਮਾੜੇ ਸ਼ਾਸਨ ਦੀ ਕੀਮਤ ਦੀ ਪੂਰੀ ਯਾਦ ਦਿਵਾਉਂਦੀ ਹੈ । ਸੀ ਪੀ ਆਈ ਦੀ ਮੁੱਖ ਮੰਤਰੀ ਦੇ ਅਸਤੀਫੇ, ਅਫਸਪਾ ਨੂੰ ਵਾਪਸ ਲੈਣ ਅਤੇ ਤੁਰੰਤ ਕੇਂਦਰੀ ਦਖਲ ਦੀ ਮੰਗ ਸੰਕਟ ਦੀ ਲੋੜ ਨੂੰ ਦਰਸਾਉਂਦੀ ਹੈ ।ਫੌਰੀ ਚੁਣੌਤੀਆਂ ਨਾਲ ਨਜਿੱਠਣ ਤੋਂ ਇਲਾਵਾ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਅਜਿਹੇ ਮਨੀਪੁਰ ਦੇ ਨਿਰਮਾਣ ਲਈ ਵਚਨਬੱਧ ਹੋਣਾ ਚਾਹੀਦਾ ਹੈ, ਜਿੱਥੇ ਨਿਆਂ, ਸ਼ਾਂਤੀ ਅਤੇ ਮਾਣ-ਸਨਮਾਨ ਦਾ ਬੋਲਬਾਲਾ ਹੋਵੇ । ਸਿਰਫ਼ ਸਮਾਵੇਸ਼ੀ ਸੰਵਾਦ, ਹਮਦਰਦੀ ਭਰੇ ਸ਼ਾਸਨ ਅਤੇ ਜਵਾਬਦੇਹੀ ਰਾਹੀਂ ਹੀ ਮਨੀਪੁਰ ਦੇ ਲੋਕ ਇੱਕ ਉੱਜਵਲ ਅਤੇ ਵਧੇਰੇ ਸਦਭਾਵਨਾ ਭਰੇ ਭਵਿੱਖ ਦੀ ਉਮੀਦ ਕਰ ਸਕਦੇ ਹਨ ।

# ਸੰਪਰਕ : 99884-91002

# ਪੰਜਾਬ, ਪ੍ਰਵਾਸ ਤੇ ਪਰਵਾਸੀ


ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਅਸੀਂ ਉਸ ਪੰਜਾਬ ਦੀ ਬਾਤ ਪਾਉਣ ਜਾ ਰਹੇ ਹਾਂ, ਜੋ ਕਦੇ ਮਹਾਰਾਜਾ ਰਣਜੀਤ ਸਿੰਘ ਦੇ ਮਹਾਂ-ਪੰਜਾਬ ਦਾ ਹਿੱਸਾ ਹੋਇਆ ਕਰਦਾ ਸੀ, ਜਿਸ 'ਤੇ ਕਦੇ ਮਹਾਰਾਜਾ ਰਣਜੀਤ ਸਿੰਘ ਨੇ ਤਕਰੀਬਨ ਅੱਧੀ ਸਦੀ ਰਾਜ ਕਰਕੇ ਆਪਣੀ ਸੂਝ-ਬੂਝ ਦਾ ਸਬੂਤ ਦਿੱਤਾ। ਉਨ੍ਹਾ ਦੀ ਆਪਣੀ ਪੜ੍ਹਾਈ ਘੱਟ ਹੋਣ ਤੇ ਬਾਵਜੂਦ ਆਪਣੇ ਸਮੁੱਚੇ ਪੰਜਾਬ ਵਿੱਚ ਵਿਦਿਆ ਦਾ ਪਸਾਰ ਕਰਨ ਵਾਸਤੇ ਸਕੂਲਾਂ ਦਾ ਅਜਿਹਾ ਜਾਲ ਵਿਛਾਇਆ ਕਿ ਰਾਜ 'ਚ ਅੰਗੂਠੇ ਛਾਪਾਂ ਨੂੰ ਘਟ ਕੀਤਾ ਜਾ ਸਕੇ। ਫਿਰ ਇਹ ਬਾਕੀ ਦੇਸ਼ ਨਾਲ ਫਰੰਗੀਆਂ ਅਧੀਨ ਹੋ ਗਿਆ, ਜਿਨ੍ਹਾਂ ਤੋਂ ਅਣਗਿਣਤ ਕੁਰਬਾਨੀਆਂ ਅਤੇ ਸ਼ਹਾਦਤਾਂ ਦੇਣ ਤੋਂ ਬਾਅਦ ਅਖੀਰ ਪੰਦਰਾਂ ਅਗਸਤ ਉੱਨੀ ਸੌ ਸੰਤਾਲੀ ਨੂੰ ਆਪਣੀ ਗੁਲਾਮੀ ਦਾ ਜੂਲਾ ਲਾਹ ਸੁੱਟਣ 'ਚ ਕਾਮਯਾਬ ਹੋਇਆ।

ਅਜ਼ਾਦੀ ਤੋਂ ਬਾਅਦ ਵੱਖ-ਵੱਖ ਸਮੇਂ ਵੱਖ-ਵੱਖ ਸਰਕਾਰਾਂ ਨੇ ਪੰਜਾਬ ਨੂੰ ਛਾਂਗਣਾ ਸ਼ੁਰੂ ਕੀਤਾ। ਅਖੀਰ ਅਜ਼ਾਦੀ ਵਾਲੇ ਪੰਜਾਬ ਨੂੰ ਮੁੱਖ ਤਿੰਨ ਭਾਗਾਂ ਵਿੱਚ ਵੰਡ ਕੇ ਮੌਜੂਦਾ ਪੰਜਾਬ ਨੂੰ ਵੱਡੇ ਭਰਾ ਦਾ ਦਰਜਾ ਦੇ ਕੇ ਵੱਖ ਕਰ ਦਿੱਤਾ। ਹੁਣ ਵਾਲੇ ਪੰਜਾਬ ਮਾਝਾ-ਦੁਆਬਾ ਅਤੇ ਮਾਲਵੇ ਦੇ ਲੋਕਾਂ ਦਾ ਇੱਕ ਪੰਜਾਬੀ ਬੋਲਦਾ ਸੂਬਾ ਹੈ, ਜਿਹੜਾ ਆਪਣੇ ਅਨੇਕ ਗੁਣਾਂ ਕਰਕੇ, ਇਸ ਦੀ ਧਰਤੀ ਉਪਜਾਊ ਹੋਣ ਕਰਕੇ ਸਭ ਫਿਰਕਿਆਂ ਦੇ ਗੁਰੂਆਂ ਦੀ ਧਰਤੀ ਹੋਣ ਕਰਕੇ ਅਤੇ ਸਭ ਪੰਜਾਬੀ ਆਪਣੇ ਖੁੱਲ੍ਹੇ ਸੁਭਾਅ ਕਰਕੇ ਮਸ਼ਹੂਰ ਹਨ। ਅੱਜ ਦੇ ਦਿਨ ਸੂਬਾ ਅਤੇ ਕੇਂਦਰ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਲਈ ਅਨਾਜ ਪੈਦਾ ਕਰਕੇ ਦੇਣ ਖਾਤਰ ਅੱਜ ਆਪਣੀ ਜ਼ਮੀਨੀ ਪਾਣੀ ਨੂੰ ਲੱਗਭੱਗ ਮੁਕਾ ਕੇ ਆਪਣੀਆਂ ਜ਼ਮੀਨਾਂ ਬੰਜਰ ਬਣਾ ਚੁੱਕਾ ਹੈ। ਹਰੇ ਇਨਕਲਾਬ ਤੋਂ ਸ਼ੁਰੂ ਹੋਇਆ ਪੰਜਾਬੀ ਕਿਸਾਨ ਸਰਕਾਰਾਂ ਦੀਆਂ ਗਲਤ ਨੀਤੀਆਂ ਸਦਕਾ ਅੱਜ ਵੱਖ-ਵੱਖ ਗਲਤ ਦਵਾਈਆਂ ਖਾਤਰ ਸੋਨਾ ਉਗਾਉਣ ਵਾਲੇ ਖੇਤਾਂ ਨੂੰ ਜ਼ਹਿਰੀਲਾ ਅਤੇ ਬੰਜਰ ਬਣਾ ਚੁੱਕਾ ਹੈ।

ਪਰਵਾਸ ਮਨੁੱਖ ਅਤੇ ਪੰਛੀਆਂ ਦਾ ਜਨਮ ਸਿੱਧ ਅਧਿਕਾਰ ਹੈ। ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਵਿੱਦਿਆ ਬਜਟਾਂ ਵਿੱਚ ਕਟੌਤੀਆਂ ਹੋਣ ਕਰਕੇ-ਯੋਗਤਾ ਮੁਤਾਬਕ ਨੌਕਰੀਆਂ ਨਾ ਮਿਲਣ ਕਰਕੇ ਵਿਦਿਆ ਮੰਦਰਾਂ ਦਾ ਹੌਲੇ-ਹੌਲੇ ਪ੍ਰਾਈਵੇਟ ਕਰਕੇ ਵਿਦਿਆ ਏਨੀ ਮਹਿੰਗੀ ਕਰਨੀ, ਤਾਂ ਕਿ ਗਰੀਬ ਬੱਚਿਆਂ ਦੀ ਪਹੁੰਚ ਤੋਂ ਬਾਹਰ ਹੋਵੇ, ਜਿਸ ਦਾ ਨਤੀਜਾ ਇਹ ਹੋਇਆ ਕਿ ਹਰ ਕੋਈ ਆਪਣਾ ਅਤੇ ਆਪਣੇ ਪਰਵਾਰ ਦਾ ਢਿੱਡ ਭਰਨ ਲਈ ਵਿਦੇਸ਼ੀਂ ਮਜ਼ਦੂਰੀ ਕਰਨ ਲਈ ਆਪਣੀ ਮੌਜੂਦਾ ਜਾਇਦਾਦਾਂ ਵੇਚ ਕੇ ਆਪਣੇ ਸੁਫਨਿਆਂ ਦੇ ਦੇਸ਼ਾਂ ਵੱਲ ਜਾ ਰਿਹਾ ਜਾਂ ਜਾਣ ਲਈ ਆਪਣੀ ਜੇਬ 'ਚ ਪਾਸ ਪੋਰਟਪਾਈ ਫਿਰਦਾ ਹੈ। ਬਾਹਰ ਜਾਣੇ ਵਾਲੇ ਤਰੀਕਿਆਂ 'ਚ ਇਕ ਤਰੀਕਾ ਆਈਲੈੱਟ ਹੈ। ਇਹ ਚਿੱਟਾ ਸੱਚ ਹੈ ਕਿ ਆਈਲੈੱਟ 'ਚੋਂ ਬਣਦੇ ਬੈਂਡ ਲੈਣ 'ਚ ਲੜਕਿਆਂ ਨਾਲੋਂ ਲੜਕੀਆਂ ਜ਼ਿਆਦਾ ਅੱਗੇ ਹਨ। ਜਿਨ੍ਹਾਂ ਬੱਚੀਆਂ ਨੇ ਵੀ ਵਿਆਹ ਰਚਾ ਕੇ ਲੜਕੇ ਵਾਲਿਆਂ ਦੇ ਖਰਚੇ 'ਤੇ ਜਾ ਕੇ ਫਿਰ ਲੜਕਿਆਂ ਨੂੰ ਬੁਲਾਉਂਦੀਆਂ ਹਨ। ਅਜਿਹੇ ਨਾਟਕ ਲਈ ਵੀ ਲੜਕੇ ਵਾਲਿਆਂ ਦਾ ਪੱਚੀ ਤੋਂ ਤੀਹ ਪੈਂਤੀ ਲੱਖ ਲੱਗ ਜਾਂਦਾ ਹੈ। ਆਈਲੈੱਟ ਨੇ ਕਾਫ਼ੀ ਹੱਦ ਤਕ ਜਾਤ-ਪਾਤ ਦਾ ਕੋਹੜ ਵੀ ਖ਼ਤਮ ਕਰਨ 'ਚ ਆਪਣੀ ਭੂਮਿਕਾ ਨਿਭਾਈ ਹੈ। ਇਸ ਤਰੀਕੇ ਨਾਲ ਕਰਾਏ ਵਿਆਹ ਟੁੱਟ ਵੀ ਜਾਂਦੇ ਹਨ, ਪਰ ਇਹ ਸੱਚ ਹੈ ਕਿ ਅੱਜ ਦੇ ਦਿਨ ਪੰਜਾਬ 'ਚ ਲੱਗਭੱਗ 27000 ਸਿੱਖ ਧਾਰਮਿਕ ਸਥਾਨ ਹੋਣ ਕਰਕੇ ਵੀ ਗੁਰੂਆਂ, ਪੀਰਾਂ ਦਾ ਪੰਜਾਬ ਖਾਲੀ ਹੋ ਰਿਹਾ ਹੈ, ਜਿਸ 'ਤੇ ਜਨਤਾ ਦਾ ਇੱਕ ਹਿੱਸਾ ਬਾਹਰ ਜਾਣ ਦੇ ਰੁਝਾਨ ਅਤੇ ਯੂ ਪੀ, ਬਿਹਾਰ ਆਦਿ ਤੋਂ ਆਉਂਦੇ ਪ੍ਰਵਾਸੀਆਂ ਕਾਰਨ ਆਪਣੀ ਅਵਾਜ਼ ਉਚੀ ਕਰਕੇ ਪੰਜਾਬ ਬਚਾਓ ਦੇ ਨਾਅਰੇ ਥੱਲੇ ਸੰਗਠਤ ਹੋ ਰਹੇ ਹਨ। ਦਰਅਸਲ ਉਹ ਪ੍ਰਵਾਸੀਆਂ ਵੱਲੋਂ ਜਾਇਦਾਦਾਂ ਖਰੀਦਣ ਅਤੇ ਉਨ੍ਹਾਂ ਦੇ ਵੋਟ ਅਧਿਕਾਰ ਤੋਂ ਚਿੰਤਤ ਹਨ। ਅੱਜ ਦੇ ਦਿਨ ਸੱਚ ਇਹ ਹੈ ਕਿ ਉਨ੍ਹਾਂ ਬਗੈਰ ਬਚਦਾ ਪੰਜਾਬ ਬਿਲਕੁਲ ਹੀ ਖੰਡਰ ਹੋ ਜਾਵੇਗਾ। ਉਹ ਖੇਤੀ ਕਰ ਅਤੇ ਕਰਾ ਰਹੇ ਹਨ। ਉਹ ਬਾਹਰ ਗਏ ਪਰਵਾਰਾਂ ਦੇ ਬਜ਼ੁਰਗਾਂ ਨੂੰ ਸਾਂਭ ਰਹੇ ਹਨ, ਉਹ ਪੰਜਾਬੀਆਂ ਦੀਆਂ ਜ਼ਮੀਨਾਂ ਅਤੇ ਘਰਾਂ ਦੀ ਦੇਖ-ਭਾਲ ਕਰ ਰਹੇ ਹਨ। ਇਹ ਠੀਕ ਹੈ ਕਿ ਅਜਿਹੇ ਸਭ ਕੁਝ ਦੇ ਬਦਲੇ ਉਹ ਆਪਣਾ ਬਣਦਾ ਮਿਹਨਤਾਨਾ ਲੈ ਰਹੇ ਹਨ। ਅਗਲਾ ਗੁਣ ਇਨ੍ਹਾਂ ਪਰਵਾਸੀਆਂ ਵਿੱਚ ਇਹ ਹੈ ਕਿ ਖੇਤੀ ਤੋਂ ਲੈ ਕੇ ਬਜ਼ਾਰੀ ਦੁਕਾਨਦਾਰੀ ਸਭ ਕਰ ਲੈਂਦੇ ਹਨ। ਸ਼ਹਿਰਾਂ ਵਿੱਚ ਰੇਹੜੀ ਸੰਸਾਰ 'ਤੇ ਤਾਂ ਉਨ੍ਹਾਂ ਦਾ ਲੱਗਭੱਗ ਕੰਮ ਕਰਨ ਕਰਕੇ ਕਬਜ਼ਾ ਹੋ ਚੁੱਕਾ ਹੈ। ਉਨ੍ਹਾਂ ਦਾ ਇੱਕ ਹਿੱਸਾ ਰਾਜਗਿਰੀ ਯਾਨਿ ਮਕਾਨ ਬਣਾਉਣ 'ਚ ਬਹੁਤ ਹੀ ਮਾਹਰ ਸਮਝਿਆ ਜਾਂਦਾ ਹੈ।

ਸਾਡੇ ਪੰਜਾਬੀ ਮਜ਼ਦੂਰ ਖੇਤੀਬਾੜੀ ਦੇ ਕੰਮਾਂ ਦੀ ਬਜਾਏ ਕਾਰਖਾਨਿਆਂ ਜਾਂ ਮਨਰੇਗਾ ਆਦਿ ਕੰਮਾਂ ਵੱਲ ਜ਼ਿਆਦਾ ਕੇਂਦਰਤ ਹਨ। ਪ੍ਰਵਾਸੀ ਵਿਰੋਧੀ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਅੱਗੇ ਹੋ ਕੇ ਸ਼ਹਿਰਾਂ 'ਚ ਰੇੜ੍ਹੀਆਂ 'ਤੇ ਕੰਮ ਕਰਨ ਵਾਲਿਆਂ ਲਈ ਆਪਣੀਆਂ ਰੇਹੜੀਆਂ ਬਣਾ ਕੇ ਪੰਜਾਬੀ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ। ਪੰਜਾਬੀ ਲੇਬਰ ਦੀ ਇੱਕ ਤਰ੍ਹਾਂ ਦੀ ਕੰਪਨੀ ਬਣਾਈ ਜਾਵੇ, ਤਾਂ ਕਿ ਲੋੜ ਪੈਣ 'ਤੇ ਲੋੜਵੰਦ ਕਿਸਾਨ ਉਸ ਲੇਬਰ ਵਿੱਚੋਂ ਆਪਣੇ ਕੰਮ ਪੂਰੇ ਕਰਾ ਕੇ ਮਿਹਨਤ ਦਾ ਭੁਗਤਾਨ ਕਰਨ। ਪਰਵਾਸ ਦਾ ਰੁਝਾਨ ਪੰਜਾਬ ਦੀਆਂ ਬਾਕੀ ਬਰਾਦਰੀਆਂ ਵਿੱਚ ਵੀ ਵਧਿਆ ਹੈ। ਉਹ ਵੀ ਆਪਣੀ ਪਹੁੰਚ ਮੁਤਾਬਕ ਗਲਫ ਕੰਟਰੀ ਅਤੇ ਯੂਰਪ ਦੇ ਛੋਟੇ-ਛੋਟੇ ਦੇਸ਼ਾਂ 'ਚ ਸਮੇਤ ਇੰਗਲੈਂਡ ਅਤੇ ਕੈਨੇਡਾ ਦੀ ਟਰਾਈ ਕਰ ਰਹੇ ਹਨ, ਬਲਕਿ ਉਨ੍ਹਾਂ ਦਾ ਇੱਕ ਹਿੱਸਾ ਵੀ ਵਿਦੇਸ਼ਾਂ ਵਿੱਚ ਵਸ ਚੁੱਕਾ ਹੈ। ਅਗਰ ਪੰਜਾਬੀ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਸਮੇਂ ਜਾ ਕੇ ਉਥੇ ਦੇ ਪੱਕੇ ਸ਼ਹਿਰੀ ਬਣ ਚੁੱਕੇ ਹਨ, ਜਾਇਦਾਦਾਂ ਦੇ ਮਾਲਕ ਹਨ। ਬਹੁਤੇ ਦੇਸ਼ਾਂ 'ਚ ਪੰਜਾਬੀ ਉਥੇ ਦੀਆਂ ਸਰਕਾਰਾਂ ਵਿੱਚ ਵੱਖ-ਵੱਖ ਸਮੇਂ ਚੁਣ ਕੇ ਜਾ ਚੁੱਕੇ ਹਨ। ਜੋ ਉਥੇ ਦੇਸ਼ ਦੇ ਮੁਖੀ ਤੋਂ ਲੈ ਕੇ ਵਜ਼ੀਰੀਆਂ ਤੱਕ ਅਹੁਦੇ ਮਾਣ ਰਹੇ ਹਨ, ਜਿਸ 'ਤੇ ਉਥੋਂ ਦੇ ਲੋਕਾਂ ਤੋਂ ਲੈ ਕੇ ਸਰਕਾਰ ਤੱਕ ਕਿਸੇ ਨੂੰ ਇਤਰਾਜ਼ ਨਹੀਂ ਤਾਂ ਫਿਰ ਪੰਜਾਬੀਆਂ ਦੇ ਉਸ ਹਿੱਸੇ ਨੂੰ ਵੀ ਸਿਆਣਾ ਬਣਨਾ ਚਾਹੀਦਾ ਹੈ, ਜੋ ਪ੍ਰਵਾਸੀਆਂ ਦੇ ਵਿਰੁੱਧ ਅਵਾਜ਼ ਉੱਚੀ ਕਰ ਰਿਹਾ ਹੈ।

*'ਏਕ ਨੂਰ ਤੇ ਸਭ ਜਗੁ ਉਪਜਿਆ ਕੌਣ ਭਲੇ ਕੌਣ ਮੰਦੇ ॥'*

*#ਸੰਪਰਕ : 98721-65741*

# ਦੇਸ਼ 'ਚ ਫਿਰਕੂ ਸਦਭਾਵਨਾ ਦੀ ਲੋੜ


ਸੁਰਜੀਤ ਸਿੰਘ

ਬਾਬਰੀ ਮਸਜਿਦ ਢਾਹੁਣ ਨਾਲ ਦੁਨੀਆ ਭਰ ਦੇ ਮੁਸਲਮਾਨਾਂ ਵਿਚ ਹਿੰਦੂਆਂ ਪ੍ਰਤੀ ਬਹੁਤ ਜ਼ਿਆਦਾ ਨਫਰਤ ਅਤੇ ਗੁੱਸਾ ਫੈਲ ਗਿਆ ਸੀ। ਦੁਨੀਆ ਦੇ ਕਈ ਦੇਸ਼ਾਂ ਵਿਚ ਹਿੰਸਾ ਹੋਈ, ਜਿਸ ਵਿਚ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਹਿੰਦੂਆਂ ਦੇ ਖਿਲਾਫ ਮੁਸਲਮਾਨਾਂ ਦਾ ਗੁੱਸਾ ਫੁਟਿਆ। ਬੰਗਲਾਦੇਸ਼ ਵਰਗੇ ਦੇਸ਼ਾਂ ਵਿਚ ਜਨੂੰਨੀਆਂ ਨੇ ਘੱਟ ਗਿਣਤੀ ਹਿੰਦੂਆਂ ਦੇ ਜਾਨ ਅਤੇ ਮਾਲ ਨੂੰ ਨੁਕਸਾਨ ਪਹੁੰਚਾਇਆ। ਉਮਾ ਭਾਰਤੀ ਅਤੇ ਸਾਧਵੀ ਰਿਤੰਬਰਾ ਵਰਗੀਆਂ ਲੀਡਰਾਂ ਨੇ ਮਸਜਿਦ ਤੋੜਨ ਵੇਲੇ ਭੀੜ ਨੂੰ ਉਕਸਾਉਣ ਲਈ 'ਏਕ ਧੱਕਾ ਔਰ ਦੋ, ਬਾਬਰੀ ਮਸਜਿਦ ਤੋੜ ਦੋ' ਵਰਗੇ ਨਾਅਰੇ ਦੇ ਕੇ ਭੀੜ ਨੂੰ ਉਕਸਾਇਆ, ਜਿਸ ਸ਼ਖਸ ਨੇ ਬਾਬਰੀ ਮਸਜਿਦ ਤੋੜਨ ਲਈ ਉਸ ਦੇ ਗੁੰਬਦ 'ਤੇ ਚੜ੍ਹ ਕੇ ਪਹਿਲਾ ਹਥੌੜਾ ਚਲਾਇਆ ਸੀ, ਦੱਸਿਆ ਜਾਂਦਾ ਹੈ ਕਿ ਉਸ ਵਿਚਾਰੇ ਨੂੰ ਬਾਅਦ ਵਿੱਚ ਕਿਸੇ ਨੇ ਨਹੀਂ ਪੁੱਛਿਆ।

ਉਹ ਪਛਤਾਵੇ ਦੀ ਅੱਗ ਵਿਚ ਝੁਲਸਦਾ ਰਿਹਾ। ਸੁਣਿਆ ਕਿ ਉਸ ਨੇ ਪਛਤਾਵੇ ਦੇ ਤੌਰ ਤੋਂ ਇਸਲਾਮ ਧਰਮ ਕਬੂਲ ਕਰ ਲਿਆ ਸੀ। ਸਮੇਂ ਦੇ ਨਾਲ ਜਨੂੰਨੀ ਅੱਗ ਠੰਢੀ ਹੋਈ ਅਤੇ ਹਿੰਦੂ-ਮੁਸਲਿਮ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਗਈ। ਧਰਮ ਨਿਰਪੇਖ ਭਾਰਤ ਬੇਸ਼ੱਕ ਸੰਵਿਧਾਨ ਅਨੁਸਾਰ ਕਿਸੇ ਧਰਮ ਜਾਂ ਫਿਰਕੇ ਦੀ ਜਾਮਨੀ ਨਹੀਂ ਭਰਦਾ, ਪਰ ਫੇਰ ਵੀ ਦੇਸ਼ ਦੀਆਂ ਸਿਆਸੀ ਪਾਰਟੀਆਂ ਧਰਮ, ਜਾਤ ਅਤੇ ਬਰਾਦਰੀਆਂ ਵਿਚ ਵਖਰੇਵਾਂ ਖੜ੍ਹਾ ਕਰਕੇ ਆਪਣੀ ਵੋਟ ਦੀ ਰਾਜਨੀਤੀ ਖੇਡਦੀ ਰਹੀਆਂ ਹਨ। ਧਰਮ ਨਿਰਪੇਖ ਸਿਆਸੀ ਪਾਰਟੀਆਂ ਧਰਮ ਨਿਰਪੇਖਤਾ ਦੇ ਓਹਲੇ ਅਤੇ ਧਰਮ ਦੇ ਅਧਾਰ 'ਤੇ ਬਣੀਆਂ ਸਿਆਸੀ ਪਾਰਟੀਆਂ ਸਰੇਆਮ ਆਪਣੇ ਸੌੜੇ ਸਿਆਸੀ ਹਿੱਤਾਂ ਅਤੇ ਰਾਜ ਸੱਤਾ 'ਤੇ ਕਾਬਜ਼ ਹੋਣ ਲਈ ਫਿਰਕਿਆਂ ਵਿਚ ਆਪਸੀ ਟਕਰਾਅ ਪੈਦਾ ਕਰਕੇ ਆਪਣਾ ਮਨੋਰਥ ਸਿੱਧ ਕਰਦੀਆਂ ਰਹੀਆਂ ਹਨ। ਸਾਲ 2014 ਤੋਂ ਲੈ ਕੇ ਫਿਰਕਾਪ੍ਰਸਤੀ ਦੀ ਖੇਡ ਹੁਣ ਸਰੇਆਮ ਹੋ ਗਈ ਹੈ। ਦੇਸ਼ ਦੇ ਸੰਵਿਧਾਨ ਵਿਚੋਂ 'ਧਰਮ ਨਿਰਪੇਖ' ਸ਼ਬਦ ਨੂੰ ਹਟਾ ਕੇ ਹਿੰਦੂ ਰਾਸ਼ਟਰ ਐਲਾਨਣ ਦੀ ਮੰਗ ਨੂੰ ਲੈ ਕੇ ਆਰ ਐੱਸ ਐੱਸ ਵਰਗੀ ਜਨੂੰਨੀ ਜਥੇਬੰਦੀਆਂ ਵੱਲੋਂ ਸਮੇਂ-ਸਮੇਂ 'ਤੇ ਜ਼ਬਰਦਸਤ ਅਵਾਜ਼ਾਂ ਚੁੱਕੀਆਂ ਜਾ ਰਹੀਆਂ ਹਨ। ਦੇਸ ਦੀ ਗੰਗਾ-ਜਨੂੰਨੀ ਤਹਿਜ਼ੀਬ ਨੂੰ ਕੁਰਬਾਨ ਕਰਕੇ ਸਦੀਆਂ ਤੋਂ ਚਲੀ ਆ ਰਹੀ ਹਿੰਦੂ-ਮੁਸਲਿਮ ਭਾਈਚਾਰਕ ਸਾਂਝ ਨੂੰ ਤੋੜ ਕੇ ਅਤੇ ਬਹੁ-ਗਿਣਤੀ ਹਿੰਦੂਆਂ ਨੂੰ ਘੱਟ ਗਿਣਤੀ ਮੁਸਲਮਾਨਾਂ ਤੋਂ ਉਹਨਾਂ ਦੀ ਹੋਂਦ ਨੂੰ ਖਤਰਾ ਦੱਸ ਕੇ ਘੱਟ ਗਿਣਤੀ 'ਤੇ ਅੱਤਿਆਚਾਰ ਕਰਕੇ ਅਤੇ ਫਿਰਕੂ ਫਸਾਦ ਕਰਾ ਕੇ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਣ ਦੀਆਂ ਸਾਜਿਸ਼ਾਂ ਨੇ ਦੇਸ਼ ਦੇ ਜਮਹੂਰੀ ਢਾਂਚੇ ਨੂੰ ਤਾਰ-ਤਾਰ ਕਰਕੇ ਰੱਖ ਦਿੱਤਾ। ਕਦੇ ਲਵ ਜਿਹਾਦ, ਮੌਬ ਲਿੰਚਿੰਗ ਕਦੇ ਮੁਸਲਮਾਨਾਂ ਤੋਂ ਵੋਟ ਦਾ ਹੱਕ ਖੋਹ ਲੈਣ ਦੀ ਮੰਗ ਅਤੇ ਕਦੇ ਪਾਕਿਸਤਾਨ ਤੋਂ ਖਤਰੇ ਬਾਰੇ ਬਿਆਨਬਾਜੀ ਕਰਕੇ ਕੱਟੜ ਦਿਮਾਗੀ ਸੋਚ ਵਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।

ਹਾਲੀਆ ਦਿਨਾਂ ਵਿਚ ਉੱਤਰ ਪ੍ਰਦੇਸ ਦੇ ਸ਼ਹਿਰ ਸੰਭਲ ਵਿਖੇ ਹੋਈ ਹਿੰਸਾ ਵਿਚ ਮਾਰੇ ਗਏ ਚਾਰ ਨੌਜਵਾਨਾਂ ਦੀ ਮੌਤ ਨੇ ਦੇਸ਼ ਦੇ ਮੱਥੇ 'ਤੇ ਇੱਕ ਹੋਰ ਕਲੰਕ ਜੜ੍ਹ ਦਿੱਤਾ ਹੈ। ਮੁੱਦਾ ਮੁਗਲ ਬਾਦਸ਼ਾਹ ਬਾਬਰ ਵੱਲੋਂ ਸੰਨ 1526 ਈਸਵੀ ਵਿੱਚ ਕਥਿਤ ਤੌਰ 'ਤੇ ਹਿੰਦੂ ਮੰਦਰ ਢਾਹ ਕੇ ਬਣੀ ਸ਼ਾਹੀ ਜਾਮਾ ਮਸਜਿਦ ਦੇ ਮਾਣਯੋਗ ਅਦਾਲਤ ਵੱਲੋਂ ਜਾਰੀ ਕੀਤੇ ਸਰਵੇ ਦੇ ਫਰਮਾਨ ਤੋਂ ਬਾਅਦ ਇੱਕ ਫਿਰਕੇ ਦੇ ਲੋਕ ਤੈਸ਼ ਵਿੱਚ ਆ ਕੇ ਸਰਵੇ ਦਾ ਵਿਰੋਧ ਕਰਨ ਤੇ ਉਤਰ ਆਏ, ਜਿਸ ਨੇ ਵਿਆਪਕ ਹਿੰਸਾ, ਭੰਨ-ਤੋੜ ਅਤੇ ਖ਼ੂਨ-ਖਰਾਬੇ ਨੂੰ ਜਨਮ ਦਿੱਤਾ। ਪੂਜਾ ਸਥਾਨਾਂ ਬਾਰੇ ਸਾਲ 1991 ਵਿਚ ਬਣੇ ਕਾਨੂੰਨ 'ਪਲੇਸਿਸ ਆਫ ਵਰਸ਼ਿਪ' (ਸਪੈਸ਼ਲ ਪਰੋਵਿਜਨਜ) ਐਕਟ -1991 ਅਨੁਸਾਰ 15 ਅਗਸਤ 1947 ਨੂੰ ਧਾਰਮਿਕ ਸਥਾਨਾਂ ਦਾ ਜੋ ਸਟੇਟਸ ਸੀ, ਉਹ ਬਰਕਰਾਰ ਰਹੇਗਾ। ਇਸ ਵਿਚੋਂ ਰਾਮ ਜਨਮ ਅਤੇ ਬਾਬਰੀ ਮਸਜਿਦ ਨੂੰ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਇਸੇ ਤਰਾਂ ਮਥੁਰਾ ਅਤੇ ਵਾਰਾਨਸੀ ਦੀਆਂ ਮਸਜਿਦਾਂ ਬਾਰੇ ਕਲੇਸ਼ ਖੜ੍ਹਾ ਹੋ ਗਿਆ, ਜਿਸ ਵਿਚ ਹਿੰਦੂ ਪੱਖਕਾਰ ਸੰਗਠਨਾਂ ਨੇ ਇਹਨਾਂ ਮਸਜਿਦਾਂ ਤੇ ਇਹ ਦਾਅਵਾ ਠੋਕ ਦਿੱਤਾ ਕਿ ਇਹ ਮਸਜਿਦਾਂ ਵੀ ਹਿੰਦੂ ਮੰਦਰ ਢਾਹ ਕੇ ਉਸਾਰੀਆਂ ਗਈਆਂ ਹਨ। ਲਿਹਾਜ਼ਾ ਇਹਨਾਂ ਸਥਾਨਾਂ ਤੇ ਹਿੰਦੂ ਮੰਦਿਰ ਹੋਣੇ ਚਾਹੀਦੇ ਹਨ। ਗੱਲ ਏਥੇ ਹੀ ਨਹੀਂ ਰੁਕੀ ਰਾਜਸਥਾਨ ਦੀ ਇੱਕ ਅਦਾਲਤ ਵੱਲੋਂ ਵੀ ਇੱਕ ਪੱਖਕਾਰ ਵੱਲੋਂ ਹਾਲੀਆ ਦਾਇਰ ਕੀਤੀ ਇੱਕ ਪਟੀਸ਼ਨ ਮਨਜ਼ੂਰ ਕਰ ਲਈ ਹੈ, ਜਿਸ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਅਜਮੇਰ ਸ਼ਰੀਫ ਦਰਗਾਹ ਵੀ ਹਿੰਦੂ ਮੰਦਰ 'ਤੇ ਬਣੀ ਹੋਈ ਹੈ, ਜਦਕਿ ਅਜਮੇਰ ਸ਼ਰੀਫ ਦਰਗਾਹ ਹਿੰਦੂ ਅਤੇ ਮੁਸਲਮਾਨ ਦੋਹਾਂ ਲਈ ਸਨਮਾਨਜਨਕ ਅਸਥਾਨ ਹੈ। ਦੋਵੇਂ ਫਿਰਕੇ ਆਪਣੇ ਇਸ ਅਸਥਾਨ ਵਾਸਤੇ ਆਪੋ-ਆਪਣੀ ਡੂੰਘੀ ਆਸਥਾ ਰਖਦੇ ਹਨ। ਹੋਰ ਤਾਂ ਹੋਰ ਜਨੂੰਨੀ ਲੋਕਾਂ ਅਤੇ ਸੰਗਠਨਾਂ ਨੇ ਤਾਂ ਆਗਰਾ ਦੇ ਤਾਜ ਮਹਿਲ 'ਤੇ ਵੀ ਅਪਣਾ ਦਾਅਵਾ ਠੋਕ ਕੇ ਕਿਹਾ ਕਿ ਇਹ ਮਕਬਰਾ ਵੀ ਹਿੰਦੂ ਮੰਦਰ ਦੇ ਅਸਥਾਨ 'ਤੇ ਹੀ ਬਣਿਆ ਹੈ। ਦੇਸ਼ ਵਿਚ ਜਿਸ ਤਰਾਂ ਦੀ ਜਨੂੰਨੀ ਅਤੇ ਜ਼ਹਿਰੀਲੀ ਹਵਾ ਚੱਲ ਰਹੀ ਹੈ, ਉਸ ਤੋਂ ਇਹ ਲਗਦਾ ਹੈ ਕਿ ਦੇਸ਼ ਦਾ ਅਕਸ ਦੁਨੀਆਂ ਵਿਚ ਤਬਾਹ ਤਾਂ ਹੋਵੇਗਾ ਹੀ, ਨਾਲ ਹੀ ਦੇਸ਼ ਵਿਚ ਫਿਰਕਾਪ੍ਰਸਤੀ ਨੂੰ ਹੋਰ ਜ਼ਿਆਦਾ ਤਾਕਤ ਹਾਸਲ ਹੋਵੇਗੀ, ਜਿਸ ਨਾਲ ਦੇਸ ਵਿਚ ਫਿਰਕੂ ਫਸਾਦ ਹੋਣ ਦਾ ਖਤਰਾ ਹੋ ਸਕਦਾ ਹੈ। ਘੱਟ ਗਿਣਤੀ ਫਿਰਕਾ ਅੱਜ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦਾ। ਉਹ ਖੁਦ ਨੂੰ ਦੂਜੇ ਦਰਜੇ ਦੇ ਨਾਗਰਿਕ ਸਮਝਦੇ ਹਨ। ਉਹਨਾਂ ਦੇ ਘਰਾਂ ਉੱਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਅਜਿਹੇ ਹਾਲਾਤ ਵਿਚ ਭਾਈਚਾਰਕ ਸਾਂਝ ਨੂੰ ਵੱਡੀ ਸੱਟ ਵੱਜਦੀ ਹੈ, ਪਰ ਇਸ ਸਾਜ਼ਿਸ਼ ਦੀ ਸਿਆਸੀ ਲੋਕਾਂ ਨੂੰ ਸੱਤਾ 'ਤੇ ਕਾਬਜ਼ ਹੋਣ ਵਿਚ ਵੱਡੀ ਮਦਦ ਮਿਲ ਜਾਂਦੀ ਹੈ। ਅੱਜ ਵੀ ਕਈ ਸਹਿਰਾਂ ਅਤੇ ਕਸਬਿਆਂ ਵਿਚ ਜਿਥੇ ਦੰਗੇ ਹੁੰਦੇ ਹਨ, ਉਹਨਾਂ ਨੂੰ ਲੋਕ ਪਾਕਿਸਤਾਨ ਦਾ ਇਲਾਕਾ ਕਹਿੰਦੇ ਹਨ। ਬਹੁ-ਗਿਣਤੀ ਦੀ ਆਬਾਦੀ ਵਿੱਚੋਂ ਘੱਟ ਗਿਣਤੀ ਵਾਲੇ ਦੂਜੇ ਫਿਰਕੇ ਦੇ ਲੋਕ ਮਹਿਫੂਜ਼ ਬਸੇਰੇ ਦੀ ਤਲਾਸ਼ ਵਿਚ ਹਿਜਰਤ ਕਰ ਜਾਂਦੇ ਹਨ। ਇਹ ਦੇਸ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਕਰਤਾਰ ਸਿੰਘ ਸਰਾਭੇ, ਸੁਭਾਸ ਚੰਦਰ ਬੋਸ ਵਰਗੇ ਅਣਗਿਣਤ ਸ਼ਹੀਦਾਂ ਦਾ ਦੇਸ਼ ਹੈ, ਜਿਹਨਾਂ ਨੇ ਦੇਸ਼ ਦੀ ਅਜ਼ਾਦੀ ਅਤੇ ਫਿਰਕਾਪ੍ਰਸਤੀ ਨਾਲ ਲੜਦਿਆਂ ਆਪਣੀਆਂ ਜ਼ਿੰਦਗੀਆਂ ਵਾਰ ਦਿੱਤੀਆਂ।

ਦੇਸ਼ ਦੀ ਆਜ਼ਾਦੀ ਵਿਚ ਹਿੰਦੂ, ਸਿੱਖ, ਮੁਸਲਮਾਨ ਸਮੇਤ ਸਾਰੇ ਫਿਰਕਿਆਂ ਨੇ ਬਿਨਾਂ ਕਿਸੇ ਸਵਾਰਥ ਦੇ ਬਲੀਦਾਨ ਦਿੱਤੇ। ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਸਰਦਾਰ ਪਟੇਲ, ਬਾਬਾ ਸਾਹਿਬ ਅੰਬੇਡਕਰ ਅਤੇ ਅਬੁਲ ਕਲਾਮ ਆਜ਼ਾਦ ਵਰਗੇ ਲੀਡਰਾਂ ਨੇ ਦੇਸ਼ ਦੇ ਧਰਮ ਨਿਰਪੇਖ ਢਾਂਚੇ ਦੀ ਨੀਂਹ ਰੱਖੀ, ਤਾਂਕਿ ਦੇਸ਼ ਵਿਚ ਵਸਦੇ ਵੱਖ-ਵੱਖ ਫਿਰਕਿਆਂ ਦੇ ਲੋਕ ਆਪਸੀ ਭਾਈਚਾਰਕ ਸਾਂਝ ਬਣਾ ਕਿ ਅਮਨ-ਅਮਾਨ ਨਾਲ ਰਹਿ ਸਕਣ। ਦੁਨੀਆਂ ਦੇ ਦੇਸ਼ ਵੀ ਇਸ ਗੱਲ 'ਤੇ ਹੈਰਾਨ ਹਨ ਕਿ ਐਡਾ ਵੱਡਾ ਮੁਲਕ, ਜਿਸ ਵਿਚ ਵੱਖ-ਵੱਖ ਭਾਂਤ ਦੀਆਂ ਰਸਮਾਂ, ਰਿਵਾਜ, ਫਿਰਕੇ ਅਤੇ ਧਰਮ ਹਨ, ਉਹ ਇਸ ਢੰਗ ਨਾਲ ਇਕੱਠੇ ਕਿਵੇਂ ਰਹਿ ਸਕਦੇ ਹਨ। ਇਹੋ ਸਾਡੇ ਲੋਕਤੰਤਰ ਦੀ ਖ਼ੂਬਸੂਰਤੀ ਹੈ ਕਿ ਏਥੇ ਅਨੇਕਤਾ ਵਿੱਚ ਏਕਤਾ ਦਾ ਵਾਸ ਹੈ। ਦੇਸ਼ ਦੀ ਬਦਕਿਸਮਤੀ ਇਹ ਹੈ ਕਿ ਪਿਛਲੇ ਦਸ ਸਾਲਾਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਵੋਟ ਦੀ ਰਾਜਨੀਤੀ ਨੂੰ ਮੁੱਖ ਰਖਦਿਆਂ ਨਫਰਤ ਦਾ ਬਾਜਾਰ ਗਰਮ ਰੱਖਿਆ ਹੋਇਆ ਹੈ। ਮੰਦਰ-ਮਸਜਿਦ ਵਿਵਾਦਾਂ ਨੂੰ ਮੁੱਕਣ ਦੀ ਬਜਾਏ ਜ਼ਿਦਾ ਰੱਖਿਆ ਹੋਇਆ ਹੈ। ਪ੍ਰਧਾਨ ਮੰਤਰੀ ਮੋਦੀ ਚੋਣ ਪ੍ਰਚਾਰ ਦੌਰਾਨ ਤੁਹਾਡੇ ਮੰਗਲ ਸੂਤਰ ਖੋਹ ਲੈਣ ਵਰਗੇ ਤਰਾਂ-ਤਰਾਂ ਦੇ ਡਰਾਵੇ ਮਾਸੂਮ ਲੋਕਾਂ ਨੂੰ ਦੇ ਕੇ ਡਰਾਉਂਦੇ ਰਹੇ ਹਨ। ਦੇਸ ਵਿਚ ਜਿਸ ਤਰ੍ਹਾਂ ਦੀ ਫਿਰਕੂ ਸੋਚ ਨੂੰ ਹਵਾ ਦਿੱਤੀ ਜਾ ਰਹੀ ਹੈ, ਉਸ ਨਾਲ ਦੇਸ਼ ਦਾ ਸੰਵਿਧਾਨ ਅਤੇ ਉਸ ਦੀ ਧਰਮ ਨਿਰਪੇਖ ਸੰਕਲਪਨਾ ਗੰਭੀਰ ਖਤਰੇ ਵਿਚ ਹੈ।

# ਸੰਪਰਕ : 98154-61301

### ਮਾਮਲਾ ਕੁਰਾਨ ਸ਼ਰੀਫ ਦੀ ਬੇਅਦਬੀ ਦਾ

# ਸ਼੍ਰੋਮਣੀ ਅਕਾਲੀ ਦਲ ਤੇ ਮੁਸਲਿਮ ਸਮਾਜ ਦੇ ਲੋਕਾਂ ਨੇ ਕੇਜਰੀਵਾਲ ਦਾ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਕਰੀਬ 8 ਸਾਲ ਪਹਿਲਾਂ ਮਾਲੇਰਕੋਟਲਾ 'ਚ ਵਾਪਰੇ ਕੁਰਆਨ ਸ਼ਰੀਫ ਬੇਅਦਬੀ ਮਾਮਲੇ 'ਚ ਮਾਲੇਰਕੋਟਲਾ ਅਦਾਲਤ ਵੱਲੋਂ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਮਹਿਰੌਲੀ ਹਲਕੇ ਤੋਂ ਵਿਧਾਇਕ ਨਰੇਸ਼ ਯਾਦਵ ਨੂੰ ਦੋਸ਼ੀ ਠਹਿਰਾਉਂਦੇ ਹੋਏ ਸੁਣਾਈ ਗਈ 2 ਸਾਲ ਦੀ ਸਜ਼ਾ ਉਪਰੰਤ ਮੁਸਲਿਮ ਭਾਈਚਾਰੇ ਅੰਦਰ ਆਮ ਆਦਮੀ ਪਾਰਟੀ ਖਿਲਾਫ ਭਾਰੀ ਰੋਸ ਪੈਦਾ ਹੋ ਗਿਆ ਹੈ। ਮੁਸਲਿਮ ਸਮਾਜ ਦੇ ਵੱਖ-ਵੱਖ ਆਗੂਆਂ ਵੱਲੋਂ ਜਿਥੇ ਅਦਾਲਤ ਦੇ ਫੈਸਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ, ਉਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂਆਂ ਤੇ ਵਰਕਰਾਂ ਨੇ ਅੱਜ ਇਥੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਨਾਲ ਲੈ ਕੇ ਹਲਕਾ ਇੰਚਾਰਜ਼ ਜ਼ਾਹਿਦਾ ਸੁਲੇਮਾਨ ਦੀ ਅਗਵਾਈ ਹੇਠ ਦਿੱਲੀ ਗੇਟ ਚੌਂਕ 'ਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਵਿਧਾਇਕ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਲੋਕਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਬੀਬੀ ਜ਼ਾਹਿਦਾ ਸੁਲੇਮਾਨ ਅਤੇ ਅਕਾਲੀ ਦਲ ਦੇ ਸ਼ਹਿਰੀ ਸਰਕਲ ਪ੍ਰਧਾਨ ਸ਼ਫੀਕ ਚੌਹਾਨ ਨੇ ਕਿਹਾ ਕਿ ਅਸੀਂ ਸਥਾਨਕ ਅਦਾਲਤ ਦੇ ਫੈਸਲੇ ਦਾ ਭਾਵੇਂ ਸਵਾਗਤ ਕਰਦੇ ਹਾਂ, ਪਰੰਤੂ ਦੋਸ਼ੀ ਠਹਿਰਾਏ ਗਏ ਨਰੇਸ਼ ਯਾਦਵ ਨੂੰ ਸੁਣਾਈ ਗਈ 2 ਸਾਲ ਦੀ ਸਜ਼ਾ ਬਹੁਤ ਘੱਟ ਹੈ । ਅਸੀਂ ਸਜ਼ਾ ਵਧਾਏ ਜਾਣ ਦੀ ਮੰਗ ਨੂੰ ਲੈ ਕੇ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ 'ਚ ਜਾਵਾਂਗੇ। ਅਕਾਲੀ ਆਗੂਆਂ ਨੇ ਸੰਬੋਧਨ ਦੌਰਾਨ ਜਿਥੇ ਸਥਾਨਕ ਮੁਸਲਿਮ ਵਿਧਾਇਕ ਤੋਂ ਅਸਤੀਫੇ ਦੀ ਮੰਗ ਕੀਤੀ ਉਥੇ ਉਨ੍ਹਾਂ ਮੁੱਖ ਚੋਣ ਕਮਿਸ਼ਨ ਨੂੰ ਬੇਨਤੀ ਕੀਤੀ ਕਿ ਆਮ ਆਦਮੀ ਪਾਰਟੀ ਦੀ ਮਾਨਤਾ ਰੱਦ ਕੀਤੀ ਜਾਵੇ।ਬੁਲਾਰਿਆਂ ਨੇ ਆਮ ਆਦਮੀ ਪਾਰਟੀ ਦੇ ਖਿਲਾਫ ਕੀਤੀਆਂ ਗਈਆਂ ਧੂੰਆਂ-ਧਾਰ ਤਕਰੀਰਾਂ ਦੌਰਾਨ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਖਿਲਾਫ ਵੀ ਕਾਰਵਾਈ ਹੋਣੀ ਚਾਹੀਦੀ ਹੈ, ਕਿਉਂਕਿ ਨਰੇਸ਼ ਯਾਦਵ ਇੱਕਲੇ ਇੰਨੀ ਵੱਡੀ ਘਟਨਾਂ ਨੂੰ ਅੰਜਾਮ ਨਹੀਂ ਦੇ ਸਕਦਾ। ਉਕਤ ਕੁਰਆਨ ਸ਼ਰੀਫ ਬੇਅਦਬੀ ਘਟਨਾਂ ਪਿੱਛੇ ਕੇਜਰੀਵਾਲ ਦਾ ਵੀ ਕਥਿਤ ਹੱਥ ਹੋਣ ਦਾ ਦੋਸ਼ ਲਗਾਉਂਦੇ ਹੋਏ ਅਕਾਲੀ ਆਗੂਆਂ ਨੇ ਸਮੂਹ ਮੁਸਲਿਮ ਭਾਈਚਾਰੇ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਆਮ ਆਦਮੀ ਪਾਰਟੀ ਨਾਲ ਕੋਈ ਵੀ ਸਬੰਧ ਨਾ ਰੱਖਿਆ ਜਾਵੇ। ਇਸ ਮੌਕੇ ਸੰਬੋਧਨ ਕਰਨ ਵਾਲੇ ਬੁਲਾਰਿਆਂ 'ਚ ਹਲਕਾ ਇੰਚਾਰਜ਼ ਜ਼ਾਹਿਦਾ ਸੁਲੇਮਾਨ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਧਲੇਰ, ਸ਼ਹਿਰੀ ਪ੍ਰਧਾਨ ਸ਼ਫੀਕ ਚੌਹਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਆਗੂ ਅਨਵਾਰ ਅਹਿਮਦ ਬਿੱਟੂ ਚੌਹਾਨ, ਸੁਲੇਮਾਨ ਨੋਨਾ, ਚੌਧਰੀ ਮੁਹੰਮਦ ਸ਼ਮਸਾਦ, ਮਨਦੀਪ ਸਿੰਘ ਮਾਣਕਵਾਲ, ਮੁਹੰਮਦ ਰਫੀਕ ਫੋਗਾ, ਮੁਹੰਮਦ ਅਸ਼ਰਫ ਮਾਲਿਕ, ਮੁਹੰਮਦ ਸ਼ਕੀਲ ਅਤੇ ਮੁਨਸ਼ੀ ਫਾਰੂਕ ਸਮੇਤ ਕਈ ਹੋਰ ਪਤਵੰਤੇ ਸ਼ਾਮਲ ਸਨ।

## ਪਾਲਤੂ ਕੁੱਤੇ ਵੱਲੋਂ ਘਰ ਅੱਗੇ ਲੈਟਰੀਨ ਕਰਨ ਤੋਂ ਰੋਕਣ 'ਤੇ ਗਵਾਂਢੀਆਂ ਨੇ ਕੀਤੀ ਕੁੱਟਮਾਰ

**ਦੋਰਾਹਾ (ਹਰਮਿੰਦਰ ਸੇਠ)**-ਨੇੜਲੇ ਪਿੰਡ ਕੱਦੋਂ ਵਿੱਚ ਕੁੱਤੇ ਨੂੰ ਲੈ ਕੇ ਨੌਜਵਾਨ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ਿਕਾਇਤਕਰਤਾ ਗਗਨਦੀਪ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਪਿੰਡ ਦੇ ਪੰਚਾਇਤ ਮੈਂਬਰ ਕੋਲ ਉਸ ਦੇ ਗੁਆਂਢੀਆਂ ਵਲੋਂ ਲਗਾਤਾਰ ਗਲੀ ਵਿਚ ਉਸ ਦੇ ਘਰ ਅੱਗੇ ਉਨ੍ਹਾਂ ਦੇ ਪਾਲਤੂ ਕੁੱਤੇ ਵਲੋਂ ਲੈਟਰੀਨ ਕਰਨ ਦਾ ਮਾਮਲਾ ਉਠਾਇਆ ਤਾਂ ਕੁੱਤੇ ਦੇ ਮਾਲਕ ਅਤੇ ਉਸ ਦੇ ਪਰਵਾਰ ਨੇ ਇਸ ਗੱਲ ਤੋਂ ਤੈਸ਼ ਵਿੱਚ ਆ ਕੇ ਉਸ ਦੀ ਕੁੱਟਮਾਰ ਕਰ ਦਿੱਤੀ।ਸ਼ਿਕਾਇਤਕਰਤਾ ਗਗਨਦੀਪ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਉਸ ਨੇ ਆਪਣੇ ਪਿੰਡ ਦੇ ਪੰਚਾਇਤ ਮੈਂਬਰ ਨੂੰ ਦੱਸਿਆ ਸੀ ਕਿ ਬਲਵੀਰ ਸਿੰਘ ਦਾ ਕੁੱਤਾ ਉਸ ਦੇ ਘਰ ਦੇ ਗੇਟ ਅੱਗੇ ਲੈਟਰੀਨ ਕਰਦਾ ਹੈ। ਇਸ 'ਤੇ ਸੁਰਿੰਦਰ ਕੌਰ ਨੇ ਜਵਾਬ ਦਿੱਤਾ, ਜੋ ਕਰਨਾ ਹੈ ਕਰ ਲਓ। ਸ਼ਿਕਾਇਤਕਰਤਾ ਨੇ ਕਿਹਾ ਕਿ ਫਿਰ ਮੈਂ ਤੁਹਾਡੇ ਘਰ ਦੇ ਅੱਗੇ ਕੁੱਤੇ ਦੀ ਲੈਟਰੀਨ ਸੁੱਟ ਦੇਵਾਂਗਾ।

ਇਸ ਗੱਲ ਤੋਂ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਨੂੰ ਘੇਰ ਲਿਆ ਅਤੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਕੁੱਟਮਾਰ ਦੌਰਾਨ ਗਗਨਦੀਪ ਸਿੰਘ ਦੇ ਸੱਟਾਂ ਮਾਰੀਆਂ ਜਿਸ ਕਰਕੇ ਉਸ ਨੂੰ ਸਿਵਲ ਹਸਪਤਾਲ ਪਾਇਲ 'ਚ ਦਾਖ਼ਲ ਕਰਵਾਇਆ ਗਿਆ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਦੋਰਾਹਾ ਦੇ ਇੰਚਾਰਜ ਏ.ਐੱਸ.ਆਈ. ਸਤਪਾਲ ਸਿੰਘ ਨੇ ਦੱਸਿਆ ਕਿ ਮਾਰਕੁੱਟ ਕਰਨ ਵਾਲੇ ਬਲਬੀਰ ਸਿੰਘ, ਅਵਤਾਰ ਸਿੰਘ ਉਰਫ ਤਾਰੀ, ਸੁਰਿੰਦਰ ਕੌਰ, ਗੁਰਮੇਲ ਕੌਰ, ਪਰਮਜੀਤ ਕੌਰ ਪੰਮਾ, ਕਰਮਜੀਤ ਕੌਰ ਪਤਨੀ ਬਲਵੀਰ ਸਿੰਘ, ਜਿੰਦਰ ਸਾਰੇ ਵਾਸੀ ਪਿੰਡ ਕੱਦੋਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ।ਪੁਲਸ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਹੈ।

# ਝੋਨਾ ਵੇਚਣ ਆਇਆਂ ਨੇ ਆੜ੍ਹਤੀਏ ਦੀ ਦੁਕਾਨ 'ਤੇ ਕੀਤਾ ਗੁੰਡਾਗਰਦੀ ਦਾ ਨੰਗਾ ਨਾਚ

## ਮੁਨੀਮ ਦੀ ਕੁੱਟਮਾਰ ਤੇ ਭੰਨ-ਤੋੜ ਕਰਕੇ ਕੈਮਰਿਆਂ ਦੀ ਡੀ ਵੀ ਆਰ ਲੈ ਗਏ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਲੰਘੀ ਰਾਤ ਸਥਾਨਕ ਦਾਣਾ ਮੰਡੀ ਵਿਖੇ ਝੋਨਾ ਵੇਚਣ ਆਏ ਆਲਮਗੀਰ ਨੇੜਲੇ ਪਿੰਡ ਜੱਸੋਵਾਲ ਦੇ ਵਸਨੀਕ ਦੱਸੇ ਜਾਂਦੇ ਅੱਧੀ ਦਰਜਨ ਦੇ ਕਰੀਬ ਵਿਅਕਤੀਆਂ ਨੇ ਕਥਿਤ ਨਸ਼ੇ 'ਚ ਟੁੰਨ ਹੋ ਕੇ ਮੰਡੀ 'ਚ ਗੁੰਡਾਗਰਦੀ ਦਾ ਨੰਗਾ ਨਾਚ ਕਰਦਿਆਂ ਆੜ੍ਹਤੀਆ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਹਰਜੀਤ ਸਿੰਘ ਲੱਕੀ ਭੂਦਨ ਦੀ ਦੁਕਾਨ 'ਤੇ ਬੁਰੀ ਤਰ੍ਹਾਂ ਭੰਨ-ਤੋੜ ਕਰਦੇ ਹੋਏ ਦੁਕਾਨ 'ਤੇ ਮੌਜੂਦ ਮੁਨੀਮ ਅਤੇ ਇੱਕ ਹੋਰ ਵਿਅਕਤੀ ਦੀ ਕੁੱਟਮਾਰ ਕੀਤੀ ਅਤੇ ਜਾਂਦੇ ਹੋਏ ਉਕਤ ਵਿਅਕਤੀ ਦੁਕਾਨ ਦੇ ਅੰਦਰ ਦਫਤਰ 'ਚ ਲੱਗਾ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਚੁੱਕ ਕੇ ਨਾਲ ਲੈ ਗਏ। ਸਵੇਰੇ ਜਿਉਂ ਹੀ ਦਾਣਾ ਮੰਡੀ ਦੇ ਆੜ੍ਹਤੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਸਮੂਹ ਆੜ੍ਹਤੀਆਂ ਨੇ ਭਾਰੀ ਰੋਸ ਪ੍ਰਗਟਾਉਂਦੇ ਹੋਏ ਤੁਰੰਤ ਆੜ੍ਹਤੀਆ ਐਸੋਸੀਏਸ਼ਨ ਦੇ ਮੌਜੂਦਾ ਪ੍ਰਧਾਨ ਸਰਪੰਚ ਤਰਸੇਮ ਸਿੰਘ ਭੂਦਨ ਦੀ ਅਗਵਾਈ ਹੇਠ ਇੱਕਠੇ ਹੋ ਕੇ ਮੀਟਿੰਗ ਕੀਤੀ। ਮੀਟਿੰਗ 'ਚ ਹੋਏ ਫੈਸਲੇ ਅਨੁਸਾਰ ਪ੍ਰਧਾਨ ਤਰਸੇਮ ਭੂਦਨ ਦੀ ਅਗਵਾਈ 'ਚ ਆੜ੍ਹਤੀਆਂ ਦੇ ਇੱਕ ਵਫਦ ਨੇ ਐੱਸਐੱਸਪੀ ਮਾਲੇਰਕੋਟਲਾ ਨਾਲ ਮੁਲਾਕਾਤ ਕਰਕੇ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ 'ਚ ਲਿਆਂਦਾ। ਜ਼ਿਲ੍ਹਾ ਪੁਲਸ ਮੁਖੀ ਨੇ ਆੜ੍ਹਤੀਆਂ ਨੂੰ ਭਰੋਸਾ ਦਿੱਤਾ ਕਿ ਦੋਸ਼ੀਆਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।

ਆੜ੍ਹਤੀਆ ਹਰਜੀਤ ਸਿੰਘ ਲੱਕੀ ਭੂਦਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲੰਘੀ ਰਾਤ ਪਿੰਡ ਜੱਸੋਵਾਲ ਦੇ ਵਸਨੀਕ ਅੱਧੀ ਦਰਜਨ ਦੇ ਕਰੀਬ ਵਿਅਕਤੀ ਬਾਸਪਤੀ ਝੋਨੇ ਦੀਆਂ ਟਰਾਲੀਆਂ ਵੇਚਣ ਲਈ ਲੈ ਕੇ ਮੰਡੀ 'ਚ ਮੇਰੀ ਦੁਕਾਨ 'ਤੇ ਆਏ ਸਨ। ਬਾਸਪਤੀ ਝੋਨੇ ਦੀ ਪ੍ਰਾਈਵੇਟ ਖ਼ੀਦ ਹੁੰਦੀ ਹੈ। ਉਨ੍ਹਾਂ ਵਿਅਕਤੀਆਂ ਨੇ ਇਕ ਟਰਾਲੀ ਮੇਰੀ ਦੁਕਾਨ 'ਤੇ ਢੇਰੀ ਕੀਤੀ, ਜਿਸ ਨੂੰ ਮੈਂ ਬੋਲੀ ਲਗਾ ਕੇ ਵੇਚ ਦਿੱਤਾ ਸੀ। ਉਸ ਤੋਂ ਬਾਅਦ ਉਕਤ ਵਿਅਕਤੀ ਕਹਿਣ ਲੱਗੇ ਕਿ ਰੇਟ ਘੱਟ ਲੱਗਾ ਹੈ, ਇਸ ਲਈ ਅਸੀਂ ਆਪਣਾ ਝੋਨਾ ਨਹੀਂ ਵੇਚਣਾ। ਇਸ ਤੋਂ ਬਾਅਦ ਉਹ ਬਾਕੀ ਦੀਆਂ ਟਰਾਲੀਆਂ ਲੈ ਕੇ ਕਿਸੇ ਦੂਜੇ ਆੜ੍ਹਤੀਏ ਦੀ ਦੁਕਾਨ 'ਤੇ ਚਲੇ ਗਏ, ਉਥੇ ਦੂਜੇ ਖ਼ੀਦਦਾਰਾਂ ਨੇ ਵੱਧ ਬੋਲੀ ਲਗਾ ਕੇ ਉਨ੍ਹਾਂ ਦਾ ਝੋਨਾ ਖ਼ੀਦ ਲਿਆ ਸੀ। ਲੱਕੀ ਭੂਦਨ ਨੇ ਦੱਸਿਆ ਕਿ ਸ਼ਾਮ ਨੂੰ ਜਦੋਂ ਮੈਂ ਆਪਣੇ ਮੁਨੀਮ ਨੂੰ ਮੰਡੀ 'ਚ ਛੱਡ ਕੇ ਆਪਣੇ ਪਿੰਡ ਚਲਾ ਗਿਆ ਤਾਂ ਉਕਤ ਵਿਅਕਤੀ ਦੁਬਾਰਾ ਮੇਰੀ ਦੁਕਾਨ ਦੇ ਸਾਹਮਣੇ ਆ ਕੇ ਪਹਿਲਾਂ ਤਾਂ ਕਥਿਤ ਹੁੱਲੜਬਾਜ਼ੀ ਕਰਦੇ ਹੋਏ ਸ਼ਰਾਬ ਪੀਣ ਲੱਗੇ, ਫਿਰ ਬਾਅਦ 'ਚ ਉਨ੍ਹਾਂ ਨੇ ਮੇਰੇ ਮੁਨੀਮ ਨੂੰ ਫੜ ਲਿਆ ਅਤੇ ਕਹਿਣ ਲੱਗੇ ਕਿ ਤੁਸੀਂ ਸਾਡੇ ਝੋਨੇ ਦਾ ਘੱਟ ਰੇਟ ਲਵਾਇਆ ਹੈ। ਮੁਨੀਮ ਨੇ ਕਿਹਾ ਕਿ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ ਤੁਸੀਂ ਸਰਦਾਰ ਜੀ ਨਾਲ ਗੱਲ ਕਰ ਲਵੋ ਪਰੰਤੂ ਉਨ੍ਹਾਂ ਨੇ ਮੁਨੀਮ ਦੀ ਇੱਕ ਨਾ ਸੁਣਦਿਆਂ ਪਹਿਲਾਂ ਤਾਂ ਮੁਨੀਮ ਅਤੇ ਉਸਦੇ ਨਾਲ ਖੜ੍ਹੇ ਗੁਆਂਢੀ ਦੁਕਾਨ ਵਾਲੇ ਇੱਕ ਹੋਰ ਵਿਅਕਤੀ ਦੇ ਥੱਪੜ ਮਾਰੇ ਫਿਰ ਕਥਿਤ ਨਸ਼ੇ 'ਚ ਟੁੰਨ ਹੋ ਕੇ ਉਨ੍ਹਾਂ ਨੇ ਮੇਰੀ ਦੁਕਾਨ ਦੀ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੇਰੀ ਦੁਕਾਨ ਦਾ ਅਗਲਾ ਅਤੇ ਅੰਦਰਲਾ ਦਫਤਰ ਵਾਲਾ ਦੋਵੇਂ ਸ਼ੀਸ਼ੇ ਦੇ ਗੇਟ ਪੂਰੀ ਤਰ੍ਹਾਂ ਤੋੜ ਕੇ ਚੱਕਨਾ-ਚੂਰ ਕਰਕੇ ਉਥੋਂ ਚਲੇ ਗਏ ਅਤੇ ਜਾਂਦੇ ਹੋਏ ਮੇਰੀ ਦੁਕਾਨ 'ਤੇ ਲੱਗੇ ਕੈਮਰਿਆਂ ਦੀ ਡੀਵੀਆਰ ਵੀ ਚੁੱਕ ਕੇ ਨਾਲ ਲੈ ਗਏ ਹਨ, ਕਿਉਂਕਿ ਉਸ 'ਚ ਪੂਰੀ ਘਟਨਾਂ ਦੀ ਰਿਕਾਰਡਿੰਗ ਸੀ।

ਮੰਡੀ ਦੇ ਸਮੂਹ ਆੜ੍ਹਤੀਆਂ ਨੇ ਆਪਣੀ ਸੁਰੱਖਿਆ ਦੀ ਮੰਗ ਕਰਦੇ ਹੋਏ ਪੁਲਸ ਤੋਂ ਮੰਗ ਕੀਤੀ ਹੈ ਉਕਤ ਵਿਅਕਤੀਆਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇ। ਮੌਕੇ 'ਤੇ ਪੁੱਜੀ ਪੁਲਸ ਨੇ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਆੜ੍ਹਤੀਆਂ ਨੂੰ ਭਰੋਸਾ ਦਿੱਤਾ ਕਿ ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਜਾਵੇਗਾ।

## ਕਾਤਰਾਂ

### 505 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 505 ਗ੍ਰਾਮ ਹੈਰੋਇਨ, ਦੋ ਮੋਬਾਇਲ ਫੋਨ ਤੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤਾ ਹੈ।ਇਨਸਪੈਕਟਰ ਹਰਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਮੁਲਜ਼ਮ ਕਰਨੈਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਨਿਹਾਲੇ ਵਾਲਾ ਤੇ ਸੰਦੀਪ ਸਿੰਘ ਪੁੱਤਰ ਬਾਗਾ ਸਿੰਘ ਵਾਸੀ ਪਿੰਡ ਕਿਲਚੇ, ਮੋਟਰਸਾਈਕਲ ਪਲਟੀਨਾ ਨੰਬਰ ਪੀਬੀ 05 ਏਜੀ 5644 'ਤੇ ਆ ਰਹੇ ਸਨ।ਜਦੋਂ ਪੁਲਸ ਪਾਰਟੀ ਨੇ ਉਨ੍ਹਾਂ ਨੂੰ ਵੇਖਿਆ, ਉਹ ਘਬਰਾ ਗਏ ਤੇ ਪਲਟੀ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ।ਪੁਲਸ ਨੇ ਤੁਰੰਤ ਕਰਵਾਈ ਕਰਦੇ ਹੋਏ ਉਨ੍ਹਾਂ ਨੂੰ ਕਾਬੂ ਕਰ ਲਿਆ।ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 505 ਗ੍ਰਾਮ ਹੈਰੋਇਨ, ਦੋ ਮੋਬਾਇਲ ਫੋਨ ਤੇ ਮੋਟਰਸਾਈਕਲ ਬਰਾਮਦ ਹੋਈ।ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕੀਤੀ ਗਈ ਹੈ।

### ਇੰਜ: ਕਮਲ ਜੋਸ਼ੀ ਨੂੰ ਇੰਜੀਨੀਅਰ-ਇਨ-ਚੀਫ਼ ਪੀ ਐੱਸ ਪੀ ਸੀ ਐੱਲ ਵਜੋਂ ਦਿੱਤੀ ਗਈ ਪ੍ਰੋਮੋਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: (ਪੀ.ਐੱਸ.ਪੀ.ਸੀ.ਐੱਲ.) ਨੇ ਇੰਜ: ਕਮਲ ਜੋਸ਼ੀ, ਚੀਫ ਇੰਜੀਨੀਅਰ/ ਮਟੀਰੀਅਲ ਮੈਨੇਜਮੈਂਟ ਨੂੰ ਇੰਜੀਨੀਅਰ-ਇਨ-ਚੀਫ਼ ਦੇ ਵੱਕਾਰੀ ਅਹੁਦੇ 'ਤੇ ਪ੍ਰੋਮੋਸ਼ਨ ਦੇਣ ਦਾ ਐਲਾਨ ਕੀਤਾ ਹੈ। ਇੰਜ. ਜੋਸ਼ੀ, ਇੱਕ ਨਿਮਰ ਪਿਛੋਕੜ ਵਾਲੇ, ਇੱਕ ਅਧਿਆਪਕ ਦੇ ਪੁੱਤਰ, ਵਿਭਾਗ ਵਿੱਚ 2 ਨਵੰਬਰ, 1989 ਨੂੰ ਸਹਾਇਕ ਇੰਜੀਨੀਅਰ (ਏਆਈ) ਵਜੋਂ ਸ਼ਾਮਲ ਹੋਏ, ਨੇ 35 ਸਾਲਾਂ ਤੋਂ ਵੱਧ ਸਮਰਪਿਤ ਸੇਵਾ ਕੀਤੀ ਹੈ।ਆਪਣੇ ਪੂਰੇ ਕੈਰੀਅਰ ਦੌਰਾਨ ਉਨ੍ਹਾਂ ਨੇ ਰੋਪੜ ਵਿਖੇ ਥਰਮਲ ਪਾਵਰ ਪਲਾਂਟ, ਡਿਸਟ੍ਰੀਬਿਊਸ਼ਨ ਸਰਵਿਸਿਜ਼, ਸਟੋਰ ਆਰਗੇਨਾਈਜ਼ੇਸ਼ਨ, ਆਰਐਸਡੀ ਸ਼ਾਹਪੁਰ ਕੰਢੀ (ਹਾਈਡਰੋ ਆਰਗੇਨਾਈਜ਼ੇਸ਼ਨ), ਮਿਊਂਸਪਲ ਕਾਰਪੋਰੇਸ਼ਨ (ਯੂਟੀ ਚੰਡੀਗੜ੍ਹ), ਡੈਪੂਟੇਸ਼ਨ 'ਤੇ, ਐਨਫੋਰਸਮੈਂਟ ਆਰਗੇਨਾਈਜ਼ੇਸ਼ਨ, ਬੀ.ਬੀ.ਐਮ.ਬੀ. ਅਤੇ ਡੈਪੂਟੇਸ਼ਨ 'ਤੇ ਪੀ.ਐਸ.ਈ.ਆਰ.ਸੀ. ਸਮੇਤ ਵੱਖ-ਵੱਖ ਵਿਭਾਗਾਂ ਵਿੱਚ ਮੁੱਖ ਭੂਮਿਕਾਵਾਂ ਨਿਭਾਈਆਂ ਹਨ।ਉਨ੍ਹਾਂ ਪੀ ਐੱਸ ਪੀ ਸੀ ਐੱਲ/ਪੀ ਐੱਸ ਟੀ ਸੀ ਐਲ ਵਿੱਚ ਐਸ ਈ/ਐਚ ਆਰ ਵਜੋਂ ਵੀ ਸੇਵਾ ਕੀਤੀ।

### ਅਣਪਛਾਤੇ ਵਿਅਕਤੀ ਔਰਤ ਦਾ ਪਰਸ ਖੋਹ ਕੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੈਂਟ ਇਲਾਕੇ ਦੇ ਜਲਜ਼ੀਰਾ ਚੌਕ ਵਿਖੇ ਇੱਕ ਔਰਤ ਕੋਲੋਂ ਦਿਨ-ਦਿਹਾੜੇ ਲੁੱਟ-ਖੋਹ ਦੇ ਕੇਸ ਨੇ ਸਥਾਨਕ ਇਲਾਕੇ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ।ਪੀੜਤ ਔਰਤ ਮੋਨਿਕਾ, ਜੋ ਕਿ ਆਰਮੀ ਇਲਾਕੇ ਵਿੱਚ ਰਹਿੰਦੀ ਹੈ, ਆਪਣੀ ਦੋਸਤ ਅਰਚਨਾ ਸ਼ਰਮਾ ਨਾਲ ਸ਼ਾਪਿੰਗ ਲਈ ਗਈ ਸੀ।ਜਦੋਂ ਉਹ ਜਲਜ਼ੀਰਾ ਚੌਕ ਪਹੁੰਚੀਆਂ, ਤਦ ਇੱਕ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਦਾ ਪਰਸ ਝਪਟ ਲਿਆ।ਔਰਤ ਦੇ ਪਰਸ ਵਿਚ 2000 ਰੁਪਏ ਨਕਦ ਤੇ ਇੱਕ ਮੋਬਾਇਲ ਫੋਨ ਸੀ।ਮੁਲਜ਼ਮ ਫਰਾਰ ਹੋਣ ਵਿੱਚ ਕਾਮਯਾਬ ਰਹੇ।ਇਸ ਘਟਨਾ ਬਾਅਦ ਥਾਣਾ ਕੈਂਟ ਦੇ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਮੋਨਿਕਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ ਤੇ ਦੋਸ਼ੀਆਂ ਨੂੰ ਫੜਨ ਲਈ ਜਾਂਚ ਸ਼ੁਰੂ ਕੀਤੀ ਗਈ ਹੈ।

# ਲੋੜਵੰਦਾਂ ਦਾ ਸਹਾਰਾ ਨੇਕੀ ਫਾਊਂਡੇਸ਼ਨ ਰਾਜ ਪੁਰਸਕਾਰ ਨਾਲ ਸਨਮਾਨਤ



**ਬੁਢਲਾਡਾ (ਅਸ਼ੋਕ ਲਾਕੜਾ)**

ਫਰੀਦਕੋਟ ਦੇ ਨਹਿਰੂ ਸਟੇਡੀਅਮ ਵਿੱਚ 3 ਦਸੰਬਰ ਨੂੰ ਹੋਏ ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ 2024 ਦੇ ਰਾਜ ਪੱਧਰੀ ਸਮਾਰੋਹ ਵਿੱਚ ਬੁਢਲਾਡਾ ਦੀ ਨੇਕੀ ਫਾਊਂਡੇਸ਼ਨ ਨੂੰ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦੀ ਕੈਟਾਗਰੀ ਵਿੱਚ ਪੰਜਾਬ ਵਿੱਚੋਂ ਸਰਵੋਤਮ ਸੰਸਥਾ ਐਲਾਨ ਕਰਦਿਆਂ ਸਮਾਜਿਕ ਸੁਰੱਖਿਆ ਮੰਤਰੀ ਪੰਜਾਬ ਸਰਕਾਰ ਵੱਲੋਂ ਰਾਜ ਪੁਰਸਕਾਰ ਦੇਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੌਰਾਨ ਮੰਚ ਤੋਂ ਨੇਕੀ ਫਾਊਂਡੇਸ਼ਨ ਦੁਆਰਾ ਕੀਤੇ ਗਏ ਕੰਮਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਗਿਆ ਕਿ ਸੰਸਥਾ ਵੱਲੋਂ ਦਿਵਿਆਂਗ ਵਿਅਕਤੀਆਂ ਅਤੇ ਬਜ਼ੁਰਗਾਂ ਲਈ 18 ਅਸੈਸਮੈਂਟ ਅਤੇ ਸਹਾਇਕ ਉਪਕਰਨ ਵੰਡ ਕੈਂਪ ਲਗਾਏ ਗਏ ਜਿੱਥੇ ਦੋ ਕਰੋੜ ਤੋਂ ਵੱਧ ਕੀਮਤ ਦੇ ਸਮਾਨ ਨਾਲ 2780 ਤੋਂ ਵੱਧ ਲਾਭਪਾਤਰੀਆਂ ਨੂੰ ਲਾਭ ਮਿਲਿਆ। ਇੱਥੇ ਹੀ ਨਹੀਂ, ਹੁਣ ਤੱਕ ਦਿਵਿਆਂਗ ਪਰਿਵਾਰਾਂ/ਮਾਪਿਆਂ ਦੀਆਂ 25 ਲੜਕੀਆਂ ਦੇ ਵਿਆਹ, ਹਰ ਮਹੀਨੇ 18 ਦਿਵਿਆਂਗ ਪਰਿਵਾਰਾਂ ਨੂੰ ਰਾਸ਼ਨ, 115 ਦਿਵਿਆਂਗ ਮਰੀਜ਼ਾਂ ਦਾ ਇਲਾਜ, 12 ਦਿਵਿਆਂਗ ਪਰਿਵਾਰਾਂ ਨੂੰ ਸਵੱਛ ਭਾਰਤ ਅਭਿਆਨ ਯੋਜਨਾ ਰਾਹੀਂ ਪਖਾਨੇ ਬਣਵਾਉਣ ਵਿੱਚ ਸਹਾਇਤਾ, 23 ਤੋਂ ਵੱਧ ਦਿਵਿਆਂਗ ਵਿਅਕਤੀਆਂ ਨੂੰ ਵ੍ਹੀਲਚੇਅਰ, ਤਿੰਨ ਪਹੀਆ ਸਾਇਕਲ ਆਦਿ ਸੰਸਥਾ ਵੱਲੋਂ ਖ਼ਰੀਦ ਕੇ ਮੁਹੱਈਆ ਕਰਵਾਉਣ, 28 ਲੋੜਵੰਦ ਦਿਵਿਆਂਗ ਪਰਿਵਾਰਾਂ ਦੇ ਮਕਾਨ ਬਣਵਾਉਣ ਅਤੇ ਮੁਰੰਮਤ ਕਰਵਾਉਣ, 500 ਤੋਂ ਵੱਧ ਦਿਵਿਆਂਗ ਦੇ ਯੂ. ਡੀ. ਆਈ. ਡੀ. ਕਾਰਡ ਬਣਵਾਉਣ, 13 ਦਿਵਿਆਂਗ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਗੋਦ ਲੈਣ ਦਾ ਸਿਹਰਾ ਵੀ ਨੇਕੀ ਫਾਊਂਡੇਸ਼ਨ ਬੁਢਲਾਡਾ ਨੂੰ ਜਾਂਦਾ ਹੈ। ਨੇਕੀ ਫਾਊਂਡੇਸ਼ਨ ਦੇ ਮੈਂਬਰਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਪੁਰਸਕਾਰ ਸੰਸਥਾ ਨੂੰ ਨਹੀਂ, ਬਲਕਿ ਹਰ ਉਸ ਸ਼ਖਸ ਨੂੰ ਮਿਲਿਆ ਹੈ ਜੋ ਨੇਕੀ ਦੇ ਇਸ ਕਾਰਜ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਉਹ ਇਸ ਸਟੇਟ ਅਵਾਰਡ ਨੂੰ ਆਪਣੇ ਵਲੰਟੀਅਰਾਂ, ਸਹਿਯੋਗੀਆਂ ਅਤੇ ਦਾਨੀਆਂ ਨੂੰ ਸਮਰਪਿਤ ਕਰਦੇ ਹਨ।ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਸੰਸਥਾ ਨੂੰ ਖੂਨਦਾਨ ਦੇ ਖੇਤਰ ਵਿੱਚ ਤਿੰਨ ਸਟੇਟ ਅਵਾਰਡ ਮਿਲ ਚੁੱਕੇ ਹਨ ਅਤੇ ਇਹ ਉਹਨਾਂ ਦਾ ਚੌਥਾ ਸਟੇਟ ਅਵਾਰਡ ਹੈ।

ਅਜਿਹੇ ਪੁਰਸਕਾਰਾਂ ਨਾਲ ਜਿੱਥੇ ਸੰਸਥਾ ਦੇ ਮੈਂਬਰਾਂ ਦਾ ਨੇਕੀ ਦੇ ਕੰਮ ਕਰਨ ਵਿੱਚ ਹੌਸਲਾ ਹੋਰ ਵਧਦਾ ਹੈ, ਉੱਥੇ ਹੀ ਇਹ ਸੰਸਥਾ ਨੂੰ ਹੋਰ ਜ਼ਿੰਮੇਵਾਰ ਵੀ ਬਣਾ ਦਿੰਦੇ ਹਨ। ਉਹਨਾਂ ਕਿਹਾ ਕਿ ਸੰਸਥਾ ਨੂੰ ਇਸ ਹੌਸਲਾ ਅਫਜ਼ਾਈ ਦੇ ਤੌਰ ਤੇ ਮਿਲੀ 25000 ਰੁਪਏ ਰਾਸ਼ੀ ਨੂੰ ਵੀ ਕਿਸੇ ਹੋਰ ਕੰਮਾਂ ਤੇ ਖ਼ਰਚ ਨਾ ਕਰਕੇ, ਦਿਵਿਆਂਗ ਵਿਅਕਤੀਆਂ ਦੀ ਭਲਾਈ ਦੇ ਕਾਰਜਾਂ ਲਈ ਹੀ ਖ਼ਰਚ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੈਡਮ ਲਵਲੀਨ ਬੜਿੰਗ ਵੱਲੋਂ ਵੀ ਸੰਸਥਾ ਨੂੰ ਫ਼ੋਨ ਕਰਕੇ ਵਧਾਈ ਦਿੱਤੀ ਗਈ ਅਤੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸੰਸਥਾ ਵੱਲੋਂ ਜ਼ਮੀਨੀ ਪੱਧਰ ਉੱਤੇ ਇਮਾਨਦਾਰੀ ਨਾਲ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਾ ਹੈ।

## ਸਕੂਟਰੀ ਤੋਂ ਡਿਗਣ ਨਾਲ ਇਲਾਜ ਦੌਰਾਨ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਕੈਂਟ ਦੇ ਡੀ ਏ ਵੀ ਕਾਲਜ ਕੋਲ ਵਾਪਰੀ ਦੁਖਦਾਈ ਘਟਨਾ ਨੇ ਸਥਾਨਕ ਲੋਕਾਂ ਵਿੱਚ ਗਹਿਰਾ ਦੁੱਖ ਪੈਦਾ ਕੀਤਾ ਹੈ। 68 ਸਾਲਾ ਜਸਮੇਰ ਸਿੰਘ ਦੀ ਮੌਤ ਨੇ ਨਾ ਸਿਰਫ ਇੱਕ ਪਰਿਵਾਰ ਨੂੰ ਅਣਮਿੱਥੀ ਹਾਨੀ ਪਹੁੰਚਾਈ ਹੈ, ਸਗੋਂ ਸਮਾਜ ਵਿੱਚ ਸੁਰੱਖਿਆ ਸੰਬੰਧੀ ਚਿੰਤਾ ਵੀ ਵਧਾ ਦਿੱਤੀ ਹੈ। ਜਸਮੇਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਅਮਰਜੀਤ ਕੌਰ ਘਰ ਵਾਪਸ ਜਾ ਰਹੇ ਸਨ। ਦੋ ਅਣਪਛਾਤੇ ਵਿਅਕਤੀਆਂ ਨੇ ਜਸਮੇਰ ਸਿੰਘ ਦੇ ਕੁੜਤੇ ਦੀ ਜੇਬ ਖਿੱਚਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਸਕੂਟਰ ਤੋਂ ਡਿਗਣ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਏ। ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਥਾਣਾ ਕੈਂਟ ਪੁਲਸ ਨੇ ਅਣਪਛਾਤੇ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਸੀ ਸੀ ਟੀ ਵੀ ਫੁਟੇਜ ਦੀ ਵਰਤੋਂ ਕਰਕੇ ਦੋਸ਼ੀਆਂ ਦੀ ਪਛਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਲੁਟੇਰਿਆਂ ਨੇ ਹਮਲਾ ਕਰ ਲੁੱਟੇ 1 ਲੱਖ 40 ਹਜ਼ਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਗੁਰੂਹਰਸਹਾਏ ਇਲਾਕੇ ਵਿੱਚ ਹੋਈ ਇਸ ਲੁੱਟ ਖੋਹ ਦੀ ਘਟਨਾ ਨੇ ਸਥਾਨਕ ਲੋਕਾਂ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਵਧਾ ਦਿੱਤੀ ਹੈ। ਤਰਲੋਚਨ ਸਿੰਘ ਨਾਲ ਵਾਪਰੀ ਇਹ ਘਟਨਾ ਦਿਖਾਉਂਦੀ ਹੈ ਕਿ ਕਿਵੇਂ ਅਪਰਾਧੀ ਨਵੇਂ ਤਰੀਕੇ ਅਪਣਾ ਕੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਤਰਲੋਚਨ ਸਿੰਘ ਬਸਤੀ ਸ਼ਹੀਦ ਊਧਮ ਸਿੰਘ ਵਾਲੀ ਨੂੰ 1,40,000 ਰੁਪਏ ਕਮੇਟੀ ਮੈਂਬਰਾਂ ਨੂੰ ਦੇਣ ਜਾ ਰਹੇ ਸਨ।

ਰਾਹ ਵਿੱਚ ਦੋ ਨੌਜਵਾਨਾਂ ਨੇ ਮੋਟਰਸਾਈਕਲ ਨਾਲ ਉਨ੍ਹਾਂ ਨੂੰ ਡੇਗ ਦਿੱਤਾ। ਬੇਸਬਾਲ ਨਾਲ ਹਮਲਾ ਕਰਕੇ ਉਨ੍ਹਾਂ ਤੋਂ ਨਗਦੀ ਅਤੇ ਮੋਬਾਈਲ ਫੋਨ ਖੋਹ ਲਿਆ। ਥਾਣਾ ਗੁਰੂਹਰਸਹਾਏ ਦੇ ਸਹਾਇਕ ਥਾਣੇਦਾਰ ਨਰੇਸ਼ ਕੁਮਾਰ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਜਾਰੀ ਹੈ।

# ਕੁਲਦੀਪ ਕੌਰ ਨੂੰ ਖੇਡ ਪ੍ਰਾਪਤੀਆਂ ਲਈ ਕੀਤਾ ਸਨਮਾਨਤ



**ਚੀਮਾ ਮੰਡੀ (ਰਵਿੰਦਰ ਚੀਮਾ)**

ਮਾਡਰਨ ਗਰੁੱਪ ਆਫ ਇੰਸਟੀਚਿਊਸ਼ਨਜ ਬੀਰ ਕਲਾਂ ਵਿਖੇ ਇੱਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਾਲਜ ਦੀ ਬੀ ਏ ਤੀਜੇ ਸਾਲ ਦੇ ਵਿਦਿਆਰਥਣ ਕੁਲਦੀਪ ਕੌਰ ਨੂੰ ਉਸ ਦੀਆਂ ਸ਼ਾਨਦਾਰ ਖੇਡ ਪ੍ਰਾਪਤੀਆਂ ਬਦਲੇ ਸਨਮਾਨਤ ਕੀਤਾ ਗਿਆ। ਕਾਲਜ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਦੱਸਿਆ ਕਿ ਕੁਲਦੀਪ ਕੌਰ ਕਾਲਜ ਦੀ ਬੀ ਏ ਤੀਜੇ ਸਾਲ ਦੀ ਵਿਦਿਆਰਥਣ ਹੈ ਅਤੇ ਬਹੁਤ ਹੀ ਉੱਚ ਕੋਟੀ ਦੀ ਅਥਲੀਟ ਹੈ। ਵਿਦਿਆਰਥਣ ਨੇ ਹਾਲ ਹੀ ਵਿੱਚ ਹੋਈਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਅੰਤਰ ਕਾਲਜ ਖੇਡਾਂ ਵਿੱਚੋਂ 200 ਮੀਟਰ ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਇਨ੍ਹਾਂ ਹੀ ਖੇਡਾਂ ਵਿੱਚ ਵਿਦਿਆਰਥਣ ਨੇ 400 ਮੀਟਰ ਦੌੜ ਵਿੱਚ ਸਿਲਵਰ ਮੈਡਲ ਜਿੱਤਿਆ ਹੈ। ਇਨ੍ਹਾਂ ਪ੍ਰਾਪਤੀਆਂ ਤੋਂ ਬਿਨਾਂ ਇਸ ਵਿਦਿਆਰਥਣ ਨੇ ਰਾਸ਼ਟਰੀ ਪੱਧਰ 'ਤੇ ਖੇਲੋ ਇੰਡੀਆ ਖੇਡਾਂ ਵਿੱਚੋਂ 200 ਮੀਟਰ ਵਿੱਚੋਂ ਗੋਲਡ ਮੈਡਲ ਆਲ ਇੰਡੀਆ ਯੂਨੀਵਰਸਿਟੀ ਖੇਡਾਂ ਵਿੱਚੋਂ ਕਾਂਸੇ ਦਾ ਮੈਡਲ, ਨੌਰਥ ਜ਼ੋਨ ਖੇਡਾਂ ਵਿੱਚ ਤਿੰਨ ਸਿਲਵਰ ਮੈਡਲ ਅਤੇ ਲੁਧਿਆਣਾ ਵਿੱਚ ਹੋਈਆਂ ਰਾਜ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਵਿੱਚੋਂ 200 ਮੀਟਰ ਵਿੱਚ ਦੂਸਰੀ ਪੁਜ਼ੀਸ਼ਨ ਅਤੇ 100 ਮੀਟਰ ਵਿੱਚੋਂ ਤੀਜੀ ਪੁਜ਼ੀਸ਼ਨ ਹਾਸਿਲ ਕੀਤੀ ਹੈ। ਵਿਦਿਆਰਥਣ ਵੱਲੋਂ ਹੁਣ ਤੱਕ ਰਾਸ਼ਟਰੀ ਪੱਧਰ ਖੇਡਾਂ ਵਿੱਚੋਂ ਛੇ ਗੋਲਡ ਮੈਡਲ ਪ੍ਰਾਪਤ ਕੀਤੇ ਜਾ ਚੁੱਕੇ ਹਨ ਅਤੇ ਰਾਜ ਪੱਧਰੀ ਖੇਡਾਂ ਵਿੱਚ 20 ਤੋਂ ਵਧੇਰੇ ਗੋਲਡ ਮੈਡਲ ਜਿੱਤ ਚੁੱਕੀ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਕਿਹਾ ਕਿ ਵਿਦਿਆਰਥਣ ਵੱਲੋਂ ਯੂਨੀਵਰਸਿਟੀ ਇੰਟਰ ਕਾਲਜ ਵਿੱਚੋਂ ਗੋਲਡ ਮੈਡਲ ਜਿੱਤਣਾ ਕਾਲਜ ਲਈ ਬਹੁਤ ਮਾਣ ਦੀ ਗੱਲ ਹੈ। ਕਿਉਂਕਿ ਇਨ੍ਹਾਂ ਖੇਡਾਂ ਵਿੱਚ 50 ਤੋਂ ਵਧੇਰੇ ਕਾਲਜਾਂ ਨੇ ਹਿੱਸਾ ਲਿਆ ਸੀ ਇਨਾ ਖੇਡਾਂ ਵਿੱਚੋਂ ਮੈਡਲ ਜਿੱਤ ਕੇ ਵਿਦਿਆਰਥਨ ਨੇ ਕਾਲਜ ਦਾ ਨਾਂ ਰੋਸ਼ਨ ਕੀਤਾ ਹੈ। ਵਿਦਿਆਰਥਣ ਕੁਲਦੀਪ ਕੌਰ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਜਿੱਤ ਦਾ ਸਿਹਰਾ ਉਸ ਦੇ ਕੋਚ ਸੁਖਪਾਲ ਸਿੰਘ, ਕਾਲਜ ਅਤੇ ਮਾਪਿਆਂ ਵੱਲੋਂ ਮਿਲੇ ਸਹਿਯੋਗ ਦੇ ਸਿਰ ਜਾਂਦਾ ਹੈ। ਇਸ ਮੌਕੇ ਕਾਲਜ ਦੇ ਸਮੂਹ ਮੈਨੇਜਮੈਂਟ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਵਿਦਿਆਰਥਣ ਨੂੰ ਉਸ ਦੀ ਸ਼ਾਨਦਾਰ ਪ੍ਰਾਪਤੀ ਲਈ ਸਨਮਾਨਤ ਕੀਤਾ ਗਿਆ ਅਤੇ ਵਧਾਈਆਂ ਦਿੱਤੀਆਂ ਗਈਆਂ

## ਪਟਿਆਲਾ ਜ਼ਿਲ੍ਹੇ 'ਚ ਕੌਮੀ ਲੋਕ ਅਦਾਲਤ 14 ਨੂੰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ 14 ਦਸੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ ਦੇ ਨਿਪਟਾਰੇ ਲਈ ਮਾਲ ਅਧਿਕਾਰੀਆਂ ਵੱਲੋਂ ਵੀ ਅਦਾਲਤਾਂ ਆਪਣੇ ਦਫ਼ਤਰਾਂ ਵਿੱਚ ਲਾਈਆਂ ਜਾਣਗੀਆਂ, ਜਿੱਥੇ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਮਾਲ ਵਿਭਾਗ ਨਾਲ ਸਬੰਧਤ ਕੇਸ ਜਾਂ ਕੋਈ ਹੋਰ ਕੇਸ ਜੋ ਵਿਚਾਰ ਅਧੀਨ ਹਨ ਉਨ੍ਹਾਂ ਦਾ ਪਹਿਲ ਦੇ ਆਧਾਰ ਉਤੇ ਨਿਪਟਾਰਾ ਕੀਤਾ ਜਾਵੇਗਾ।ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਲੰਬਿਤ ਪਏ ਕੇਸਾਂ ਨਾਲ ਸਬੰਧਤ ਧਿਰਾਂ ਨੂੰ ਪਹਿਲਾਂ ਸੁਣਵਾਈ ਸਬੰਧੀ ਜਾਣੂ ਕਰਾਉਣ ਦੀ ਹਦਾਇਤ ਕੀਤੀ।

## ਪੰਜਾਬੀ 'ਵਰਸਿਟੀ 'ਚ ਇਗਨੂ ਦੇ ਸਟੱਡੀ ਸੈਂਟਰ 'ਚ ਪ੍ਰੀਖਿਆਵਾਂ ਸ਼ੁਰੂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਵਿਖੇ ਸਥਾਪਿਤ ਇੰਦਰ ਗਾਂਧੀ ਓਪਨ ਨੈਸ਼ਨਲ ਯੂਨੀਵਰਸਿਟੀ (ਇਗਨੂ) ਦੇ ਸਟੱਡੀ ਸੈਂਟਰ ਵਿੱਚ ਦਸੰਬਰ 2024 ਲਈ ਵੱਖ-ਵੱਖ ਕੋਰਸਾਂ ਦੀ ਪ੍ਰੀਖਿਆ ਸ਼ੁਰੂ ਹੋ ਚੁੱਕੀ ਹੈ। ਇਗਨੂ ਸਟੱਡੀ ਸੈਂਟਰ ਦੇ ਕੋਆਰਡੀਨੇਟਰ ਡਾ. ਸਤਿਆ ਬੀਰ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦਾ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਆਪਣੇ ਕੋਰਸਾਂ ਦੇ ਨਾਲ-ਨਾਲ ਇਗਨੂ ਰਾਹੀਂ 25 ਤੋਂ ਵੱਧ ਕੋਰਸ ਚਲਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਸੁਵਿਧਾ ਨੂੰ ਧਿਆਨ ਵਿਚ ਰਖਦੇ ਹੋਏ ਇਨ੍ਹਾਂ ਕੋਰਸਾਂ ਦੀਆਂ ਪ੍ਰੀਖਿਆਵਾਂ ਦੇ ਸਾਰੇ ਇੰਤਜ਼ਾਮ ਮੁਕੰਮਲ ਕਰ ਲਏ ਗਏ ਹਨ।ਉਨ੍ਹਾਂ ਅੱਗੇ ਦੱਸਿਆ ਕਿ ਹਾਲ ਹੀ ਵਿੱਚ ਰਿਜਨਲ ਸੈਂਟਰ ਚੰਡੀਗੜ੍ਹ ਵਿਖੇ ਹੋਈ ਆਨਲਾਈਨ ਮੀਟਿੰਗ ਦੌਰਾਨ ਸੀਨੀਅਰ ਡਾਇਰੈਕਟਰ ਇਗਨੂ ਵੱਲੋਂ ਇਸ ਸਟੱਡੀ ਸੈਂਟਰ ਨੂੰ ਹੋਰ ਵਿਸਤ੍ਰਿਤ ਕਰਨ ਦੇ ਉਪਰਾਲੇ ਕਰਨ ਲਈ ਕਿਹਾ ਹੈ ਤੇ ਸੈਂਟਰ ਵੱਲੋਂ ਵਧੀਆ ਤਰੀਕੇ ਨਾਲ ਪ੍ਰੀਖਿਆਵਾਂ ਕਰਾਉਣ ਅਤੇ ਸਟਡੀ ਸੈਂਟਰ ਦੇ ਸਫਲ ਪ੍ਰਬੰਧਨ ਦੀ ਸ਼ਲਾਘਾ ਕੀਤੀ ਹੈ।

# ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮੀਟਿੰਗ 'ਚ ਕਾਮਰੇਡ ਬੁਆਣੀ ਨੂੰ ਕੀਤਾ ਯਾਦ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮਾਸਿਕ ਮੀਟਿੰਗ ਵਿੱਚ ਕਾਮਰੇਡ ਕਰਤਾਰ ਬੁਆਣੀ ਨੂੰ ਯਾਦ ਕਰਦਿਆਂ ਹਾਜ਼ਰ ਲੇਖਕਾਂ ਨੇ ਉਨ੍ਹਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ।ਕਾਮਰੇਡ ਬੁਆਣੀ ਦੀ ਲੋਕ ਪੱਖੀ ਸ਼ਖਸੀਅਤ 'ਤੇ ਹਾਜ਼ਰ ਲੇਖਕਾਂ ਨੇ ਚਾਨਣਾ ਪਾਇਆ। ਲੇਖਕਾਂ ਨੇ ਕਿਹਾ ਕੇ ਕਾਮਰੇਡ ਬੁਆਣੀ ਲੋਕ ਸੰਘਰਸ਼ਾਂ ਵਿਚ ਹਮੇਸ਼ਾ ਮੋਹਰੀ ਹੋ ਕੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਪੈਰਵੀ ਕਰਦੇ ਰਹੇ। ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿਚ ਹੋਈ ਮੀਟਿੰਗ ਦੀ ਪ੍ਰਧਾਨਗੀ ਅਨਿਲ ਫਤਿਹਗੜ੍ਹ ਜੱਟਾਂ ਨੇ ਕੀਤੀ ਅਤੇ ਆਏ ਲੇਖਕਾਂ ਦਾ ਸਵਾਗਤ ਕੀਤਾ। ਕਾਮਰੇਡ ਬੁਆਣੀ ਵਲੋਂ ਕੀਤੇ ਗਏ ਸੰਘਰਸ਼ਾਂ ਬਾਰੇ ਕਹਾਣੀਕਾਰ ਗੁਰਦਿਆਲ ਦਲਾਲ, ਬਲਦੇਵ ਝੱਜ, ਬੁੱਧ ਸਿੰਘ ਨੀਲੋਂ ਅਤੇ ਸੁਰਿੰਦਰ ਰਾਮਪੁਰੀ ਵਲੋਂ ਉਨ੍ਹਾਂ ਨਾਲ ਜੁੜੀਆਂ ਆਪਣੀਆਂ ਯਾਦਾਂ ਨੂੰ ਸਾਂਝਾ ਕੀਤਾ।ਰਚਨਾਵਾਂ ਦੇ ਦੌਰ ਵਿੱਚ ਹਰਲੀਨ ਕੌਰ, ਜਸਵੀਰ ਕੌਰ, ਕਰਨੈਲ ਸਿੰਘ ਸਿਵੀਆ ਨੇ ਸਵੈ ਰਚਿਤ ਕਵਿਤਾਵਾਂ ਪੇਸ਼ ਕੀਤੀਆਂ। ਗੁਰਦਿਆਲ ਦਲਾਲ ਤੇ ਬੁੱਧ ਸਿੰਘ ਨੀਲੋਂ ਨੇ ਆਤਮਾ ਪਰਮਾਤਮਾ ਦੇ ਨਾ ਹੋਣ ਬਾਰੇ ਤਰਕ ਦਿੱਤੇ ਜਦਕਿ ਸੁਰਿੰਦਰ ਰਾਮਪੁਰੀ, ਅਮਨ ਆਜ਼ਾਦ, ਬਲਦੇਵ ਝੱਜ, ਸੁਰਿੰਦਰ ਰਾਮਪੁਰੀ, ਬਲਦੇਵ ਝੱਜ, ਮਲਕੀਤ ਮਾਲੜਾ, ਸੋਨੂੰ ਕੁਮਾਰ ਤੇ ਬਲਵੰਤ ਮਾਂਗਟ ਕਵਿਤਾ ਦੇ ਪੱਖ ਵਿੱਚ ਖੜ੍ਹੇ।ਗੁਰਦਿਆਲ ਦਲਾਲ, ਅਮਰਿੰਦਰ ਸੋਹਲ, ਪ੍ਰਭਜੋਤ ਰਾਮਪੁਰ, ਤਰਣ ਰਾਮਪੁਰ ਨੇ ਗ਼ਜ਼ਲ, ਕਮਲਜੀਤ ਨੀਲੋਂ ਨੇ ਕਹਾਣੀ ਉਡਾਰੀ, ਅਨਿਲ ਫ਼ਤਿਹਗੜ੍ਹ ਜੱਟਾਂ ਨੇ ਕੈਦੋਂ ਦਾ ਕਿੱਸਾ ਅਤੇ ਸ਼ੇਰ ਸਿੰਘ ਨੇ ਗੀਤ ਸੁਣਾਇਆ। ਇਸ ਮੀਟਿੰਗ ਵਿੱਚ ਅਮਨ ਆਜ਼ਾਦ, ਜਸ਼ਨਪ੍ਰੀਤ ਕੌਰ, ਬੁੱਧ ਸਿੰਘ ਨੀਲੋਂ ਅਤੇ ਜਗਦੇਵ ਮਕਸੂਦੜਾ ਨੇ ਸੁਣਾਈਆਂ ਰਚਨਾਵਾਂ 'ਤੇ ਹੋਈ ਚਰਚਾ ਵਿੱਚ ਭਾਗ ਲਿਆ। ਮੀਟਿੰਗ ਵਿੱਚ ਹਰਲੀਨ ਕੌਰ, ਜਸ਼ਨਪ੍ਰੀਤ ਕੌਰ ਅਤੇ ਮੋਨੂੰ ਕੁਮਾਰ ਦਾ ਪਹਿਲੀ ਵਾਰ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਗਿਆ। ਹਰਲੀਨ ਕੌਰ ਨੇ ਅੰਗਰੇਜ਼ੀ ਵਿੱਚ ਲਿਖੀ ਕਿਤਾਬ ਲਾਇਬਰੇਰੀ ਨੂੰ ਭੇਟ ਕੀਤੀ ਅਤੇ ਆਪਣੇ ਅਨੁਭਵ ਸਾਂਝੇ ਕੀਤੇ।ਅੰਤ ਵਿਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਮੀਟਿੰਗ ਵਿਚ ਸ਼ਾਮਿਲ ਸਾਰੇ ਸਾਹਿਤਕਾਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਭਾ ਦੇ ਜਨਰਲ ਸਕੱਤਰ ਬਲਵੰਤ ਮਾਂਗਟ ਨੇ ਮੰਚ ਦਾ ਸੰਚਾਲਣ ਕੀਤਾ। ਸਭਾ ਦੇ ਪ੍ਰਬੰਧਕੀ ਕੰਮਾਂ ਨੂੰ ਪ੍ਰਭਜੋਤ ਰਾਮਪੁਰ ਤੇ ਤਰਨ ਰਾਮਪੁਰ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ।

## ਕੁੱਟਮਾਰ ਕਰਕੇ ਸੱਟਾਂ ਮਾਰਨ 'ਤੇ 7 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**

ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਕੋਟੂਵਾਲਾ ਨੇੜੇ ਰੇਲਵੇ ਅੰਡਰ ਬ੍ਰਿਜ ਦੇ ਕੋਲ ਮੋਟਰਸਾਈਕਲ ਸਵਾਰ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿਚ 7 ਲੋਕਾਂ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਸੁਰਜੀਤ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਕੋਟੂਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਹ 20 ਸਤੰਬਰ ਦੀ ਰਾਤ ਨੂੰ ਕਰੀਬ ਸਾਢੇ 9 ਵਜੇ ਮੋਟਰਸਾਈਕਲ ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਪਿੰਡ ਕੋਟੂਵਾਲਾ ਨੇੜੇ ਰੇਲਵੇ ਅੰਡਰ ਬ੍ਰਿਜ ਦੇ ਕੋਲ ਖੁਸ਼ੀ, ਵਿੱਕੀ, ਰਾਜੂ ਵਗੈਰਾ ਵੱਲੋਂ ਉਸ ਨੂੰ ਘੇਰ ਲਿਆ ਅਤੇ ਰੋਕ ਕੇ ਉਸ ਦੀ ਕੁੱਟਮਾਰ ਕੀਤੀ ਅਤੇ ਸੱਟਾਂ ਮਾਰੀਆ ਹਨ।

ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਮੁਦੱਈ ਸੁਰਜੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਖੁਸ਼ੀ, ਵਿੱਕੀ ਅਤੇ ਰਾਜੂ ਪੁਤਰ ਮੰਗਲ ਸਿੰਘ ਵਾਸੀਆਨ ਪਿੰਡ ਟਿਵਾਣਾ ਕਲਾਂ ਅਤੇ 4 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# ਨਗਰ ਕੌਂਸਲ ਚੋਣਾਂ ਲੜਨ ਦੇ ਚਾਹਵਾਨ ਹੋਏ ਸਰਗਰਮ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸਥਾਨਕ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਵਾਰਡ ਨੰਬਰ 10, ਜੋ ਪੁਰਸ਼ਾਂ ਲਈ ਜਨਰਲ ਵਾਰਡ ਹੈ, ਵਿੱਚ ਮੁਕਾਬਲਾ ਦਿਲਚਸਪ ਹੋਣ ਦੇ ਅਸਾਰ ਬਣੇ ਹੋਏ ਹਨ, ਭਾਵੇਂ ਕਿ ਨਗਰ ਕੌਂਸਲ ਦੀਆਂ ਚੋਣਾਂ ਦੀ ਤਰੀਕ ਹਾਲੇ ਤੱਕ ਕੋਈ ਤੈਅ ਨਹੀਂ ਹੋ ਸਕੀ ਪਰ ਫਿਰ ਵੀ ਚੋਣ ਲੜਨ ਦੇ ਇਛੁਕ ਉਮੀਦਵਾਰਾਂ ਵੱਲੋਂ ਆਪਣੇ-ਆਪਣੇ ਵੋਟਰਾਂ ਨਾਲ ਸੰਪਰਕ ਪੈਦਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਰਾਮਪੁਰਾ ਫੂਲ ਦੇ ਵਾਰਡ ਨੰਬਰ 10 ਵਿੱਚ ਤਰਸੇਮ ਸ਼ਰਮਾ ਪ੍ਰਧਾਨ ਦੂਜੇ ਪਾਸੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਰੇਸ਼ ਬਾਹੀਆ ਆਹਮਣੇ-ਸਾਹਮਣੇ ਹਨ। ਦੋ ਵਾਰ ਐਮ. ਸੀ. ਦੀਆਂ ਚੋਣਾਂ ਜਿੱਤ ਚੁੱਕੇ ਹਨ। ਆੜਤੀਆਂ ਅਸੋਸੀਏਸ਼ਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ।ਤੀਜੇ ਉਮੀਦਵਾਰ ਡਾਕਟਰ ਸੰਜੀਵ ਕੁਮਾਰ ਪਹਾੜੀਆ ਹਨ, ਜੋ ਕਿ ਅਨਾਥ ਗਊ ਆਸ਼ਰਮ ਦੇ ਜਨਰਲ ਸਕੱਤਰ ਹਨ ਅਤੇ ਸਮੂਹ ਵਪਾਰੀ ਸੰਘ, ਬੱਸ ਸਟੈਂਡ ਮਾਰਕਿਟ ਦੇ ਪ੍ਰਧਾਨ ਹਨ, ਨੇ ਇਸ ਵਾਰਡ ਵਿਚੋ ਚੋਣ ਲੜਨ ਦਾ ਐਲਾਨ ਪਹਿਲਾਂ ਹੀ ਕੀਤਾ ਹੋਇਆ ਹੈ ਅਤੇ ਆਪਣੇ ਹਮਾਇਤੀਆਂ ਨਾਲ ਦਿਨ ਰਾਤ ਰਾਬਤਾ ਵਧਾ ਰਹੇ ਹਨ।ਤਰਸੇਮ ਸ਼ਰਮਾ ਵੀ ਸ਼ਹਿਰ ਵਿੱਚ ਕਾਫੀ ਅਸਰ ਸੂਖ ਰੱਖਣ ਵਾਲਾ ਵਿਅਕਤੀ ਹੈ, ਕਿਉਂਕਿ ਤਰਸੇਮ ਸ਼ਰਮਾ ਲੰਮਾ ਸਮਾਂ ਦਸਮੇਸ਼ ਟੈਕਸੀ ਯੂਨੀਅਨ ਰਾਮਪੁਰਾ ਫੂਲ ਦੇ ਪ੍ਰਧਾਨ ਰਹਿ ਚੁੱਕੇ ਹਨ, ਟਰੱਕ ਯੂਨੀਅਨ ਰਾਮਪੁਰਾ ਫੂਲ ਦੇ ਵੀ ਮੀਤ ਪ੍ਰਧਾਨ ਅਤੇ ਬਾਬਾ ਇੰਦਰ ਦਾਸ ਗਊਸ਼ਾਲਾ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਸਭ ਤੋਂ ਵੱਡੀ ਗੱਲ ਹੈ ਕਿ ਪੰਜਾਬੀ ਲੋਕ ਗਾਇਕ ਮੇਜਰ ਰਾਜਸਥਾਨੀ ਸਬੰਧੀ ਯਾਦਗਾਰੀ ਮੇਲਾ ਤਰਸੇਮ ਸ਼ਰਮਾ ਨੇ 12 ਸਾਲ ਅਪਣੀ ਪ੍ਰਧਾਨਗੀ ਹੇਠ ਕਰਵਾਇਆ, ਜਿਸ ਵਿੱਚ ਪੰਜਾਬ ਦੇ ਉੱਘੇ ਕਲਾਕਾਰ ਆਪਣੀ ਹਾਜ਼ਰੀ ਲਵਾਉਂਦੇ ਸਨ।ਇਸ ਕਰਕੇ ਤਰਸੇਮ ਸ਼ਰਮਾ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ। ਭਾਵੇਂ ਕਿ ਤਰਸੇਮ ਸ਼ਰਮਾ ਨੇ ਪਹਿਲਾਂ ਵਾਰਡ ਨੰਬਰ 9 'ਚ ਆਪਣੀ ਧਰਮਪਤਨੀ ਨਿਰਮਲਾ ਦੇਵੀ ਦਾ ਚੋਣ ਲੜਨ ਦਾ ਐਲਾਨ ਕੀਤਾ ਸੀ । ਪਰ ਉਹਨਾਂ ਦੀ ਬੇਵਕਤੀ ਮੌਤ ਹੋਣ ਕਾਰਨ ਉਹ ਚੋਣ ਲੜਨ ਦੇ ਇਛੁਕ ਨਹੀਂ ਸਨ। ਪਰ ਉਹਨਾਂ ਦੇ ਦੋਸਤਾਂ ਅਤੇ ਵਾਰਡ ਦੇ ਲੋਕਾਂ ਦੇ ਕਹਿਣ 'ਤੇ ਤਰਸੇਮ ਸ਼ਰਮਾ ਨੇ ਚੋਣ ਲੜਨ ਲਈ ਹਾਮੀ ਭਰ ਦਿੱਤੀ ਹੈ।ਤਰਸੇਮ ਸ਼ਰਮਾ ਨੂੰ ਸਥਾਨਕ ਵਿਧਾਇਕ ਬਲਕਾਰ ਸਿੱਧੂ ਵੱਲੋਂ ਹਮਾਇਤ ਮਿਲਣ 'ਤੇ ਹੁਣ ਸਾਰੇ ਸ਼ਹਿਰ ਵਿੱਚੋਂ ਰਾਮਪੁਰਾ ਫੂਲ ਦਾ ਵਾਰਡ ਨੰਬਰ 10 ਦਾ ਮੁਕਾਬਲਾ ਦਿਲਚਸਪ ਹੋ ਸਕਦਾ ਹੈ।

# ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੀ ਮੀਟਿੰਗ

**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੀ ਮੀਟਿੰਗ ਅਜੇ ਭਵਨ ਨਵੀਂ ਦਿੱਲੀ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਰਾਸ਼ਟਰੀ ਕਾਰਜਕਾਰਨੀ ਮੈਂਬਰ ਕਾਮਰੇਡ ਪ੍ਰਕਾਸ਼ ਬਾਬੂ ਨੇ ਕੀਤੀ।ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ ਨੇ ਕਾਂਗਰਸ ਲਈ ਸਿਆਸੀ ਅਤੇ ਆਰਥਿਕ ਘਟਨਾਵਾਂ ਅਤੇ ਦਿਸ਼ਾ ਨਿਰਦੇਸ਼ਾਂ ਬਾਰੇ ਰਿਪੋਰਟ ਪੇਸ਼ ਕੀਤੀ।ਉਪਰੋਕਤ ਰਿਪੋਰਟ 'ਤੇ ਵਿਸਤ੍ਰਿਤ ਚਰਚਾ ਕੀਤੀ ਗਈ ਜਿਸ ਦੇ ਸ਼ੁਰੂ ਵਿੱਚ ਸਾਰੇ ਡੈਲੀਗੇਟਾਂ ਨੇ ਸੰਭਲ (ਉੱਤਰ ਪ੍ਰਦੇਸ਼) ਵਿੱਚ ਫੈਲੀ ਫਿਰਕੂ ਹਿੰਸਾ ਬਾਰੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਵਧਦੀ ਫਿਰਕੂ ਹਿੰਸਾ ਭਾਜਪਾ ਦੇ ਕੁਸ਼ਾਸਨ ਦਾ ਨਤੀਜਾ ਹੈ, ਸਾਰੀਆਂ ਅਗਾਂਹਵਧੂ ਤਾਕਤਾਂ ਨੂੰ ਉੱਤਰ ਪ੍ਰਦੇਸ਼ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਵਧਦੇ ਫਿਰਕੂ ਤਣਾਅ ਦਾ ਵਿਰੋਧ ਕਰਨ ਲਈ ਇੱਕਜੁੱਟ ਹੋਣਾ ਚਾਹੀਦਾ ਹੈ।ਅਗਲੀ ਪਾਰਟੀ ਕਾਂਗਰਸ (25ਵੀਂ ਪਾਰਟੀ ਕਾਂਗਰਸ) ਚੰਡੀਗੜ੍ਹ, ਪੰਜਾਬ ਵਿਖੇ 21 ਤੋਂ 25 ਸਤੰਬਰ, 2025 ਤੱਕ ਕਰਵਾਉਣ ਦਾ ਫੈਸਲਾ ਕੀਤਾ ਗਿਆ। ਡੈਲੀਗੇਟਾਂ ਦੀ ਚੋਣ ਕਰਨ ਲਈ ਨੈਸ਼ਨਲ ਕੌਂਸਲ ਅਤੇ ਸਟੇਟ ਕੌਂਸਲ ਦੇ ਮੈਂਬਰਾਂ ਦੀ ਗਿਣਤੀ ਬਾਰੇ ਦਿਸ਼ਾ-ਨਿਰਦੇਸ਼ਾਂ ਦੇ ਨਾਲ-ਨਾਲ ਸੂਬਾਈ ਕਾਨਫਰੰਸਾਂ ਅਗਸਤ 2025 ਤੋਂ ਪਹਿਲਾਂ ਕਰਨ ਲਈ ਦਿੱਤੇ ਗਏ ਦਿਸ਼ਾ-ਨਿਰਦੇਸ਼ ਪਾਸ ਕੀਤੇ ਗਏ ਸਨ। ਮਤੇ ਸੀ ਪੀ ਆਈ 10 ਦਸੰਬਰ ਨੂੰ ਰੋਸ ਅਤੇ ਮੰਗ ਦਿਵਸ ਵਜੋਂ ਮਨਾਏਗੀ।ਅਡਾਨੀ ਗਰੁੱਪ ਆਫ ਕੰਪਨੀਜ਼ ਦੇ ਗਲਤ ਕੰਮਾਂ ਦੀ ਜਾਂਚ ਲਈ ਜੇਪੀਸੀ ਦੀ ਮੰਗ ਕਰਨ ਅਤੇ ਕ੍ਰੋਨੀ ਪੂੰਜੀਵਾਦ ਨੂੰ ਉਤਸ਼ਾਹਿਤ ਕਰਨ ਵਿੱਚ ਸਰਕਾਰ ਦੀ ਭੂਮਿਕਾ ਦਾ ਪਰਦਾਫਾਸ਼ ਕਰਨ ਲਈ 10 ਦਸੰਬਰ ਨੂੰ ਰੋਸ ਅਤੇ ਮੰਗ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।ਸੰਸਦ ਵਿੱਚ ਮਨੀਪੁਰ ਦੀ ਸਥਿਤੀ ਉੱਤੇ ਵਿਸਤ੍ਰਿਤ ਚਰਚਾ ਅਤੇ ਆਰਮਡ ਫੋਰਸਿਜ਼ ਸਪੈਸ਼ਲ ਪ੍ਰੋਟੈਕਸ਼ਨ ਐਕਟ (ਅਫਸਪਾ) ਨੂੰ ਵਾਪਸ ਲੈਣ ਦੀ ਮੰਗ ਕੀਤੀ ਜਾਣੀ ਹੈ। ਇਸੇ ਤਰ੍ਹਾਂ ਜੀ ਡੀ ਪੀ ਦੀ ਡਿੱਗਦੀ ਦਰ ਦੇ ਨਾਲ-ਨਾਲ ਕੀਮਤਾਂ ਵਿੱਚ ਵਾਧਾ, ਵਧਦੀ ਬੇਰੁਜ਼ਗਾਰੀ ਅਤੇ ਅਸਮਾਨਤਾ ਵਰਗੇ ਗੰਭੀਰ ਆਰਥਿਕ ਮੁੱਦਿਆਂ ਨੂੰ ਉਜਾਗਰ ਕਰਨਾ।

## ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਪਾਰਕ ਤੋਂ ਸਫਾਈ ਮੁਹਿੰਮ ਦਾ ਕੀਤਾ ਆਗਾਜ਼

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 25 ਤੋਂ 27 ਦਸੰਬਰ ਤੱਕ ਆਯੋਜਤ ਹੋਣ ਵਾਲੀ ਸ਼ਹੀਦੀ ਸਭਾ ਮੌਕੇ ਲੱਖਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਸਾਫ਼-ਸੁਥਰਾ ਵਾਤਾਵਾਰਣ ਮੁਹੱਈਆ ਕਰਾਉਣ ਦੇ ਮੰਤਵ ਨਾਲ ਵਿਸ਼ੇਸ਼ ਸਫਾਈ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਵਿੱਚ ਹਰੇਕ ਵਰਗ ਦੇ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਯਾਦਗਾਰੀ ਪਾਰਕ ਵਿਖੇ ਸਫ਼ਾਈ ਮੁਹਿੰਮ ਸ਼ੁਰੂ ਕਰਨ ਮੌਕੇ ਕੀਤਾ।ਹਲਕਾ ਵਿਧਾਇਕ ਨੇ ਕਿਹਾ ਕਿ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਸਿੱਖ ਇਤਿਹਾਸ ਵਿੱਚ ਵੱਡਾ ਸਥਾਨ ਹੈ ਤੇ ਉਨ੍ਹਾਂ ਦੀ ਯਾਦ ਵਿੱਚ ਬਣਾਏ ਗਏ ਪਾਰਕ ਦੀ ਸਾਫ਼ ਸਫਾਈ ਰੱਖਣਾ ਸਾਡਾ ਸਾਰਿਆਂ ਦਾ ਮੁੱਢਲਾ ਫ਼ਰਜ਼ ਬਨਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੇ ਲੱਖਾਂ ਰੁਪਏ ਖਰਚ ਕਰਕੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਵਿੱਚ ਖ਼ੂਬਸੂਰਤ ਪਾਰਕ ਦਾ ਨਿਰਮਾਣ ਕੀਤਾ ਗਿਆ ਹੈ। ਇਸ ਦੀ ਸਾਫ ਸਫਾਈ ਰੱਖਣਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਵਿੱਚ ਬਣਾਏ ਪਾਰਕ ਦੀ ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਜੁ ਸ਼ਹੀਦੀ ਸਭਾ ਤੇ ਆਉਣ ਵਾਲੀ ਸੰਗਤ ਨੂੰ ਸਵੱਛ ਵਾਤਾਵਰਣ ਮੁਹੱਈਆ ਹੋ ਸਕੇ।

## ਜੁਰਮਾਨਾ ਐਡਜਸਟ ਕਰਨ ਬਦਲੇ 10,000 ਰਿਸ਼ਵਤ ਲੈਂਦਾ ਜੇ ਈ ਕਾਬੂ



**ਨਾਭਾ (ਵਰਿੰਦਰ ਵਰਮਾ)**
ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: (ਪੀ.ਐਸ.ਪੀ.ਸੀ.ਐਲ.) ਦੇ ਦਫ਼ਤਰ ਵਿਖੇ ਤਾਇਨਾਤ ਨਰਿੰਦਰ ਸਿੰਘ, ਜੂਨੀਅਰ ਇੰਜੀਨੀਅਰ (ਜੇ.ਈ.) ਨੂੰ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ। ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਸ਼ਿਵਾ ਇਨਕਲੇਵ ਦੇ ਵਸਨੀਕ ਭੋਲਾ ਚੰਦ ਸਿੰਗਲਾ ਵੱਲੋਂ ਦਰਜ ਕਰਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਦੋਸ਼ੀ ਨਰਿੰਦਰ ਸਿੰਘ ਜੇ.ਈ. ਉਸ ਦੇ ਘਰ ਵਿੱਚ ਲਾਏ ਗਏ ਬਿਜਲੀ ਮੀਟਰ ਦੇ ਲੋਡ ਦੇ ਬਕਾਇਆ ਜੁਰਮਾਨੇ ਨੂੰ ਐਡਜਸਟ ਕਰਨ ਬਦਲੇ 10000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ।ਸ਼ਿਕਾਇਤ ਵਿੱਚ ਦੱਸਿਆ ਗਿਆ ਹੈ ਕਿ ਉਕਤ ਜੇਈ ਪਹਿਲਾਂ ਵੀ 10,000 ਰੁਪਏ ਲੈ ਚੁੱਕਾ ਹੈ ਤੇ 10,000 ਰੁਪਏ ਦੀ ਹੋਰ ਰਿਸ਼ਵਤ ਦੀ ਮੰਗ ਕਰ ਰਿਹਾ ਹੈ।ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਦੋਸ਼ੀ ਨਰਿੰਦਰ ਸਿੰਘ ਜੇ.ਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ਤੇ ਰਿਸ਼ਵਤ ਦੀ ਰਕਮ ਵੀ ਬਰਾਮਦ ਕਰ ਲਈ ਗਈ।ਇਸ ਸਬੰਧੀ ਉਕਤ ਦੋਸ਼ੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

## ਸ਼ਹੀਦ ਊਧਮ ਸਿੰਘ ਵੈੱਲਫੇਅਰ ਕਲੱਬ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਸ਼ਹਿਰ ਦੀ ਮਹਿਰਾਜ ਕਲੋਨੀ ਦੇ ਸ਼ਹੀਦ ਊਧਮ ਸਿੰਘ ਵੈਲਫੇਅਰ ਕਲੱਬ (ਰਜਿ:) ਦੀ ਮੀਟਿੰਗ ਕਲੱਬ ਦੇ ਚੇਅਰਮੈਨ ਗੁਰਤੇਜ ਸਿੰਘ ਗੋਗੀ ਬਰਾੜ ਦੀ ਅਗਵਾਈ ਵਿੱਚ ਯੂ.ਈ.ਐਸ.ਸੀ. ਟਿਊਸ਼ਨ ਸੈਂਟਰ ਵਿਖੇ ਹੋਈ।ਸਭ ਤੋਂ ਪਹਿਲਾਂ ਪਿਛਲੇ ਦਿਨਾਂ ਦੌਰਾਨ ਮਹਿਰਾਜ ਕਲੋਨੀ ਵਾਸੀ ਮਨਪ੍ਰੀਤ ਸਿੰਘ ਗਿੱਲ (ਮੰਨਾ) ਅਤੇ ਬੇਟੀ ਭਵਨੀਤ ਕੌਰ ਪੁੱਤਰੀ ਹਰਸ਼ਇੰਦਰ ਸਿੰਘ ਮਿਸਤਰੀ ਦੀ ਮ੍ਰਿਤੂ 'ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸਰਧਾਂਜਲੀ ਭੇਟ ਕੀਤੀ ਗਈ।ਕਲੱਬ ਦੀ ਬੇਹਤਰ ਕਾਰਗੁਜ਼ਾਰੀ ਲਈ ਹੈੱਡਮਾਸਟਰ ਲਾਭ ਸਿੰਘ ਸਿੱਧੂ, ਸਮਾਜ ਸੇਵੀ ਸਤੀਸ਼ ਮਿੱਤਲ, ਗੁਰਵਿੰਦਰ ਸਿੰਘ ਗੋਲਡੀ, ਕਰਮ ਸਿੰਘ ਭੁੱਲਰ ਅਤੇ ਕਰਮਜੀਤ ਸਿੰਘ ਢਿੱਲੋਂ ਨੇ ਆਪੋ-ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ।ਅਮਨਦੀਪ ਸਿੰਘ ਢਿੱਲੋਂ ਅਤੇ ਬਲਵੀਰ ਸਿੰਘ ਸਿੱਧੂ ਬੱਜੋਆਣਾ ਨੇ ਵੈੱਲਫੇਅਰ ਕਲੱਬ ਨਾਲ ਵੱਧ ਤੋਂ ਵੱਧ ਹੋਰ ਮੈਂਬਰ ਜੋੜਨ ਅਤੇ ਕਲੱਬ ਦੀਆਂ ਗਤੀਵਿਧੀਆਂ ਵਧਾਉਣ ਲਈ ਸੁਝਾਅ ਰੱਖੇ।ਕਲੱਬ ਦੇ ਪ੍ਰਧਾਨ ਸੁਰਿੰਦਰ ਧੀਰ ਨੇ ਪਬਲਿਕ ਹਿਤਾਂ ਲਈ ਆਉਂਦੇ ਦਿਨਾਂ ਵਿੱਚ ਕਿਸੇ ਨਾ ਕਿਸੇ ਵਿਸ਼ੇਸ਼ ਵਿਸ਼ੇ 'ਤੇ ਜਾਗਰੂਕਤਾ ਸੈਮੀਨਾਰ ਕਰਾਉਣ ਜਾਂ ਖ਼ੂਨਦਾਨ ਕੈਂਪ ਲਗਾਉਣ ਲਈ ਪ੍ਰੇਰਿਤ ਕੀਤਾ।ਮੀਟਿੰਗ ਵਿੱਚ ਪੇਸ਼ ਕੀਤੇ ਗਏ ਵਿਚਾਰਾਂ, ਸੁਝਾਵਾਂ ਅਤੇ ਕਲੱਬ ਵੱਲੋਂ ਸੈਮੀਨਾਰ ਕਰਾਉਣ ਜਾਂ ਖ਼ੂਨ ਦਾਨ ਕੈਂਪ ਲਗਾਉਣ ਲਈ ਹਾਊਸ ਵੱਲੋਂ ਸਹਿਮਤੀ ਜਤਾਈ ਗਈ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਦਵਿੰਦਰ ਕੁਮਾਰ ਗਰਗ, ਦਰਸ਼ਨ ਸਿੰਘ ਸੇਖੋਂ ਅਤੇ ਅਵਤਾਰ ਸਿੰਘ ਆਦੀਵਾਲ ਮੁੱਖ ਤੌਰ 'ਤੇ ਹਾਜ਼ਰ ਸਨ।

## ਹਾਦਸਿਆਂ ਨੂੰ ਰੋਕਣ ਲਈ ਪ੍ਰਸ਼ਾਸਨ ਵਿਸ਼ੇਸ਼ ਉਪਰਾਲੇ ਕਰੇ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਐਸ.ਸੀ. ਸਮਾਜ ਪੰਜਾਬ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਮਾਜਿਕ ਜਥੇਬੰਦੀਆਂ ਦੀ ਮੀਟਿੰਗ ਹੋਈ। ਜਥੇਬੰਦੀਆਂ ਦੇ ਆਗੂ ਪਰਮਜੀਤ ਸਿੰਘ ਨੀਲੋਂ, ਰੋਸ਼ਨ ਲਾਲ ਨੰਬਰਦਾਰ, ਰਾਕੇਸ਼ ਕੁਮਾਰ ਛਿੰਦੀ, ਧਰਮਵੀਰ ਧੰਮੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪਵਿੱਤਰ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਦਰਸ਼ਨਾਂ ਨੂੰ ਜਾ ਰਹੇ ਸ਼ਰਧਾਲੂਆਂ ਦੇ ਵਾਹਨ ਹਾਦਸਾਗ੍ਰਸਤ ਹੋ ਰਹੇ ਹਨ, ਜਿਨ੍ਹਾਂ ਨੂੰ ਰੋਕਣ ਲਈ ਸਰਕਾਰ ਤੇ ਪ੍ਰਸ਼ਾਸਨ ਨੂੰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਹਾਦਸਿਆਂ ਦੌਰਾਨ ਕਈ ਸ਼ਰਧਾਲੂਆਂ ਦੀ ਮੌਤ ਹੋ ਚੁੱਕੀ ਹੈ, ਇਸ ਲਈ ਟ੍ਰੈਫ਼ਿਕ ਨਿਯਮਾਂ ਨੂੰ ਲਾਗੂ ਕਰਨ ਤੇ ਗੱਡੀਆਂ ਦੀ ਪਾਰਕਿੰਗ ਲਈ ਪ੍ਰਬੰਧ ਕਰਨੇ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਨੇੜੇ ਸੜਕਾਂ ਕਿਨਾਰੇ ਰੇਲਿੰਗ ਲਗਾਈ ਜਾਵੇ ਤਾਂ ਜੁ ਹਾਦਸਿਆਂ ਤੋਂ ਬਚਾਅ ਹੋ ਸਕੇ। ਉਨ੍ਹਾਂ ਕਿਹਾ ਕਿ ਖੁਰਾਲਗੜ੍ਹ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸਰਕਾਰ ਤੇ ਪ੍ਰਸ਼ਾਸਨ ਨੂੰ ਹਾਦਸਿਆਂ ਨੂੰ ਰੋਕਣ ਲਈ ਲਿਖਤੀ ਰੂਪ ਵਿਚ ਪੱਤਰ ਦੇਣਾ ਚਾਹੀਦਾ ਹੈ। ਇਸ ਸਮੇਂ ਹਰੀਪਾਲ ਨਫ਼ਰੀ, ਕ੍ਰਿਸ਼ਨ ਕੁਮਾਰ ਭੌਰੀਆਮ ਤੇ ਬਲਜੀਤ ਸਿੰਘ ਆਦਿ ਹਾਜ਼ਰ ਸਨ।

# ਪ੍ਰੋ. ਬਡੂੰਗਰ ਵੱਲੋਂ ਉਪ ਰਾਸ਼ਟਰਪਤੀ ਨੂੰ ਪੱਤਰ : ਮਹਾਨ ਇਤਿਹਾਸ ਨੂੰ ਸ਼ੁੱਧ ਤੇ ਸਹੀ ਰੂਪ 'ਚ ਲਿਖਵਾ ਕੇ ਦਿੱਤਾ ਜਾਵੇ ਇਨਸਾਫ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੇਸ਼ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੂੰ ਲਿਖਤੀ ਪੱਤਰ ਭੇਜ ਕੇ ਅਪੀਲ ਕਰਨ ਦੇ ਨਾਲ ਨੇਕ ਸਲਾਹ ਦਿੰਦਿਆਂ ਕਿਹਾ ਕਿ ਭਾਰਤ ਦੇ ਮਹਾਨ ਇਤਿਹਾਸ ਨੂੰ ਸ਼ੁੱਧ ਅਤੇ ਸਹੀ ਰੂਪ ਵਿਚ ਲਿਖਵਾਉਣ ਦੀ ਖੇਚਲ ਕੀਤੀ ਜਾਵੇ ਕਿਉਂਕਿ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਖੁਦ ਆਪਣੇ ਇਕ ਬਿਆਨ ਵਿਚ ਭਾਰਤ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਸਖਤ ਆਲੋਚਨਾ ਉਸ ਸਮੇਂ ਕੀਤੀ ਸੀ ਜਦੋਂ ਦੇਸ਼ ਮਹਾਨ ਸੰਘਰਸ਼ੀ ਯੋਧੇ ਰਾਜਾ ਮਹਿੰਦਰ ਪਰਤਾਪ ਸਿੰਘ ਦੀ 138ਵੀਂ ਜਨਮ ਵਰ੍ਹੇਗੰਢ ਮਨਾ ਰਿਹਾ ਸੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਜਿਥੇ ਮਹਾਨ ਸੰਘਰਸ਼ੀ ਯੋਧੇ ਰਾਜਾ ਮਹਿੰਦਰ ਪਰਤਾਪ ਸਿੰਘ ਨੂੰ ਸ਼ਰਧਾ ਸਤਿਕਾਰ ਭੇਟ ਕਰਦਾ ਹੈ, ਉਥੇ ਹੀ ਉਪ ਰਾਸ਼ਟਰਪਤੀ ਨੇ ਦੁੱਖ ਪ੍ਰਗਟ ਕੀਤਾ ਸੀ ਕਿ ਭਾਰਤ ਦੇ ਇਤਿਹਾਸ ਦੀਆਂ ਕਿਤਾਬਾਂ ਵਿਚ ਸੁਤੰਤਰਤਾ ਸੰਗਰਾਮ ਦੇ ਕੁਝ ਨਾਇਕਾਂ ਨਾਲ ਬੇਇਨਾਫ਼ੀ ਹੋਈ ਹੈ ਕਿਉਂਕਿ ਅਜ਼ਾਦੀ ਤੋਂ ਬਾਅਦ ਦੀਆਂ ਕਹਾਣੀਆਂ ਵਿਚ ਹੇਰ-ਫੇਰ ਕਰਕੇ ਕੁਝ ਚੋਣਵੇਂ ਵਿਅਕਤੀਆਂ ਨੂੰ ਮਾਣ ਦਿੱਤਾ ਹੈ।ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਨੇ ਉਪ ਰਾਸ਼ਟਰਪਤੀ ਨੂੰ ਭੇਜੇ ਆਪਣੇ ਪੱਤਰ ਵਿਚ ਦੱਸਿਆ ਕਿ ਜਗਦੀਪ ਧਨਖੜ ਦੇ ਉਸ ਬਿਆਨ ਦਾ ਸਵਾਗਤ ਤੇ ਸ਼ਲਾਘਾ ਕਰਦਾ ਹੈ, ਜਿਨ੍ਹਾਂ ਨੇ ਮੰਨਿਆ ਕਿ ਭਾਰਤ ਦੇ ਇਤਿਹਾਸ ਵਿਚ ਚੋਣਵੇਂ ਨਾਇਕਾਂ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਮੈਂਬਰ ਹੁੰਦਿਆਂ ਆਪ ਜੀ ਨੂੰ ਭਲੀਭਾਂਤੀ ਪਤਾ ਹੈ ਕਿ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ ਅਤੇ ਅਜ਼ਾਦੀ ਸੰਘਰਸ਼ ਵਿਚ ਜਿਹੜੇ ਮਹਾਨ ਸੰਘਰਸ਼ੀ ਯੋਧੇ, ਗਦਰੀ ਬਾਬੇ, ਬੱਬਰ ਅਕਾਲੀ, ਕਾਮਾਗਾਟਾ ਮਾਰੂ ਜਹਾਜ਼ ਕਲਕੱਤੇ ਦੀ ਬਜਬਜ ਘਾਟ ਦੇ 256 ਸ਼ਹੀਦਾਂ, ਸ਼ਹੀਦ ਹੋਏ ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦੇ ਆਜ਼ਮ ਭਗਤ ਸਿੰਘ ਸਮੇਤ ਜਲ੍ਹਿਆਂਵਾਲਾ ਬਾਗ ਵਿਖੇ ਬੇਦੋਸ਼ੇ ਭਾਰਤੀਆਂ ਦੀ ਮੌਤ ਦਾ ਬਦਲਾ ਜਨਰਲ ਓਡਵਾਈਰ ਨੂੰ ਮੌਤ ਦੇ ਘਾਟ ਉਤਾਰ ਕੇ ਲਿਆ ਸੀ ਅਜਿਹੇ ਸ਼ਹੀਦਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਜਾ ਰਿਹਾ ਹ, ਜੋ ਇਕ ਅਤਿ ਘਿਨੌਣਾ ਅਪਰਾਧ ਹੈ।

## ਤਿੰਨ ਫੌਜਦਾਰੀ ਕਾਨੂੰਨਾਂ ਖਿਲਾਫ ਸੈਮੀਨਾਰ 8 ਨੂੰ

**ਦਿੜ੍ਹਬਾ (ਜਸਵੀਰ ਲਾਡੀ)**-ਵੱਖ-ਵੱਖ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਮਨੁਖੀ ਅਧਿਕਾਰ ਦਿਵਸ ਨੂੰ ਸਮਰਪਤ 8 ਦਸੰਬਰ ਨੂੰ ਕੌਮਾਂਤਰੀ ਮਨੁੱਖੀ ਅਧਿਕਾਰਾਂ ਸਬੰਧੀ ਮੁਹਿੰਮ ਚਲਾਉਣ, ਤਿੰਨ ਫੌਜਦਾਰੀ ਕਾਨੂੰਨਾਂ ਤੇ ਹੋਰ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਖਿਲਾਫ਼ ਪ੍ਰਜਾਪਤ ਧਰਮਸ਼ਾਲਾ ਵਿਖੇ ਸੈਮੀਨਾਰ ਕਰਾਇਆ ਜਾ ਰਿਹਾ ਹੈ।ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਇਕਾਈ ਸੰਗਰੂਰ ਦੇ ਪ੍ਰਧਾਨ ਜਗਜੀਤ ਭੂਟਾਲ, ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ, ਸੂਬਾ ਆਗੂ ਮਨਧੀਰ ਸਿੰਘ, ਵਿਸਾਖਾ ਸਿੰਘ, ਸਵਰਨਜੀਤ ਸਿੰਘ, ਪ੍ਰੈਸ ਸਕੱਤਰ ਜੁਝਾਰ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ, ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ,ਇਕਾਈ ਸੰਗਰੂਰ ਦੇ ਪ੍ਰਧਾਨ ਸੁਰਿੰਦਰਪਾਲ ਉਪਲੀ ਨੇ ਦੱਸਿਆ ਕਿ ਸੈਮੀਨਾਰ ਦੇ ਮੁੱਖ ਬੁਲਾਰੇ ਬੂਟਾ ਸਿੰਘ ਸੂਬਾ ਆਗੂ ਜਮਹੂਰੀ ਅਧਿਕਾਰ ਸਭਾ ਪੰਜਾਬ ਤੋਂ ਇਲਾਵਾ ਮਨੁੱਖੀ ਅਧਿਕਾਰਾਂ ਦੀ ਉੱਘੀ ਕਾਰਕੁਨ ਅਮਨਦੀਪ ਕੌਰ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਹੋਣਗੇ।ਆਗੂਆਂ ਨੇ ਦੱਸਿਆ ਭਾਰਤੀ ਹਕੂਮਤ ਲਗਾਤਾਰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਤੇ ਹਮਲੇ ਕਰਨ ਅਤੇ ਵਿਰੋਧੀ ਵਿਚਾਰ ਰੱਖਣ ਵਾਲੇ ਲੋਕ ਪੱਖੀ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ, ਬੁੱਧੀਜੀਵੀਆਂ, ਚਿੰਤਕਾਂ, ਪੱਤਰਕਾਰਾਂ ਤੇ ਵਕੀਲਾਂ ਨੂੰ ਵੱਖ ਵੱਖ ਝੂਠੇ ਪਰਚਿਆਂ ਵਿਚ ਉਲਝਾ ਕੇ ਲੋਕਤੰਤਰ ਦਾ ਘਾਣ ਕਰ ਰਹੀ ਹੈ, ਜਿਸ ਨੂੰ ਭਾਰਤੀ ਅਵਾਮ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੀਆਂ ਤੇ ਇਸ ਖਿਲਾਫ਼ ਲੋਕ ਲਹਿਰ ਉਸਾਰੀ ਜਾਵੇਗੀ।

## ਸੈਕੰਡਰੀ ਸਕੂਲ ਚੱਕ ਬਜੀਦਾ ਦੇ 3 ਬੱਚਿਆਂ ਨੇ ਜਿੱਤੇ ਮੈਡਲ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਰਾਜ ਦੀਆਂ 68ਵੀਂਆਂ ਅੰਤਰ ਜ਼ਿਲ੍ਹਾ ਖੇਡਾਂ ਬਠਿੰਡਾ ਵਿਖੇ ਹੋਈਆਂ। ਇਨ੍ਹਾਂ ਖੇਡਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਬਜੀਦਾ ਦੇ 7 ਵਿਦਿਆਰਥੀਆਂ ਨੇ ਪਾਵਰ ਲਿਫਟਿੰਗ ਖੇਡਾਂ ਵਿਚ ਭਾਗ ਲਿਆ। ਜਿਸ ਵਿਚ ਮਨਜਿੰਦਰ ਕੌਰ ਨੇ ਸਿਲਵਰ ਮੈਡਲ, ਕਾਲਜ ਕੌਰ ਅਤੇ ਤਰਨਪ੍ਰੀਤ ਕੌਰ ਨੇ ਕਾਂਸੇ ਦਾ ਮੈਡਲ ਦਿੱਤਿਆ। ਅੱਜ ਸਕੂਲ ਵਿਚ ਪਹੁੰਚਣ 'ਤੇ ਸਕੂਲ ਸਟਾਫ ਵੱਲੋਂ ਇਨ੍ਹਾਂ ਬੱਚਿਆਂ ਸਵਾਗਤ ਕਰਦੇ ਹੋਏ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਮੌਜੂਦ ਸੀ।

## ਦਿਵਿਆਂਗਜਨਾਂ ਨੇ ਮੰਗਾਂ ਨੂੰ ਲੈ ਕੇ ਕੀਤਾ ਰੋਸ ਮਾਰਚ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਅੱਜ ਦਿਵਿਆਂਗਜਨ ਏਕਤਾ ਯੂਨੀਅਨ ਪੰਜਾਬ ਵੱਲੋਂ ਪ੍ਰਧਾਨ ਲਾਭ ਸਿੰਘ ਧੂਰੀ ਦੀ ਅਗਵਾਈ ਹੇਠ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚ ਰੋਸ ਮਾਰਚ ਕਰਦਿਆਂ ਪੰਜਾਬ ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜੀ ਕੀਤੀ ਗਈ।ਇਸ ਮੌਕੇ ਮੁੱਖ ਮੰਤਰੀ ਕੈਂਪ ਦਫਤਰ ਧੂਰੀ ਦੇ ਇੰਚਾਰਜ ਅਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਵੀ ਸੌਂਪਿਆ ਗਿਆ।ਜਾਨਕਾਰੀ ਦਿੰਦਿਆ ਪ੍ਰਧਾਨ ਲਾਭ ਸਿੰਘ ਧੂਰੀ ਨੇ ਦੱਸਿਆ ਕਿ ਅੰਗਹੀਣਾਂ ਦੀ ਮਹੀਨਾਵਾਰ ਪੈਨਸ਼ਨ 5000 ਰੁਪੈ ਪ੍ਰਤੀ ਮਹੀਨਾਂ ਕਰਨ, ਸਰਕਾਰੀ ਬੈਕਲਾਗ ਪੂਰਾ ਕਰਕੇ ਤੁਰੰਤ ਅਸਾਮੀਆਂ ਭਰਨ, ਘੱਟ ਪੜ੍ਹੇ-ਲਿਖੇ ਵਿਅਕਤੀਆਂ ਨੂੰ ਪ੍ਰਾਈਵੇਟ ਨੌਕਰੀਆਂ ਵਿੱਚ ਰਾਖਵੇਂਕਰਨ ਕਰਨ, ਸਵੈ-ਰੁਜ਼ਗਾਰ ਵਾਸਤੇ 2 ਲੱਖ ਦਾ ਕਰਜ਼ਾ ਬਗੈਰ ਵਿਆਜ ਅਤੇ ਸ਼ਰਤਾਂ ਤੋਂ ਦੇਣ ਅਤੇ 2016 ਐਕਟ ਪੂਰੀ ਤਰ੍ਹਾ ਨਾਲ ਲਾਗੂ ਕਰਨ ਸਮੇਤ ਮੰਗ ਪੱਤਰ ਵਿੱਚ ਦਰਜ਼ ਹੋਰ ਮੰਗਾਂ ਵੀ ਮੰਨਣ ਦੀ ਮੰਗ ਕੀਤੀ।ਇਸ ਮੌਕੇ ਪਰਦੀਪ ਸਿੰਘ, ਜਗਜੀਤ ਸਿੰਘ, ਪਰਮਜੀਤ ਸਿੰਘ ਅਤੇ ਹਾਕਮ ਸਿੰਘ ਵੀ ਹਾਜ਼ਰ ਸਨ।

# ਸੀ ਐੱਚ ਬੀ, ਸੀ ਐੱਚ ਡਬਲਿਊ ਵਰਕਰਾਂ ਵੱਲੋਂ ਰੋਸ ਦਾ ਪ੍ਰਗਟਾਵਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਲ ਫਿਰੋਜ਼ਪੁਰ ਵਿੱਚ ਸੀ ਐੱਚ ਬੀ, ਸੀ ਐੱਚ ਡਬਲਿਊ ਵਰਕਰਾਂ ਵੱਲੋਂ ਰੋਸ ਦਾ ਪ੍ਰਗਟਾਵਾ ਕੀਤਾ ਗਿਆ।ਉਨ੍ਹਾਂ ਬਿਜਲੀ ਬੋਰਡ ਦੇ ਸਰਕਲ ਦਫ਼ਤਰ ਅੱਗੇ ਪ੍ਰਦਰਸ਼ਨ ਵਿਰੋਧ ਕੀਤਾ। ਇਸ ਮੌਕੇ ਸਾਥੀ ਸਰਕਲ ਪ੍ਰਧਾਨ ਸ਼ੇਰ ਸਿੰਘ, ਵਿਸ਼ਾਲ ਕੈਟ, ਸੁਮਿਤ, ਬੂਟਾ ਸਿੰਘ, ਯਗੇਸ਼ ਖੋਖਰ, ਗੁਰਚਰਨ ਸਿੰਘ, ਅਸ਼ੋਕ ਨਾਹਰ, ਮੱਤੀ, ਮਾਨਵ, ਸਿਟੀ ਤੋਂ ਮਨਪ੍ਰੀਤ, ਪ੍ਰਧਾਨ ਵਿਸ਼ਾਲ ਤੇਜੀ ਨੇ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਰਿਟਾਇਰਮੈਂਟ ਮੁਲਾਜ਼ਮਾਂ ਨੂੰ ਦੁਬਾਰਾ ਭਰਤੀ ਕਰਨ ਦੇ ਪੱਤਰ ਸਾੜੇ ਗਏ। ਜੇਕਰ ਪਾਵਰਕਾਮ ਮੈਨੇਜਮੈਂਟ ਇਸ ਪੱਤਰ ਨੂੰ ਵਾਪਸ ਨਹੀਂ ਲੈਂਦੀ ਤਾਂ 10 ਦਸੰਬਰ ਨੂੰ ਖੰਨਾ ਵਿਖੇ ਲਗਾਤਾਰ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ। ਧਰਨੇ 'ਚ ਪਰਵਾਰਾਂ ਸਮੇਤ ਸ਼ਮੂਲੀਅਤ ਕਰਵਾਉਣ ਦੀ ਸਾਰਿਆਂ ਨੂੰ ਹਦਾਇਤ ਕੀਤੀ ਜਾਵੇਗੀ।

## ਮਿੰਟੂ ਜੌੜਾਮਾਜਰਾ ਦਾ ਜਨਮ ਦਿਨ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਛੋਟੇ ਭਰਾ ਹਰਜਿੰਦਰ ਸਿੰਘ ਮਿੰਟੂ ਦੇ ਜਨਮਦਿਨ ਦੀ ਖੁਸ਼ੀ 'ਚ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਕੁਲਾਰਾਂ ਵੱਲੋਂ ਪ੍ਰੋਗਰਾਮ ਕਰਾਇਆ ਗਿਆ, ਜਿਸ 'ਚ ਸਮੂਹ ਪੱਤਰਕਾਰ ਭਾਈਚਾਰੇ ਤੋਂ ਇਲਾਵਾ ਪਾਵਰਕੌਮ ਦੇ ਐਕਸੀਅਨ ਕੰਵਰਦੀਪ ਸਿੰਘ, ਨਾਇਬ ਤਹਿਸੀਲਦਾਰ ਰਮਨ ਗੁਪਤਾ, ਥਾਣਾ ਸਦਰ ਮੁਖੀ ਇੰਸਪੈਕਟਰ ਅਵਤਾਰ ਸਿੰਘ, ਐਸਡੀਓ ਕਰਮਜੀਤ ਸਿੰਘ, ਸੁਰਿੰਦਰ ਸਿੰਘ ਢੋਟ ,ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਬਲਾਕ ਪ੍ਰਧਾਨ ਗੁਰਨਾਮ ਸਿੰਘ ਢੈਂਠਲ, ਆਵਾਜਾਈ ਪੁਲਿਸ ਮੁਖੀ ਸੇਵਕ ਸਿੰਘ, ਪੁਲਿਸ ਚੌਂਕੀ ਮਵੀ ਦੇ ਮੁੱਖ ਅਫਸਰ ਬਲਕਾਰ ਸਿੰਘ ਨਿਰਮਾਨ, ਬੈਂਕ ਮੈਨੇਜਰ ਪੁਸ਼ਪ ਗੋਇਲ, ਜਥੇਦਾਰ ਕੁਲਦੀਪ ਸਿੰਘ ਢੈਂਠਲ, ਸਾਬਕਾ ਪ੍ਰਧਾਨ ਜੀਵਨ ਗਰਗ, ਪਿਆਰਾ ਲਾਲ ਬਾਂਸਲ ਤੇ ਪਾਰਸ ਸ਼ਰਮਾ ਸਮੇਤ ਸ਼ਹਿਰ ਦੇ ਪਤਵੰਤੇ ਮੌਜੂਦ ਰਹੇ।

## ਜ਼ਿਲ੍ਹੇ ਦੇ ਪੈਰਾ ਖਿਡਾਰੀਆਂ ਨੇ ਮੈਡਲ ਜਿੱਤ ਕੇ ਜ਼ਿਲ੍ਹੇ ਦਾ ਨਾਂ ਕੀਤਾ ਰੌਸ਼ਨ : ਥਿੰਦ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਵਿਸ਼ਵ ਅੰਪਗਤਾ ਦਿਵਸ ਮੌਕੇ ਖੇਡਾਂ ਵਤਨ ਪੰਜਾਬ ਦੀਆਂ ਦੇ ਪੈਰਾ ਮੁਕਾਬਲਿਆਂ ਵਿੱਚ 20 ਮੈਡਲ ਜਿੱਤਣ ਵਾਲੇ ਜ਼ਿਲ੍ਹੇ ਦੇ ਪੈਰਾ ਖਿਡਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

ਇਸ ਮੌਕੇ ਡਾ. ਸੋਨਾ ਥਿੰਦ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੈਰਾ ਖੇਡਾਂ ਦੇ ਮੁਕਾਬਲੇ ਕਰਵਾ ਕੇ ਪੈਰਾ ਖਿਡਾਰੀਆਂ ਨੂੰ ਵੱਡਾ ਤੋਹਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਕਿਸੇ ਤੋਂ ਘੱਟ ਨਹੀਂ ਹੁੰਦੇ ਸਗੋਂ ਲੋੜ ਹੈ ਕਿ ਉਨ੍ਹਾਂ ਨੂੰ ਸਮਾਜ ਵਿੱਚ ਅੱਗੇ ਵਧਣ ਦੇ ਬਰਾਬਰ ਮੌਕੇ ਦਿੱਤੇ ਜਾਣ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਜ਼ਿਲ੍ਹੇ ਵਿੱਚ ਰਿਸੋਰਸ ਰੂਮ ਵੀ ਚੱਲ ਰਹੇ ਹਨ ਜਿਨ੍ਹਾਂ ਵਿੱਚ ਇਨ੍ਹਾਂ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਖੇਡਾਂ ਵਤਨ ਪੰਜਾਬ ਦੀਆਂ ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਰੁਪਿੰਦਰ ਸਿੰਘ ਨੇ 400 ਤੇ 1500 ਮੀਟਰ ਦੌੜ ਵਿੱਚ ਸੋਨੇ ਦਾ ਤਮਗਾ ਜਿੱਤਿਆ ਜਦੋਂ ਕਿ ਦਵਿੰਦਰ ਸਿੰਘ ਨੇ ਸ਼ਾਟਪੁੱਟ ਵਿੱਚ ਸੋਨੇ ਦਾ ਤਮਗਾ ਤੇ 100 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਹੈ। ਬਲਵੰਤ ਸਿੰਘ ਨੇ 100 ਤੇ 200 ਮੀਟਰ ਦੌੜ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਅਵਤਾਰ ਸਿੰਘ ਹਰਲਾਲਪੁਰ ਨੇ ਡਿਸਕਸ ਥਰੋਅ ਤੇ ਡਿਸਕਸ ਕਲੱਬ ਥਰੋਅ ਵਿੱਚ ਸੋਨੇ ਦਾ ਤਮਗਾ ਜਿੱਤਿਆ ਹੈ। ਇਸੇ ਤਰ੍ਹਾਂ ਤਨਵੀਰ ਸਿੰਘ ਨੇ 200 ਮੀਟਰ ਵਿੱਚ ਚਾਂਦੀ, ਭਾਰਗਵ ਸ਼ਰਮਾ ਨੇ 400 ਮੀਟਰ ਵਿੱਚ ਕਾਂਸੀ, ਦਵਿੰਦਰ ਸਿੰਘ ਅਮਲੋਹ ਨੇ ਸ਼ਾਟਪੁੱਟ ਵਿੱਚ ਚਾਂਦੀ, ਅਮਿਤ ਕੁਮਾਰ ਨੇ 200 ਤੇ 400 ਮੀਟਰ ਦੌੜ ਵਿੱਚ ਚਾਂਦੀ ਦਾ ਤਮਗਾ ਜਿੱਤਿਆ।ਔਰਤਾਂ ਦੇ ਵਰਗ ਵਿੱਚ ਅਨੂ ਕੁਮਾਰੀ ਨੇ 100 ਮੀਟਰ ਦੌੜ ਲੰਮੀ ਛਾਲ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਬਲਵਿੰਦਰ ਕੌਰ ਨੇ ਡਿਸਕਸ ਥ੍ਰੋਅ ਵਿੱਚ ਸੋਨੇ ਦਾ ਤਮਗਾ ਜਿੱਤਿਆ ਤੇ ਲੰਮੀ ਛਾਲ ਵਿੱਚ ਚਾਂਦੀ ਤੇ 200 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਜਨਮਪ੍ਰੀਤ ਕੌਰ ਨੇ 1500 ਮੀਟਰ ਦੌੜ ਵਿੱਚ ਸੋਨੇ ਦਾ ਅਤੇ 400 ਮੀਟਰ ਦੌੜ ਵਿੱਚ ਚਾਂਦੀ ਦਾ ਤਮਗਾ ਜਿੱਤਿਆ।ਇਸ ਮੌਕੇ ਜ਼ਿਲ੍ਹਾ ਸੈਰੇਬੁਲ ਸਪੋਰਟਸ ਐਸੋਸੀਏਸ਼ਨ ਦੇ ਚੇਅਰਮੈਨ ਸੁਖਰਾਜ ਸਿੰਘ ਰਾਜਾ, ਪ੍ਰਧਾਨ ਗੁਰਵਿੰਦਰ ਸਿੰਘ ਸੋਹੀ, ਐਡਵੋਕੇਟ ਗੁਰਪ੍ਰੀਤ ਸਿੰਘ, ਹਰਵਿੰਦਰ ਸਿੰਘ ਬੱਬਲ ਨੇ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਪੈਰਾ ਖੇਡਾਂ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸਮਸ਼ੇਰ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵਰਿੰਦਰ ਸਿੰਘ ਟਿਵਾਣਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ, ਡੀ.ਡੀ.ਐਫ. ਇਕਰਾਮ ਖਾਨ, ਜ਼ਿਲ੍ਹਾ ਰੋਜ਼ਗਾਰ ਅਫਸਰ ਹਰਪ੍ਰੀਤ ਸਿੰਘ ਸਿੱਧੂ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

## ਨਰੇਸ਼ ਕਟਾਰੀਆ ਨੇ ਨਵੀਂ ਵਾਟਰ ਸਪਲਾਈ ਪਾਉਣ ਦਾ ਰੱਖਿਆ ਨੀਂਹ ਪੱਥਰ



**ਮੱਖੂ (ਰਛਪਾਲ ਸਿੰਘ ਸੰਧੂ)**-ਸ਼ਹਿਰ ਦੀ ਲੰਮੇ ਸਮੇਂ ਦੀ ਮੰਗ ਨੂੰ ਪੂਰਿਆਂ ਕਰਦਿਆਂ ਅੱਜ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਨੇ ਪਿੰਡ ਬੁੱਲੋਕੇ, ਵਿੰਝੋਂਕੇ ਅਤੇ ਮਖੂ ਸ਼ਹਿਰ ਵਿੱਚ ਵਾਟਰ ਸਪਲਾਈ ਦੀ ਨਵੀਂ ਪਾਈਪ ਲਾਈਨ ਪਾਉਣ ਦਾ ਨੀਂਹ ਪੱਥਰ ਰੱਖਿਆ। ਮੱਖੂ ਸ਼ਹਿਰ ਵਿੱਚ ਭਾਵੇਂ ਪਹਿਲਾਂ ਹੀ ਵਾਟਰ ਸਪਲਾਈ ਦੀ ਪਾਈਪ ਪਈ ਹੋਈ ਸੀ ਪਰ ਉਹ ਪਾਈਪ ਲਾਈਨ ਬਹੁਤ ਪੁਰਾਣੀ ਹੋਣ ਕਾਰਨ ਥਾਂ ਥਾਂ 'ਤੇ ਲੀਕੇਜ ਹੋਣ ਕਾਰਨ ਵਾਟਰ ਸਪਲਾਈ ਵਿੱਚ ਬੜੀ ਦਿੱਕਤ ਆਉਂਦੀ ਸੀ। ਵਾਟਰ ਸਪਲਾਈ ਦੀ ਨਵੀਂ ਪਾਈਪ ਦਾ ਨੀਂਹ ਪੱਥਰ ਰੱਖਣ ਉਪਰੰਤ ਵਿਧਾਇਕ ਨਰੇਸ਼ ਕਟਾਰੀਆ ਨੇ ਦੱਸਿਆ ਕਿ 672.16 ਲੱਖ ਦੀ ਲਾਗਤ ਨਾਲ ਮੱਖੂ ਸ਼ਹਿਰ ਅਤੇ ਬਸਤੀ ਸ਼ਕੀਨਾ, ਬੁੱਲੋਕੇ, ਮੱਲਾਵਾਲਾ ਰੋਡ, ਵਿੰਝੋਂਕੇ, ਬਸਤੀ ਵਸਾਵਾ ਸਿੰਘ, ਈਸਾ ਨਗਰੀ, ਮੇਨ ਬਾਜ਼ਾਰ ਮੱਖੂ, ਵਾਰਸਵਾਲਾ ਵਿੱਚ 18 ਕਿਲੋਮੀਟਰ ਦੇ ਕਰੀਬ ਪੀਣ ਵਾਲੇ ਪਾਣੀ ਦੀ ਪਾਈਪ ਪਾਈ ਜਾ ਰਹੀ ਹੈ। ਜਿਸ ਨਾਲ ਸਾਰੇ ਸ਼ਹਿਰ ਵਾਸੀਆਂ ਨੂੰ ਪੀਣ ਵਾਲਾ ਸਾਫ ਪਾਣੀ ਮਿਲ ਸਕੇਗਾ ਅਤੇ ਇਹ ਕੰਮ 12 ਮਹੀਨੇ ਦੇ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਸ਼ਹਿਰ ਦੀ 100% ਆਬਾਦੀ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮਿਲੇਗਾ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਮੋਹਨ ਕਟਾਰੀਆ, ਜਰਨੈਲ ਸਿੰਘ ਸੰਧੂ, ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ, ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਡਾ. ਰਜੀਵ ਅਹੂਜਾ ਰਵੀ, ਬਲਵੀਰ ਸਿੰਘ ਲਹਿਰਾ, ਨਸੀਬ ਸਿੰਘ ਨੰਬਰਦਾਰ ਵਿੰਝੋਂਕੇ, ਡਾ. ਦਵਿੰਦਰ ਕੁਮਾਰ ਸੋਨੂੰ, ਗੁਰਮੀਤ ਸਿੰਘ ਮੀਤਾ, ਕਾਰਜ ਸਿੰਘ ਸਰਪੰਚ, ਸੰਦੀਪ ਮੈਣੀ, ਵਿਜੇ ਫੌਜੀ, ਨਿਸ਼ਾਨ ਸਿੰਘ ਅਮੀਵਾਲਾ, ਬੱਬੂ ਕੁਤਬਪੁਰ, ਗੁਰਜੰਟ ਸਿੰਘ ਧੱਕਾ ਵਸਤੀ, ਕਸ਼ਮੀਰ ਮਸੀਹ ਆਦਿ ਹਾਜ਼ਰ ਸਨ।

## ਘਰੇਲੂ ਗੈਸ ਦੇ ਇਸਤੇਮਾਲ ਸੰਬੰਧੀ ਵਿਦਿਆਰਥਣਾਂ ਨੂੰ ਕੀਤਾ ਜਾਗਰੂਕ



**ਗੁਰੂਹਰਸਹਾਏ (ਫਕੀਰ ਚੰਦ ਸਿਕਰੀ)**-ਘਰੇਲੂ ਗੈਸ ਦੀ ਸਪਲਾਈ ਕਰਨ ਵਾਲੀ ਸ਼ਾਨ ਇੰਨਡੇਨ ਸਰਵਿਸ ਵੱਲੋਂ ਸਮੇਂ-ਸਮੇਂ ਤੇ ਘਰੇਲੂ ਗੈਸ ਦੇ ਇਸਤੇਮਾਲ ਸਬੰਧੀ ਸੈਮੀਨਰ ਲਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ, ਜਿਸ ਤਹਿਤ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਸੇਲ ਅਫਸਰ ਰਾਹੁਲ ਡੋਗਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਾਨ ਇੰਨਡੈਨ ਸਰਵਿਸ ਦੇ ਮਾਲਕ ਦਵਿੰਦਰ ਸਿੰਘ, ਸਿਮਰ ਸਿਕਰੀ ਤੇ ਮੈਨੇਜਰ ਗੌਰਵ ਸਿਕਰੀ ਵੱਲੋਂ ਪਿੰਡ ਕੋਹਰ ਸਿੰਘ ਵਾਲਾ ਵਿਖੇ ਬਣੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀਆਂ ਨੌਵੀਂ, ਦਸਵੀਂ, ਗਿਆਰਵੀਂ, ਬਾਰ੍ਹਵੀਂ ਦੀਆਂ ਵਿਦਿਆਰਥਣਾਂ ਨੂੰ ਘਰੇਲੂ ਗੈਸ ਦੇ ਇਸਤੇਮਾਲ ਸਬੰਧੀ ਜਾਗਰੂਕ ਕੀਤਾ ਗਿਆ। ਵਿਦਿਆਰਥਣਾਂ ਨੂੰ ਜਾਗਰੂਕ ਕਰਦੇ ਹੋਏ ਗੌਰਵ ਸਿਕਰੀ ਨੇ ਦੱਸਿਆ ਕਿ ਰਸੋਈ ਗੈਸ ਦੀ ਵਰਤੋਂ ਕਰਦੇ ਸਮੇਂ ਚੁੱਲ੍ਹਾ ਹਮੇਸ਼ਾ ਸਿਲੰਡਰ ਤੋਂ ਉੱਚਾ ਰੱਖਿਆ ਜਾਵੇ ਅਤੇ ਸਮੇਂ-ਸਮੇਂ ਤੇ ਪਾਇਪ ਨੂੰ ਬਦਲਿਆ ਜਾਵੇ ਤੇ ਗੈਸ ਦੇ ਇਸਤੇਮਾਲ ਤੋਂ ਬਾਅਦ ਰੈਗੂਲੇਟਰ ਨੂੰ ਬੰਦ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਅਜਿਹੀਆਂ ਸਾਵਧਾਨੀਆਂ ਵਰਤਣ ਦੇ ਨਾਲ ਅਸੀਂ ਸੁਰੱਖਿਅਤ ਰਹਿ ਸਕਦੇ ਹਾਂ।ਇਸ ਮੌਕੇ ਗੌਰਵ ਸਿਕਰੀ ਵੱਲੋਂ ਵਿਦਿਆਰਥਣਾਂ ਕੋਲੋ ਪ੍ਰਸ਼ਨ ਵੀ ਪੁੱਛੇ ਗਏ ਤੇ ਦਰੁਸਤ ਜਵਾਬ ਦੇਣ ਵਾਲੀਆਂ ਵਿਦਿਆਰਥਣਾਂ ਨੂੰ ਗਿਫਟ ਵੀ ਵੰਡੇ ਗਏ।

## ਖੱਤਰੀਵਾਲਾ 'ਚ ਖੂਨਦਾਨ ਕੈਂਪ ਦਾ ਆਯੋਜਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪ੍ਰਜਾਪਿਤਾ ਬ੍ਰਹਮਾ ਕੁਮਾਰੀ ਇਸ਼ਵਰ ਵਿਸ਼ਵ ਵਿਦਿਆਲਿਆ ਅਤੇ ਭਾਈ ਘਨੱਈਆ ਜੀ ਫਾਊਂਡੇਸ਼ਨ ਪੰਜਾਬ ਦੇ ਸਹਿਯੋਗ ਨਾਲ ਪਿੰਡ ਖੱਤਰੀਵਾਲਾ ਵਿਖੇ ਖੂਨਦਾਨ ਕੈਂਪ ਲਾਇਆ ਗਿਆ।ਕੈਂਪ 'ਚ ਰਜਿੰਦਰਾ ਹਸਪਤਾਲ ਦੀ ਟੀਮ ਵੱਲੋਂ 33 ਯੂਨਿਟ ਬਲੱਡ ਇਕੱਤਰ ਕਰਕੇ ਕਈ ਜਾਨਾਂ ਨੂੰ ਬਚਾਉਣ ਦੇ ਮਿਸ਼ਨ ਵਿੱਚ ਆਪਣਾ ਯੋਗਦਾਨ ਪਾਇਆ।ਕੈਂਪ ਦਾ ਉਦਘਾਟਨ ਬ੍ਰਹਮਾ ਕੁਮਾਰੀ ਮਮਤਾ ਦੀਦੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ।ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੇ ਸ਼ਿਰਕਤ ਕੀਤੀ।ਇਸ ਦੌਰਾਨ ਉਨ੍ਹਾਂ ਨਾਲ ਰਸ਼ਪਾਲ ਸਿੰਘ ਜੌੜਾਮਾਜਰਾ, ਸਰਪੰਚ ਹਰਦੀਪ ਸਿੰਘ ਕੁਲਾਰਾਂ ਬਲਾਕ ਪ੍ਰਧਾਨ ਅਤੇ ਗੁਰਸੇਵਕ ਸਿੰਘ ਭੰਗੂ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਸਮਾਗਮ ਦੀ ਸਫ਼ਲਤਾ ਪਿੱਛੇ ਸੁਖਦੇਵ ਸਿੰਘ ਵਰਤੀਆ ਦੀ ਅਣਥੱਕ ਮਿਹਨਤ ਦੀ ਪ੍ਰਸੰਸਾ ਕੀਤੀ ਗਈ।ਇਸ ਮੌਕੇ ਡਾ. ਗਾਂਧੀ ਨੇ ਖੂਨਦਾਨੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨ੍ਹਾਂ ਦੀ ਸੇਵਾ ਭਾਵਨਾ ਨੂੰ ਸਲਾਮ ਕੀਤਾ।ਦੀਪਕ ਪਾਠਕ ਨੇ ਸਾਰੇ ਮਹਿਮਾਨਾਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।



## ਸਰਬੱਤ ਦਾ ਭਲਾ ਜਥੇਬੰਦੀ ਦੀ ਹੋਈ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਬੱਤ ਦਾ ਭਲਾ ਸਾਂਝਾ ਮੰਚ ਜਥੇਬੰਦੀ ਰਜਿ: ਪੰਜਾਬ ਦੀ ਮੀਟਿੰਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਅਹੁਦੇਦਾਰਾਂ ਵੱਲੋਂ ਜ਼ਿਲ੍ਹਾ ਚੇਅਰਮੈਨ ਸਤਪਾਲ ਸਿੰਘ ਫੱਤਣਵਾਲਾ ਦੀ ਅਗਵਾਈ ਹੇਠ ਗੋਨਿਆਣਾ ਰੋਡ 'ਤੇ ਸਥਿਤ ਵਾਲਮੀਕ ਧਰਮਸ਼ਾਲਾ ਵਿਖੇ ਕੀਤੀ ਗਈ।ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਸਕੱਤਰ ਮਨਜੀਤ ਸਿੰਘ ਸਿੱਧੂ ਨੇ ਵੀ ਆਪਣੀ ਹਾਜ਼ਰੀ ਲਵਾਈ।ਇਸ ਮੀਟਿੰਗ ਵਿੱਚ ਜਥੇਬੰਦੀ ਦੀ ਜ਼ਿਲ੍ਹੇ ਅੰਦਰ ਮੈਂਬਰਸ਼ਿਪ ਕਰਨ ਸੰਬੰਧੀ ਤੇ ਜਥੇਬੰਦੀ ਨੂੰ ਜ਼ਿਲ੍ਹੇ ਅੰਦਰ ਸੰਚਾਰੂ ਢੰਗ ਨਾਲ਼ ਚਲਾਉਣ ਦੇ ਲਈ ਵਿਚਾਰ-ਵਿਟਾਂਦਰਾ ਕੀਤਾ ਗਿਆ।ਇਸ ਮੌਕੇ ਸੂਬਾ ਸਕੱਤਰ ਮਨਜੀਤ ਸਿੰਘ ਸਿੱਧੂ ਨੇ ਕਿਹਾ ਕਿ ਸਰਬੱਤ ਦਾ ਭਲਾ ਜਥੇਬੰਦੀ ਹਰ ਇੱਕ ਦੇ ਭਲੇ ਲਈ ਕੰਮ ਕਰਦੀ ਹੈ ਤੇ ਜਥੇਬੰਦੀ ਅੰਦਰ ਹਰੇਕ ਧਰਮ, ਹਰ ਵਰਗ ਦੇ ਲੋਕ ਆਪਣੀ ਸੇਵਾ ਨਿਭਾ ਰਹੇ ਹਨ ਅਤੇ ਜਥੇਬੰਦੀ ਕਿਸੇ ਦੇ ਨਾਲ਼ ਜਾਤੀਵਾਦ ਪੱਖਪਾਤ ਨਹੀਂ ਕਰਦੀ ਅਤੇ ਗਰੀਬ ਮਜ਼ਲੂਮਾਂ ਦਾ ਸਾਥ ਦਿੰਦੀ ਹੈ।ਇਸ ਕਰਕੇ ਸਾਨੂੰ ਸਭ ਨੂੰ ਜਥੇਬੰਦੀ ਦਾ ਸਹਿਯੋਗ ਕਰਨਾ ਚਾਹੀਦਾ ਹੈ।ਜ਼ਿਲ੍ਹਾ ਚੇਅਰਮੈਨ ਸਤਪਾਲ ਸਿੰਘ ਨੇ ਸਭ ਨੂੰ ਜੀ ਆਇਆਂ ਕਿਹਾ।


ਉਤਰ ਰੇਲਵੇ

ਈ-ਪ੍ਰੋਕਯੋਰਮੇਂਟ ਪ੍ਰਣਾਲੀ ਦੇ ਮਾਧਿਅਮ ਨਾਲ ਨਿਵਿਦਾ ਮੰਗ

ਉਪ ਮੁੱਖ ਸਮਗਰੀ ਪ੍ਰਬੰਧਕ, ਉਤਰ ਰੇਲਵੇ ਭੰਡਾਰ ਡਿਪੋ ਯਾਂਤਰਿਕ ਕਾਰਖਾਨਾ, ਅੰਮ੍ਰਿਤਸਰ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਹੇਠਾਂ ਲਿਖਤ ਮਦਾਂ ਦੀ ਸਪਲਾਈ ਲਈ ਈ-ਪ੍ਰੋਕਯੋਰਮੇਂਟ ਪ੍ਰਣਾਲੀ ਦੇ ਮਾਧਿਅਮ ਨਾਲ ਨਿਵਿਦਾਵਾਂ ਮੰਗ ਕਰਦੀ ਹੈ:-

| ਲ.ਨੰ. | ਨਿਵਿਦਾ ਨੰ. | ਵੇਰਵਾ | ਮਾਤਰਾ | ਦੇਅ ਮਿਤੀ |
| --- | --- | --- | --- | --- |
| 1. | 62245334A | IRSM 46-13, EN 439-M21 ਵਿਨਿਰਦੇਸ਼ ਦੇ ਅਨੁਰੂਪ 80% ਆਗੁਨ ਗੈਸ + 20% $CO_2$ ਗੈਸ ਨਿਹਿਤ ਸ਼ੀਲਡ ਗੈਸ ਮਿਕਸਚਰ | 25000 cums | 03.01.2025 |

ਨੋਟ-ਉਪਰੋਕਤ ਨਿਵਿਦਾਵਾਂ ਵਿਸਤ੍ਰਿਤ ਵੇਰਵੇ ਸਮੇਤ ireps ਸਾਈਟ ਯਾਨੀ www.ireps.gov.in 'ਤੇ ਅਪਲੋਡ ਕੀਤੀ ਗਈ ਹੈ। ਈ-ਨਿਵਿਦਾ ਵਿਚ ਭਾਗ ਲੈਣ ਦੀ ਇਛੁਕ ਫਰਮ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਉਪਰੋਕਤ ਵੈਬਸਾਈਟ ਤੇ ਖੁਦ ਨੂੰ ਇਲੈਕਟ੍ਰਾਨਿਕ ਰੂਪ ਨਾਲ ਰਜਿਸਟਰਡ ਕਰਨ, ਜਿਸ ਦੇ ਲਈ ਉਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਆਈਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

ਟੈਂਡਰ ਨੋਟਿਸ ਨੰ.:-20/2024-25 ਮਿਤੀ 02.12.2024

3716/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



LPU DISTANCE EDUCATION
Bridging the Distance in Education
Recognized by UGC
NAAC GRADE A++

Recognized by University Grants Commission (UGC-DEB)

December 2024 - January 2025 End Term Examination

ਸਾਰੇ ਸਬੰਧਤ LPU ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **ਦਸੰਬਰ 2024 - ਜਨਵਰੀ 2025 End Term** ਪ੍ਰੀਖਿਆਵਾਂ ਪੰਜਾਬ ਰਾਜ ਵਿੱਚ ਸਥਿਤ ਪ੍ਰੀਖਿਆ ਕੇਂਦਰਾਂ ਵਿੱਚ **8 ਦਸੰਬਰ 2024** ਤੋਂ ਸ਼ੁਰੂ ਹੋ ਰਹੀਆਂ ਹਨ । ਡੇਟ ਸ਼ੀਟ ਅਤੇ ਐਡਮਿਟ ਕਾਰਡ ਪ੍ਰੀਖਿਆ ਕੇਂਦਰ ਦੇ ਵੇਰਵੇ ਦੇ ਨਾਲ ਸਾਰੇ ਪਾਤਰ ਵਿਦਿਆਥੀਆਂ ਦੇ **e-Connect Log-in** ਵਿੱਚ ਮੁਹੱਇਆ ਕਰਾ ਦਿੱਤੇ ਗਏ ਹਨ।

**ਵਿਦਿਆਰਥੀਆਂ ਲਈ ਵਿਦਿਆਰਥੀ ID Card ਅਤੇ ਐਡਮਿਟ ਕਾਰਡ ਪ੍ਰੀਖਿਆ ਕੇਂਦਰ ਵਿੱਚ ਲੈ ਕੇ ਜਾਣਾ ਲਾਜ਼ਮੀ ਹੈ।**

Visit www.lpude.in Call: 01824-521360



ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.-241-2024-25-DEN-TRACK-FZR ਤਾਰੀਕ 02.12.2024

ਮੰਡਲ ਇੰਜੀਨੀਅਰ-ਟ੍ਰੈਕ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.12.2024 ਸਮਾਂ 15.00 ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ 'ਨਿਵਿਦਾ ਸੁਰੱਖਿਆ ਐਲਾਨ ਪੱਤਰ' ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
| --- | --- | --- |
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 29.11.2024 | 09.12.2024 | 23.12.2024 / 15:00 Hrs |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
| --- | --- | --- |
| 1. | 241-2024-25-DEN-Track-FZR | ਮੰਡਲ ਇੰਜੀਨੀਅਰ-ਟ੍ਰੈਕ/ਫਿਰੋਜਪੁਰ ਦੇ ਤਹਿਤ ਫਿਰੋਜਪੁਰ ਡਵੀਜਨ ਦੇ ਹੋਰ ਸਥਾਨਾਂ ਤੇ ਪੀ.ਵੇ. ਨਵੀਕਰਨ ਕੰਮਾਂ ਦੇ ਸਬੰਧ ਵਿਚ ਵਖ-ਵਖ ਸਟੇਸ਼ਨਾਂ ਤੋਂ ਪੀ.ਵੇ. ਸਮਗਰੀ ਦੀ ਲੋਡਿੰਗ, ਅਣਲੋਡਿੰਗ, ਲੀਡਿੰਗ ਅਤੇ ਸਟੈਕਿੰਗ, ਯਾਨੀ ਗਾਜੀਆਬਾਦ ਲਖਨਊ, ਖਾਲਿਸਪੁਰ, ਕੰਦਰੋੜੀ ਤੋਂ ਟ੍ਰੈਕ ਡਿਪੋ ਵਿਲਵਾਂ ਦਾ ਕੰਮ। |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| --- | --- | --- | --- |
| 3,42,74,019.19/- | 3,21,400.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ:- "ਕੋਈ ਵੀ ਇੰਜੀਨੀਅਰਿੰਗ ਕੰਮ ਦਾ ਪਰਿਵਹਨ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

3713/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਭਾਰਤੀਯ ਰੇਲ

"ਸਾਰਵਜਨਿਕ ਸੂਚਨਾ"

ਉਤਰ ਰੇਲਵੇ ਦੇ ਹੇਠਾਂ ਲਿਖਤ ਸੇਕਸ਼ਨ ਦੇ ਪੂਰਨ ਸੈਕਸ਼ਨ ਤੇ ਸਥਿਤ ਰੇਲਵੇ ਲਾਈਨਾਂ ਅਤੇ ਪਰਿਸਰ ਦੇ ਸਾਰੇ ਉਪਯੋਗਕਰਤਾਵਾਂ ਨੂੰ ਇਸ ਦੁਆਰਾ ਨੋਟਿਸ ਦਿਤਾ ਜਾਂਦਾ ਹੈ ਕਿ 25 ਕੇਵੀ, 50 ਹਟ੍ਰਜ, ਏਸੀ ਓਵਰਹੇਡ ਟ੍ਰੈਕਸ਼ਨ ਵਾਯਰ ਸੇਕਸ਼ਨ ਦੇ ਖਿਲਾਫ ਨਿਰਦਿਸ਼ਟ ਮਿਤੀ ਨੂੰ ਜਾਂ ਉਸ ਦੇ ਬਾਅਦ ਸਰਗਰਮ ਹੋ ਜਾਣਗੇ। ਉਸ ਮਿਤੀ ਨੂੰ ਅਤੇ ਉਸੇ ਮਿਤੀ ਤੋਂ ਓਵਰਹੇਡ ਟ੍ਰੈਕਸ਼ਨ ਲਾਈਨ ਨੂੰ ਹਰ ਸਮੇਂ ਲਾਈਵ ਮੰਨਿਆ ਜਾਵੇਗਾ ਅਤੇ ਕੋਈ ਵੀ ਅਣਅਧਿਕ੍ਰਤ ਵਿਅਕਤੀ ਉਕਤ ਓਵਰਹੇਡ ਲਾਈਨ ਦੇ ਕੋਲ ਨਹੀਂ ਪਹੁੰਚੇਗਾ ਜਾਂ ਘਟ ਨਹੀਂ ਕਰੇਗਾ।

| ਡਵੀਜਨ | ਸੈਂਕਸ਼ਨ | ਕਿਲੋਮੀਟਰ |  | ਬਿਜਲੀਕਰਨ ਦੀ ਮਿਤੀ |
| --- | --- | --- | --- | --- |
|  |  | ਤੋਂ | ਤਕ |  |
| ਫਿਰੋਜਪੁਰ | ਫਿਰੋਜਪੁਰ ਮੰਡਲ, ਉਤਰ ਰੇਲਵੇ ਦੇ ਐਸਵੀਡੀਕੇ ਟ੍ਰਿਪ ਸ਼ੇਡ ਦੇ ਲਈ ਐਸਵੀਡੀਕੇ/ / ਐਸਐਸਪੀ (ਕਿਮੀ ਸਥਾਨ 78/25, ਚੈਨੇਜ 78/987.40 ਤੋਂ ਕਿਮੀ ਸਥਾਨ 79/1, ਚੇਨੇਜ 79/08.30) ਵਿਚ ਵਾਧੂ ਸੀਬੀ ਦਾ ਊਰਜਾਕਰਨ। | ਓਐਈ ਕਿਮੀ 78/25 ਚੇਨੇਜ ਕਿਮੀ 78/987.40 | ਓਐਈ ਕਿਮੀ 79/1 ਚੇਨੇਜ ਕਿਮੀ 79/08.30 | 13.12.2024 |

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ,
ਕਰਸ਼ਨ, ਜੰਮੂ ਤਵੀ,
ਫਿਰੋਜਪੁਰ, ਉਤਰ ਰੇਲਵੇ

3718/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਉੱਤਰ ਰੇਲਵੇ

ਈ-ਟੈਂਡਰ ਸੂਚਨਾ

**ਟੈਂਡਰ ਸੂਚਨਾ ਨੰਬਰ : ਨੰਬਰ 770-W/169/WA-1/FZR-251-2024-25-PTK-DRM-FZR (ਮਿਤੀ 24.12.2024 ਨੂੰ ਖੋਲੀ ਜਾਵੇਗੀ)** ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਕੰਮ ਕਰਦੇ ਹੋਏ ਹੇਠਾ ਦਿਤੇ ਗਏ ਸ਼ੀਰਸ਼ਕ ਵਾਲੀ ਟੈਂਡਰਾਂ ਦੇ ਵਿਰੁਧ ਖੁਲੀ ਟੈਂਡਰਾ (ਈ-ਟੈਂਡਰਾ) ਮੰਗ ਕਰਦੀ ਹੇ ਅਤੇ www.ireps.gov.in ਉਤੇ ਉਪਲਬਧ ਹੈ, ਜਿਨ੍ਹਾਂ ਦੀ ਆਖਰੀ ਮਿਤੀ **24.12.2024 ਨੂੰ 15:00 ਵਜੇ** ਤਕ ਹੈ । ਬੋਲੀਦਾਤਾ ਅਪਣੀ ਮੂਲ/ਸੰਸ਼ੋਧਿਤ ਬੋਲੀਆਂ ਕੇਵਲ ਸਮਾਪਨ ਮਿਤੀ ਅਤੇ ਸਮੇਂ ਤਕ ਹੀ ਜਮਾਂ ਕਰ ਸਕਣਗੇ, ਇਨ੍ਹਾਂ ਟੈਂਡਰ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਅਨੁਮਤੀ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਕਿਸੀ ਵੀ ਮੈਨੂੰਅਲ ਨੂੰ ਨਜ਼ਰਅੰਦਾਜ ਕਰ ਦਿਤਾ ਜਾਵੇਗਾ । ਠੇਕੇਦਾਰਾਂ ਨੂੰ ਇਸ ਟੈਂਡਰ ਦੇ ਵਿਰੁਧ ਟੈਂਡਰ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਧ ਭੁਗਤਾਨ ਵਿਧੀਆਂ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰ , ਕ੍ਰੇਡਿਟ ਕਾਰਡ ਆਦਿ ਦੇ ਦੁਵਾਰਾ ਤੋਂ ਕਰਨ ਦੀ ਅਨੁਮਤੀ ਹੈ ।

| ਲ. ਨੰ: | ਟੈਂਡਰ ਨੰਬਰ | ਟੈਂਡਰਾ ਦਾ ਵੇਰਵਾ |
| --- | --- | --- |
| 1. | 251-2024-25-PTK- DRM-FZR | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਤਹਿਤ JUC-PTK ਸੈਕਸ਼ਨ ਵਿਚ ਚੱਕੀ ਨਦੀ (ਪਠਾਨਕੋਟ, ਪੰਜਾਬ) ਉਤੇ ਰੇਲਵੇ ਪੁਲ ਨੰਬਰ 232 ਦੇ ਕੋਲ ਹੋਏ ਨੁਕਸਾਨ ਦੇ ਕਾਰਣ ਰੇਟ੍ਰੋਫਿਟਿੰਗ ਉਪਾਯਿਆਂ ਦੇ ਨਾਲ UP ਲਾਈਨ ਪੁਲ ਦੇ ਪਠਾਨਕੋਟ ਛੋਰ ਉਤੇ ਪਾਇਲਸ ਅਤੇ ਰਿਟੇਨਿੰਗ ਵਾਲ ਪ੍ਰਦਾਨ ਕਰਕੇ ਪੁਲ ਨੰਬਰ 232 ਦਾ ਸੰਰਖਸ਼ਣ ਦਾ ਕੰਮ । |

| ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| --- | --- | --- |
| 17,65,15,566.98 | 90 ਦਿਨ | 06 ਮਹੀਨੇ |

ਨੋਟ: ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾ ਇਸ ਟੈਂਡਰ ਦੇ ਵਿਰੁਧ ਜਾਰੀ ਕਿਸੀ ਵੀ ਸ਼ੁੱਧੀਪੱਤਰ ਦੇ ਲਈ ਆਈਆਰਈਪੀਐਸ ਵੈੱਬਸਾਈਟ ਦੇਖੋ ।

3717/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

4-Dec-PAG-8.qxd 12/3/2024 10:58 PM Page 1



# ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂਆਂ ਦੀ ਸਿੱਖਿਆ ਸਕੱਤਰ ਨਾਲ ਮੰਗਾਂ ਸੰਬੰਧੀ ਮੀਟਿੰਗ



**ਮੋਹਾਲੀ, (ਗੁਰਜੀਤ ਬਿੱਲਾ)**–ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਆਗੂਆਂ ਦੀ ਸਕੂਲ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨਾਲ ਵੱਖ-ਵੱਖ ਮੰਗਾਂ ਨੂੰ ਲੈ ਕੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ।ਆਗੂਆਂ ਨੇ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਦੇ ਪੰਜਾਬ ਦੇ ਸਕੂਲੀ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਪ੍ਰਤੀ ਸੁਹਿਰਦ ਨਾ ਹੋਣ ਦਾ ਰੋਸ ਜਤਾਉਂਦੇ ਮੰਗ ਰੱਖੀ ਕਿ ਪੰਜਾਬ ਦੀ ਕੈਬਨਿਟ ਦੇ ਫ਼ੈਸਲੇ ਅਨੁਸਾਰ ਆਪਣੀ ਸਿੱਖਿਆ ਨੀਤੀ ਬਣਾਏ ਜਾਣ ਦੀ ਮੰਗ ਕੀਤੀ। ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਾਇਮਰੀ ਤੋਂ ਅੱਪਰ ਪ੍ਰਾਇਮਰੀ ਅਤੇ ਹੋਰ ਸਕੂਲ ਆਫ ਅਮੀਨੈਂਸ ਨੂੰ ਤਰਜੀਹ ਦੇ ਕੇ ਬਾਕੀ ਹਜ਼ਾਰਾਂ ਸਕੂਲਾਂ ਨੂੰ ਅਧਿਆਪਕਾਂ ਤੋਂ ਸੱਖਣੇ ਕਰਦੇ ਹੋਏ ਉਹਨਾਂ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਸਿੱਖਿਆ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਸਾਰੇ ਖਾਲੀ ਪਏ ਸਟੇਸ਼ਨ ਨਾ ਦਿਖਾ ਕੇ ਅਧਿਆਪਕਾਂ ਜਿਹਨਾਂ ਨੂੰ ਸੈਂਕੜੇ ਕਿਲੋਮੀਟਰ ਦੂਰ ਸਟੇਸ਼ਨ ਮਿਲਣ ਕਰਕੇ ਪ੍ਰਮੋਸ਼ਨ ਛੱਡਣ ਲਈ ਮਜਬੂਰ ਕੀਤਾ ਗਿਆ। ਆਗੂਆਂ ਨੇ ਰਹਿੰਦੀਆਂ ਪ੍ਰਮੋਸ਼ਨਾਂ ਨੂੰ ਜਲਦ ਕਰਨ, ਸਕੂਲ ਆਫ ਐਮੀਨੈਂਸ ਦੀ ਥਾਂ ਪੰਜਾਬ ਦੇ ਸਾਰੇ ਸਕੂਲਾਂ ਨੂੰ ਬਰਾਬਰ ਦੀ ਤਰਜੀਹ ਦਿੰਦੇ ਹੋਏ ਅਧਿਆਪਕਾਂ ਦੀਆਂ ਪ੍ਰਮੋਸ਼ਨਾਂ ਲਈ ਸਟੇਸ਼ਨ ਚੋਣ ਦਾ ਮੌਕਾ ਦੇਣ ਦੀ ਮੰਗ ਕੀਤੀ।ਆਗੂਆਂ ਨੇ ਸਿੱਖਿਆ ਸਕੱਤਰ ਸਾਹਮਣੇ ਪਿਛਲੇ 13 ਸਾਲਾਂ ਤੋਂ ਨਿਗੂਣੀ ਤਨਖਾਹ ਤੇ ਸ਼ੋਸ਼ਣ ਦਾ ਸ਼ਿਕਾਰ ਅਧਿਆਪਕ ਨਰਿੰਦਰ ਭੰਡਾਰੀ ਅਤੇ ਰਵਿੰਦਰ ਕੰਬੋਜ ਨੂੰ ਰੈਗੂਲਰ ਕਰਨ, ਇਸੇ ਤਰ੍ਹਾਂ ਓਡੀਐੱਲ ਅਧਿਆਪਕਾਂ 'ਚੋਂ ਵੱਖ ਵੱਖ ਕਾਰਨਾਂ ਕਰਕੇ ਰੋਕੇ ਰੈਗੂਲਰ ਆਰਡਰ ਜਾਰੀ ਕਰਨ, 7654 ਭਰਤੀ ਦੇ 14 ਹਿੰਦੀ ਅਧਿਆਪਕਾਂ ਦੇ ਰੋਕੇ ਰੈਗੂਲਰ ਆਰਡਰ ਜਾਰੀ ਕਰਾਉਣ ਅਤੇ ਲੈਕਚਰਾਰ ਮੁਖਤਿਆਰ ਸਿੰਘ ਦੀ ਸਿਆਸੀ ਬਦਲੀ ਰੱਦ ਕਰਾਉਣ ਦੀਆਂ ਮੰਗਾਂ ਰੱਖੀਆਂ ਗਈਆਂ। ਆਗੂਆਂ ਨੇ ਦੱਸਿਆ ਕਿ ਵਿਦਿਆਰਥੀਆਂ ਉੱਪਰ ਪਹਿਲਾਂ ਮਿਸ਼ਨ ਸਮਰੱਥ ਅਤੇ ਇਸ ਉਪਰੰਤ ਸੀਈਪੀ ਥੋਪਣ ਕਾਰਨ ਬੱਚਿਆਂ ਦੀ ਪੜ੍ਹਾਈ ਦੇ ਪੱਧਰ ਦਾ ਸੁਧਾਰ ਹੋਣ ਦੀ ਬਜਾਏ ਨਿਘਾਰ ਹੋਇਆ ਹੈ। ਇਸ ਲਈ ਸਾਲਾਨਾ ਕੈਲੰਡਰ ਅਨੁਸਾਰ ਪੜ੍ਹਾਈ ਕਰਾਉਣ ਦੀ ਮੰਗ ਕਰਦਿਆਂ ਅਧਿਆਪਕਾਂ ਦੀਆਂ ਬੀ ਐੱਲ ਓ ਸਮੇਤ ਹੋਰ ਗੈਰ ਵਿੱਦਿਅਕ ਡਿਊਟੀਆਂ ਉੱਪਰ ਤੁਰੰਤ ਰੋਕ ਲਾਉਣ ਦਾ ਨੋਟੀਫਿਕੇਸ਼ਨ ਜਾਰੀ ਕਰਾਉਣ ਦੀ ਮੰਗ ਰੱਖੀ ਗਈ। ਸਿੱਖਿਆ ਸਕੱਤਰ ਵੱਲੋਂ ਆਪਣੇ ਪੱਧਰ ਦੀਆਂ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂ ਵਾਲੀ, ਸੂਬਾ ਮੀਤ ਪ੍ਰਧਾਨ ਜਗਪਾਲ ਬੰਗੀ, ਸੰਯੁਕਤ ਸਕੱਤਰ ਜਸਵਿੰਦਰ ਔਜਲਾ ਅਤੇ ਮੈਰੀਟੋਰੀਅਸ ਅਧਿਆਪਕ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਡਾ ਟੀਨਾ ਹਾਜ਼ਰ ਸਨ।

# ਕਾਂਗਰਸ ਨਗਰ ਕੌਂਸਲ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ



**ਬਲਾਚੌਰ (ਜਸਵਿੰਦਰ ਬੈਂਸ)** ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਨੇ ਬਲਾਚੌਰ ਸ਼ਹਿਰ ਵਿਖੇ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਸੰਬੰਧੀ ਇੱਕ ਅਹਿਮ ਮੀਟਿੰਗ ਕੀਤੀ ਜਿਸ ਵਿੱਚ ਉਨ੍ਹਾਂ ਨਗਰ ਕੌਂਸਲ ਚੋਣਾਂ ਲਈ ਉਮੀਦਵਾਰਾਂ ਅਤੇ ਕੌਂਸਲਰਾਂ ਦੇ ਕੀਮਤੀ ਸੁਝਾਅ ਲਏ।ਜਿਸ ਉੱਤੇ ਦੂਰਦਰਸ਼ੀ ਸੋਚ ਰੱਖਦਿਆਂ ਕਾਂਗਰਸ ਪਾਰਟੀ ਦੀ ਜਿੱਤ ਲਈ ਨਵੀਆਂ ਰਣਨੀਤੀਆਂ ਉਲੀਕੀਆਂ।ਉਨ੍ਹਾਂ ਪਾਰਟੀ ਵਰਕਰਾਂ ਨੂੰ ਕਾਂਗਰਸ ਪਾਰਟੀ ਸਮੇਂ ਹੋਏ ਕੰਮਾਂ ਦਾ ਸੁਨਹਿਰੀ ਸਮਾਂ ਯਾਦ ਕਰਵਾ ਵੋਟ ਦੀ ਅਪੀਲ ਨੂੰ ਕਿਹਾ। ਸਾਰੇ ਹੀ ਪਾਰਟੀ ਵਰਕਰਾਂ ਵਿੱਚ ਜੋਸ਼ ਦੇਖਦੇ ਹੀ ਬਣ ਰਿਹਾ ਸੀ।ਅਜੇ ਮੰਗੂਪੁਰ ਦੀ ਯੋਗ ਅਗਵਾਈ ਹੇਠ ਕਾਂਗਰਸ ਹਲਕਾ ਬਲਾਚੌਰ ਵਿਖੇ ਪਾਰਟੀ ਬਹੁਤ ਸਥਿਤੀ ਵਿੱਚ ਦਿਖਾਈ ਦੇ ਰਹੀ ਹੈ।ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਰਜਿੰਦਰ ਸਿੰਘ ਸ਼ਿੰਦੀ ਦਫਤਰ ਸਕੱਤਰ ਡੀ ਸੀ ਸੀ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ ਡੀ ਸੀ ਸੀ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਬਲਾਚੌਰ, ਦੇਸ ਰਾਜ ਹਕਲਾ ਮੈਂਬਰ ਡੀ ਸੀ ਸੀ, ਮਦਨ ਚੌਧਰੀ ਸਿਆਣਾ, ਨਰਿੰਦਰ ਘਈ ਟਿੱਕੂ ਪ੍ਰਧਾਨ, ਕੇਵਲ ਕ੍ਰਿਸ਼ਨ ਮੀਤ ਪ੍ਰਧਾਨ ਬੱਬੀ ਰਾਣਾ ਕੌਂਸਲਰ, ਦਿਨੇਸ਼ ਕੁਮਾਰ, ਮਨਜੀਤ ਸੂਰੀ, ਪਾਨੀ ਕੁਮਾਰ, ਨਰੇਸ਼ ਚੋਚੀ ਕੌਂਸਲਰ, ਮਿਨਾਖਸ਼ੀ ਤਕਲਾ ਮੈਂਬਰ ਡੀ ਸੀ ਸੀ, ਪ੍ਰਵੀਨ ਚੌਧਰੀ ਨਿੱਘੀ, ਸੁਰਜੀਤ ਚੌਧਰੀ, ਕੁਲਦੀਪ ਚੌਧਰੀ ਨਿੱਘੀ, ਮੰਗਾ ਰਾਣਾ ਕੌਂਸਲਰ, ਆਤਮਾ ਰਾਮ, ਸੰਤਪਾਲ ਸੈਣੀ ਕੌਂਸਲਰ, ਨਾਨਕ ਜੰਡੀ ਸੋਸ਼ਲ ਮੀਡੀਆ ਇੰਚਾਰਜ ਬੀ ਸੀ ਸੀ, ਦਿਨੇਸ਼ ਕੁਮਾਰ, ਮਹਿੰਦਰ ਪਾਲ (ਰਾਣਾ ਭੋਅਰੀ), ਮਨਜੀਤ ਸਿੰਘ ਸੂਰੀ, ਮਹਿੰਦਰ ਪਾਲ ਉਧਨਵਾਲ ਮੀਤ ਪ੍ਰਧਾਨ ਬੀ ਸੀ ਸੀ, ਪ੍ਰੇਮ ਚੌਧਰੀ ਪੋਜੇਵਾਲ ਮੈਂਬਰ ਬਲਾਕ ਕਮੇਟੀ ਸੜੋਆ, ਸੁਖਦੀਪ ਸਿੰਘ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਵੱਲੋਂ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਹੋਟਲ ਰਮਾਡਾ ਦਾ ਦੌਰਾ




**ਜਲੰਧਰ, (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵੱਲੋਂ ਐਚ.ਓ.ਡੀ ਸ਼ੈੱਫ ਮਨੀਸ਼ ਗੁਪਤਾ ਤੇ ਪ੍ਰਿੰਸੀਪਲ ਸ਼੍ਰੀਮਤੀ ਕੀਰਤੀ ਸ਼ਰਮਾ ਦੀ ਅਗਵਾਈ ਹੇਠ ਹੋਟਲ ਰਮਾਡਾ ਸਿਟੀ ਸੈਂਟਰ ਜਲੰਧਰ ਵਿਖੇ ਇੱਕ ਸ਼ਾਨਦਾਰ ਉਦਯੋਗਿਕ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਮੌਜੂਦਾ ਉਦਯੋਗਿਕ ਰੁਝਾਨਾਂ ਅਤੇ ਅਭਿਆਸਾਂ ਦਾ ਪਹਿਲਾ ਹੱਥ ਅਨੁਭਵ ਪ੍ਰਦਾਨ ਕਰਨਾ ਸੀ। ਟੂਰ ਵਿੱਚ ਹੋਟਲ ਦੀ ਜਾਇਦਾਦ ਦਾ ਇੱਕ ਵਿਆਪਕ ਦੌਰਾ, ਵੱਖ-ਵੱਖ ਵਿਭਾਗਾਂ ਅਤੇ ਕਾਰਜਾਂ ਦੀ ਪੜਚੋਲ ਕਰਨਾ ਸ਼ਾਮਲ ਸੀ। ਇਹ ਵਿਦਿਆਰਥੀਆਂ ਲਈ ਉਨ੍ਹਾਂ ਦੇ ਅਕਾਦਮਿਕ ਸਿੱਖਿਆ ਦੇ ਅਸਲ-ਸੰਸਾਰ ਕਾਰਜਾਂ ਨੂੰ ਦੇਖਣ ਦਾ ਇੱਕ ਕੀਮਤੀ ਮੌਕਾ ਸੀ। ਭਾਨੂ ਸ਼ਰਮਾ ਮਾਨਵ ਸੰਸਾਧਨ ਪ੍ਰਬੰਧਕ, ਨੇ ਵਿਦਿਆਰਥੀਆਂ ਨੂੰ ਹੋਟਲ ਗਰੁੱਪ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਅਤੇ ਪ੍ਰਾਪਰਟੀ 'ਤੇ ਉਪਲਬਧ ਵੱਖ-ਵੱਖ ਸਹੂਲਤਾਂ ਬਾਰੇ ਦੱਸਿਆ। ਵਿਦਿਆਰਥੀਆਂ ਨੇ ਹੋਟਲ ਦੇ ਰੋਜ਼ਾਨਾ ਦੇ ਕੰਮਕਾਜ ਜਿਵੇਂ ਕਿ ਰੈਸਟੋਰੈਂਟ, ਗੈਸਟ, ਗੈਸਟ ਰੂਮ, ਬਾਰ, ਫਰੰਟ ਡੈਸਕ ਨੂੰ ਨੇੜਿਓਂ ਦੇਖਣ ਲਈ ਕਈ ਵਿਭਾਗਾਂ ਦਾ ਦੌਰਾ ਕੀਤਾ ਜਿਸ ਵਿਚ ਉਨ੍ਹਾਂ ਨੂੰ ਹੋਟਲ ਦੇ ਕੰਮ ਕਾਜਾਂ ਬਾਰੇ ਜਾਣੂ ਕਰਵਾਇਆ।ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਾਲਜ ਦੇ ਉੱਦਮ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ।

# ਐੱਸ ਸੀ ਸਿਖਿਆਰਥੀਆਂ ਲਈ 2 ਹਫਤੇ ਦੀ ਮੁਫਤ ਡੇਅਰੀ ਸਿਖਲਾਈ 9 ਤੋਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਗੁਰਜੀਤ ਬਿੱਲਾ)**– ਡਿਪਟੀ ਡਾਇਰੈਕਟਰ ਡੇਅਰੀ, ਐਸ.ਏ.ਐਸ ਨਗਰ, ਕਸ਼ਮੀਰ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਕੁਲਦੀਪ ਸਿੰਘ ਜਸੋਵਾਲ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ, ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋ ਐਸ.ਸੀ ਲਾਭਪਾਤਰੀਆਂ ਨੂੰ 2 ਹਫਤਿਆਂ ਦੇ ਮੁਫਤ ਡੇਅਰੀ ਸਿਖਲਾਈ ਕੋਰਸ ਦਾ ਦੂਜਾ ਬੈਚ 9 ਦਸੰਬਰ ਨੂੰ ਡੇਅਰੀ ਸਿਖਲਾਈ ਕੇਂਦਰ, ਚਤਾਮਲੀ ਵਿਖੇ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਉਨ੍ਹਾਂ ਵਿਅਕਤੀਆਂ ਨੂੰ ਹੀ ਦਿੱਤੀ ਜਾਵੇਗੀ, ਜਿਨ੍ਹਾਂ ਦੀ ਉਮਰ 18 ਸਾਲ ਤੋਂ 50 ਸਾਲ ਦੇ ਦਰਮਿਆਨ ਹੋਵੇ, ਘੱਟੋ ਘੱਟ ਪੰਜਵੀਂ ਪਾਸ ਹੋਵੇ, ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦਾ ਹੋਵੇ। ਪੰਜਾਬ ਸਰਕਾਰ ਵੱਲੋ ਇਹ ਸਿਖਲਾਈ ਮੁਫਤ ਕਰਵਾਈ ਜਾ ਰਹੀ ਹੈ, ਜਿਸਦੀ ਕਿ ਕੋਈ ਵੀ ਫੀਸ ਨਹੀ ਹੈ। ਬਲਕਿ ਸਿਖਿਆਰਥੀਆਂ ਨੂੰ ਸਿਖਲਾਈ ਉਪਰੰਤ 3500 ਰੁਪਏ ਪ੍ਰਤੀ ਸਿਖਿਆਰਥੀ ਵਜੀਫਾ ਵੀ ਦਿੱਤਾ ਜਾਵੇਗਾ। ਸਿਖਲਾਈ ਦੌਰਾਨ ਦੁਪਹਿਰ ਦਾ ਖਾਣਾ ਵੀ ਦਿੱਤਾ ਜਾਵੇਗਾ।ਚਾਹਵਾਨ ਐਸ.ਸੀ ਲਾਭਪਾਤਰੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਮਾਰਫਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ ਨਗਰ ਦੇ ਕਮਰਾ ਨੰਬਰ 434, ਤੀਜੀ ਮੰਜ਼ਿਲ 'ਤੇ ਕਿਸੇ ਵੀ ਕੰਮ ਵਾਲੇ ਦਿਨ ਆ ਕੇ ਅਪਲਾਈ ਕਰ ਸਕਦੇ ਹਨ ਤੇ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 9501502846 'ਤੇ ਸੰਪਰਕ ਕਰ ਸਕਦੇ ਹਨ।

# ਪੇਡਾ ਵੱਲੋਂ ਪੰਜਾਬ 'ਚ ਊਰਜਾ ਸੰਭਾਲ ਖੋਜ ਤੇ ਵਿਕਾਸ ਲਈ ਚੰਡੀਗੜ੍ਹ 'ਵਰਸਿਟੀ ਨਾਲ ਸਮਝੌਤਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਸੂਬੇ ਵਿੱਚ ਊਰਜਾ ਕੁਸ਼ਲਤਾ ਤੇ ਊਰਜਾ ਸੰਭਾਲ 'ਤੇ ਕੇਂਦਰਿਤ ਖੋਜ ਅਤੇ ਨਵੀਨ ਪ੍ਰੋਜੈਕਟਾਂ ਵਾਸਤੇ ਸਹਿਯੋਗ ਲਈ ਚੰਡੀਗੜ੍ਹ ਯੂਨੀਵਰਸਿਟੀ (ਸੀ.ਯੂ.) ਨਾਲ ਸਮਝੌਤਾ ਸਹੀਬੱਧ ਕੀਤਾ ਹੈ।ਇਸ ਸਮਝੌਤੇ 'ਤੇ ਪੇਡਾ ਦੇ ਦਫ਼ਤਰ ਵਿਖੇ ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੰਦੀਪ ਹਾਂਸ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੀ ਮਕੈਨੀਕਲ ਇੰਜਨੀਅਰਿੰਗ ਸ਼ਾਖਾ ਦੇ ਪ੍ਰੋਫ਼ੈਸਰ ਡਾ. ਰਾਜ ਕੁਮਾਰ ਵੱਲੋਂ ਹਸਤਾਖ਼ਰ ਕੀਤੇ ਗਏ।ਸੰਦੀਪ ਹਾਂਸ ਨੇ ਕਿਹਾ ਕਿ ਇਸ ਸਮਝੌਤੇ ਦਾ ਉਦੇਸ਼ ਪੰਜਾਬ ਦੇ ਘਰੇਲੂ, ਵਪਾਰਕ, ਉਦਯੋਗਿਕ, ਖੇਤੀਬਾੜੀ ਅਤੇ ਟਰਾਂਸਪੋਰਟ ਖੇਤਰਾਂ ਵਿੱਚ ਇਮਾਰਤਾਂ, ਉਦਯੋਗ, ਸਾਫ਼-ਸੁਥਰੀ ਤਕਨਾਲੋਜੀ ਅਤੇ ਊਰਜਾ ਬਚਾਊ ਉਪਕਰਨਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਊਰਜਾ ਕੁਸ਼ਲਤਾ ਤੇ ਊਰਜਾ ਸੰਭਾਲ ਨਾਲ ਸਬੰਧਤ ਖੋਜ ਅਤੇ ਨਵੇਂ ਪ੍ਰੋਜੈਕਟਾਂ 'ਤੇ ਧਿਆਨ ਕੇਂਦਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ (ਸੀ.ਯੂ.) ਇਸ ਪ੍ਰੋਗਰਾਮ ਨੂੰ ਸਥਾਨਕ ਪੱਧਰ 'ਤੇ ਉਤਸ਼ਾਹਿਤ ਕਰੇਗੀ ਤਾਂ ਜੋ ਇਸ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਈ ਜਾ ਸਕੇ। ਇਸ ਤੋਂ ਇਲਾਵਾ ਚੰਡੀਗੜ੍ਹ ਯੂਨੀਵਰਸਿਟੀ ਖੋਜ ਤੇ ਵਿਕਾਸ (ਆਰ ਐਂਡ ਡੀ) ਪ੍ਰੋਜੈਕਟਾਂ ਅਤੇ ਵੱਖ-ਵੱਖ ਤਕਨਾਲੋਜੀਆਂ ਦੇ ਡਿਜ਼ਾਈਨ, ਟੈਸਟਿੰਗ, ਕਾਰਗੁਜ਼ਾਰੀ ਦੇ ਮੁਲਾਂਕਣ ਅਤੇ ਵਿਸ਼ਲੇਸ਼ਣ ਲਈ ਰਣਨੀਤਕ ਖੋਜ ਸਹਾਇਤਾ, ਢੁਕਵੀਂ ਸੇਧ ਅਤੇ ਦਿਸ਼ਾ ਪ੍ਰਦਾਨ ਕਰੇਗੀ।ਪੇਡਾ ਦੇ ਡਾਇਰੈਕਟਰ ਐਮ ਪੀ ਸਿੰਘ ਨੇ ਪੰਜਾਬ ਵਿੱਚ ਊਰਜਾ ਸੰਭਾਲ ਖੋਜ ਅਤੇ ਵਿਕਾਸ ਖੇਤਰ ਵਿੱਚ ਪ੍ਰੋਜੈਕਟ ਸ਼ੁਰੂ ਕਰਨ ਲਈ ਚੰਡੀਗੜ੍ਹ ਯੂਨੀਵਰਸਿਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਊਰਜਾ ਸੰਭਾਲ ਨਾਲ ਸਬੰਧਤ ਖੋਜ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਲਈ ਵੱਖ-ਵੱਖ ਵਿਚਾਰਾਂ 'ਤੇ ਵੀ ਚਰਚਾ ਕੀਤੀ।ਇਸ ਮੌਕੇ ਪ੍ਰੋਜੈਕਟ ਇੰਜਨੀਅਰ ਪੇਡਾ ਮਨੀ ਖੰਨਾ, ਰੋਹਿਤ ਕੁਮਾਰ ਅਤੇ ਸੀ ਯੂ ਦੇ ਡਾ. ਹਰਪ੍ਰੀਤ ਲੁਬਾਣਾ ਵੀ ਹਾਜ਼ਰ ਸਨ।

# ਸੀ ਈ ਪੀ 'ਕੰਪਿਟੈਂਸੀ ਐਨਹਾਂਸਮੈਂਟ ਪਲਾਨ' ਤਹਿਤ ਸਿੱਖਿਆ ਅਧਿਕਾਰੀ ਨੇ ਕੀਤਾ ਸਕੂਲਾਂ ਦਾ ਦੌਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਉਪ ਜਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ ਸਿੱਖਿਆ) ਸੁਖਵਿੰਦਰ ਸਿੰਘ ਨੇ 'ਸੀਈਪੀ ਕੰਪਿਟੈਂਸੀ ਐਨਹਾਂਸਮੈਂਟ ਪਲਾਨ' ਤਹਿਤ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਨੇ ਪਾਰਵਤੀ ਦੇਵੀ ਆਰੀਆ ਸਕੂਲ, ਜੈਨ ਡੇ ਬੋਰਡਿੰਗ ਸਕੂਲ ਅਤੇ ਡੀ ਏ ਵੀ ਸਿਨੀਅਰ ਸੈਕੰਡਰੀ ਸਕੂਲ ਦਾ ਨਿਰੀਖਣ ਕੀਤਾ।ਦੌਰੇ ਦੌਰਾਨ ਸੁਖਵਿੰਦਰ ਸਿੰਘ ਨੇ ਅਧਿਆਪਕਾਂ ਨਾਲ ਵਿਸਤ੍ਰਿਤ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਵਿਦਿਆਰਥੀਆਂ ਦੀ ਮੁਲਾਂਕਣ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਹੁਕਮ ਦਿੱਤੇ।ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਦਾ ਸਹੀ ਜਾਂ ਇੰਝ ਕੀਤਾ ਜਾਵੇ ਕਿ ਉਨ੍ਹਾਂ ਦੀਆਂ ਕਮਜ਼ੋਰੀਆਂ ਦੀ ਪਹਿਚਾਣ ਹੋ ਸਕੇ ਅਤੇ ਉਨ੍ਹਾਂ ਨੂੰ ਸਿਰੇ ਚੜ੍ਹਾਉਣ ਦੇ ਯਤਨ ਕੀਤੇ ਜਾ ਸਕਣ। ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਪ੍ਰੀਖਿਆ ਮੁਲਾਂਕਣ ਦੇ ਨੁਕਤਿਆਂ 'ਤੇ ਖਾਸ ਧਿਆਨ ਦਿੱਤਾ ਅਤੇ ਕਿਹਾ ਕਿ ਮੁਲਾਂਕਣ ਦਾ ਮਕਸਦ ਸਿਰਫ਼ ਅੰਕਾਂ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ, ਬਲਕਿ ਇਹ ਵਿਦਿਆਰਥੀਆਂ ਦੀ ਸੋਚਣ-ਸਮਝਣ ਦੀ ਯੋਗਤਾ ਅਤੇ ਰਚਨਾਤਮਕਤਾ ਦੇ ਵਿਕਾਸ ਲਈ ਸਹਾਇਕ ਹੋਣਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਸੀ ਈ ਪੀ (ਕੰਪਿਟੈਂਸੀ ਐਨਹਾਂਸਮੈਂਟ ਪਲਾਨ) ਦਾ ਮੁੱਖ ਉਦੇਸ਼ ਅਧਿਆਪਕਾਂ ਦੀਆਂ ਯੋਗਤਾਵਾਂ ਨੂੰ ਨਿਖਾਰਨਾ ਅਤੇ ਉਨ੍ਹਾਂ ਨੂੰ ਆਧੁਨਿਕ ਸਿੱਖਿਆ ਤਕਨੀਕਾਂ ਨਾਲ ਜਾਣੂ ਕਰਵਾਉਣਾ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਨਿਯਮਿਤ ਤੌਰ 'ਤੇ ਵਿਦਿਆਰਥੀਆਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਨੂੰ ਵਿਅਕਤੀਗਤ ਮਾਰਗਦਰਸ਼ਨ ਦੇਣ ਦੇ ਯਤਨ ਕਰਨ।ਇਸ ਤੋਂ ਇਲਾਵਾ, ਉਨ੍ਹਾਂ ਨੇ ਸਕੂਲ ਪ੍ਰਬੰਧਨ ਨੂੰ ਸਕੂਲ ਵਿੱਚ ਉਪਲਬਧ ਸਰੋਤਾਂ ਦਾ ਸਹੀ ਉਪਯੋਗ ਯਕੀਨੀ ਬਣਾਉਣ ਅਤੇ ਸਿੱਖਣ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕਹਿੰਦੇ ਹੋਏ ਖਾਸ ਉਦੇਸ਼ਾਂ 'ਤੇ ਕੰਮ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਸਾਰੇ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਿੱਖਿਆ ਸਿਰਫ਼ ਇੱਕ ਪੇਸ਼ਾ ਨਹੀਂ ਹੈ, ਬਲਕਿ ਸਮਾਜ ਦੀ ਰਚਨਾ ਦੀ ਮਜ਼ਬੂਤ ਨੀਂਹ ਹੈ। ਇਸ ਮੌਕੇ 'ਤੇ ਅਧਿਆਪਕਾਂ ਅਤੇ ਸਕੂਲ ਪ੍ਰਬੰਧਨ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਪ ਜਿਲ੍ਹਾ ਸਿੱਖਿਆ ਅਧਿਕਾਰੀ ਦਾ ਰਾਹਨੁਮਾਈ ਪ੍ਰਾਪਤ ਕਰਦੇ ਹੋਏ ਉਨ੍ਹਾਂ ਦੇ ਸੁਝਾਵਾਂ ਦਾ ਸਵਾਗਤ ਕੀਤਾ।

# ਐੱਸ ਜੀ ਟੀ ਬੀ ਪਬਲਿਕ ਸਕੂਲ ਵਿਖੇ ਸਾਲਾਨਾ ਸਮਾਗਮ ਕਰਵਾਇਆ




**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਐਸਜੀਟੀਬੀ ਪਬਲਿਕ ਸਕੂਲ ਵਿਖੇ ਬੀਤੇ ਦਿਨ ਸਾਲਾਨਾ ਦਿਵਸ ਮਨਾਇਆ ਗਿਆ, ਜਿਸ ਵਿਚ ਗੁਰਿੰਦਰਜੀਤ ਸਿੰਘ ਪੀਸੀਐਸ ਅਤੇ ਸ. ਚਰਨਜੀਤ ਸਿੰਘ ਮੁਲਤਾਨੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੌਰਾਨ ਪ੍ਰਿੰਸੀਪਲ ਨਵਦੀਪ ਕੌਰ ਵੱਲੋਂ ਸਕੂਲ ਦੀ ਸਾਲਾਨਾ ਰਿਪੋਰਟ ਸਾਂਝੀ ਕੀਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਕੀਤੀ ਗਈ।ਨਰਸਰੀ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ।ਇਸ ਤੋ ਬਾਅਦ ਵੈਲਕਮ ਗੀਤ, ਪੰਜਾਬੀ ਨਾਟਕ 19 ਦਾ ਜਾਦੂ , ਅੰਗਰੇਜੀ ਨਾਟਕ , ਕਰਾਟੇ ਅਤੇ ਪੈਂਤੀ ਅੱਖਰੀ ਆਈਟਮ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਕਵਾਲੀ ਅਤੇ ਕੋਰੀਓਗ੍ਰਾਫੀ ਨੇ ਜੰਮ ਕੇ ਰੰਗ ਬੰਨ੍ਹਿਆ।ਵਿਦਿਆਰਥੀਆਂ ਨੇ ਮਾਈਮ ਦੀ ਆਈਟਮ ਪੇਸ਼ ਕੀਤੀ।ਵਿਦਿਆਰਥੀਆਂ ਨੇ ਭੰਗੜਾ, ਗਿੱਧਾ ਅਤੇ ਸੰਮੀ ਨਾਚਾਂ ਆਦਿ ਦੁਆਰਾ ਆਪਣੀਆਂ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਬੱਚਿਆਂ ਨੂੰ ਇਨਾਮ ਦੇ ਕੇ ਵਧਾਈ ਦਿੱਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਰਾਸ਼ਟਰੀ ਗੀਤ ਗਾਇਆ ਗਿਆ। ਸਾਲਾਨਾ ਸਮਾਗਮ ਡਾਇਰੈਕਟਰ ਸ.ਸੁਖਜਿੰਦਰ ਸਿੰਘ ਦੇ ਧੰਨਵਾਦੀ ਭਾਸ਼ਣ ਨਾਲ ਸਮਾਪਤ ਹੋਇਆ।

# ਵੱਖ-ਵੱਖ ਸੂਬਿਆਂ 'ਚ ਲੁੱਟਾਂ-ਖੋਹਾਂ ਕਰਨ ਵਾਲੇ 2 ਗ੍ਰਿਫਤਾਰ



**ਕਪੂਰਥਲਾ ( ਪ੍ਰੀਤ ਸੰਗੋਜਲਾ )**-ਫਗਵਾੜਾ ਪੁਲਸ ਟੀਮ ਵੱਲੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਬਾਹਰੀ ਸਟੇਟਾਂ ਵਿੱਚ ਲੁੱਟਾਂ-ਖੋਹਾਂ ਤੇ ਚੋਰੀ ਕਰਨ ਵਾਲੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।ਬੀਤੇ ਦਿਨੀਂ ਪ੍ਰੀਤੀ ਪਤਨੀ ਸੋਨੀ ਵਾਸੀ ਮਕਾਨ ਨੰਬਰ 154-ਏ ਚਾਹਲ ਨਗਰ ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੇ ਘਰ ਤੋਂ ਬਾਹਰ ਦੋ ਮੋਟਰਸਾਈਕਲ ਸਵਾਰ ਲੜਕੇ ਨੇ ਸੋਨੇ ਦਾ ਮੰਗਲਸੂਤਰ ਲਾਹ ਕੇ ਫਰਾਰ ਹੋ ਗਏ ਸੀ, ਜਿਸ 'ਤੇ ਨਾਮਲੂਮ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 257 ਮਿਤੀ 29.11.24 ਅ/ਧ 304 ਬੀ.ਐਨ.ਐਸ. ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ 'ਚ ਦਰਜ ਕੀਤਾ ਗਿਆ ਸੀ।ਪੁਲਸ ਨੇ ਟੈਕਨੀਕਲ (ਸੀ.ਸੀ.ਟੀ.ਵੀ.ਫੁਟੇਜ) ਅਤੇ ਵਿਗਿਆਨਿਕ ਢੰਗ ਨਾਲ ਮੁਕੱਦਮੇ ਨੂੰ ਹਰ ਐਂਗਲ ਤੋਂ ਟਰੇਸ ਕਰਦੇ ਹੋਏ 12 ਘੰਟਿਆਂ ਦੇ ਅੰਦਰ ਰਾਜਬੀਰ ਪੁੱਤਰ ਓਮ ਸਿੰਘ ਅਤੇ ਰਵੀ ਪੁੱਤਰ ਸੱਤਪਾਲ ਦੋਵੇਂ ਵਾਸੀ ਅਲੀ ਨਗਰ ਥਾਣਾ ਜਿਨਜਨਾ ਜਿਲ੍ਹਾ ਸ਼ਾਮਲੀ ਉੱਤਰ ਪ੍ਰਦੇਸ਼ ਨੂੰ ਵਾਰਦਾਤ ਸਮੇਂ ਵਰਤੇ ਗਏ ਮੋਟਰਸਾਈਕਲ ਨੰਬਰ ♦2-10-8੭-4305 ਮਾਰਕਾ ਪਲਸਰ ਸਮੇਤ ਖੋਹ ਕੀਤਾ ਸੋਨੇ ਦਾ ਮੰਗਲਸੂਤਰ ਅਤੇ ਤਿੰਨ ਸੋਨੇ ਦੀਆਂ ਚੈਨਾਂ ਸਮੇਤ ਗ੍ਰਿਫਤਾਰ ਕੀਤਾ।ਉਨ੍ਹਾਂ ਦਾ 4 ਦਿਨ ਦਾ ਪੁਲਸ ਰਿਮਾਂਡ ਹਾਸਿਲ ਕਰਕੇ ਉਹਨਾਂ ਪਾਸੋਂ ਡੂੰਘਾਈ ਨਾਲ ਕੀਤੀ ਪੁੱਛਗਿੱਛ ਤੇ ਪਤਾ ਲੱਗਾ ਕਿ ਉਹਨਾਂ ਨੇ ਫਗਵਾੜਾ ਤੋਂ ਇਲਾਵਾ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼ ਸੂਬਿਆਂ ਦੇ ਵੱਖ-ਵੱਖ ਸ਼ਹਿਰਾਂ ਵਿੱਚ ਚੋਰੀ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ।

# ਸ਼ਹੀਦੀ ਗੁਰਪੁਰਬ 6 ਨੂੰ

**ਬਸਤੀ ਸ਼ੇਖ (ਜਲੰਧਰ)**-(ਲਖਵਿੰਦਰ ਸਿੰਘ ) ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਸ਼੍ਰੀ ਗੁਰੂ ਕਲਗੀਧਰ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਸਮਾਗਮ 06 ਦਸੰਬਰ ਦਿਨ ਸ਼ੁੱਕਰਵਾਰ ਅਮ੍ਰਿਤੂ ਵੇਲੇ ਤੋਂ ਦੁਪਹਿਰ 2 ਵਜੇ ਤੱਕ ਅਤੇ ਰਾਤ ਨੂੰ 7 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਮੁਹੱਲਾ ਚਾਹਿਆਮ, ਬਸਤੀ ਸ਼ੇਖ, ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਭਾਈ ਤਜਿੰਦਰ ਸਿੰਘ ਪਾਰਸ ਤੇ ਭਾਈ ਗੁਰਪ੍ਰੀਤ ਸਿੰਘ ਜਲੰਧਰ ਵਾਲ ਗੁਰੂ ਜੀ ਦੇ ਸ਼ਬਦ ਗਾਇਨ ਕਰਨਗੇ ਅਤੇ 8 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਢਾਡੀ ਜੱਥਾ ਗਿਆਨੀ ਜਗਦੀਸ਼ ਸਿੰਘ ਚੰਦਨ ਸੰਗਤਾਂ ਨੂੰ ਢਾਡੀ ਵਾਰਾਂ ਸੁਣਾ ਕੇ ਨਿਹਾਲ ਕਰਨਗੇ।

# ਅਵਤਾਰ ਮਹੇ ਲੀਗਲ ਐਡਵਾਈਜ਼ਰ ਨਿਯੁਕਤ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਰਾਹੋਂ ਦੇ ਮੁਹੱਲਾ ਡਾ. ਭੀਮ ਰਾਓ ਅੰਬੇਡਕਰ ਨਗਰ ਵਸਨੀਕ ਸਮਾਜ ਸੇਵਕ ਐਡਵੋਕੇਟ ਅਵਤਾਰ ਸਿੰਘ ਮਹੇ ਨੂੰ ਭੀਮ ਆਰਮੀ ਪੰਜਾਬ ਵਲੋਂ ਭੀਮ ਆਰਮੀ ਭਾਰਤ ਏਕਤਾ ਮਿਸ਼ਨ ਪੰਜਾਬ ਦਾ ਲੀਗਲ ਐਡਵਾਇਜ਼ਰ ਲਾਇਆ ਗਿਆ ਹੈ ।ਇਸ ਮੋਕੇ ਅਵਤਾਰ ਸਿੰਘ ਮਹੇ ਵੱਲੋ ਸਾਂਸਦ ਐਡਵੋਕੇਟ ਚੰਦਰਸ਼ੇਖਰ ਆਜ਼ਾਦ ਸੰਸਥਾਪਕ ਭੀਮ ਆਰਮੀ, ਵਿਨੈ ਰਤਨ ਸਿੰਘ ਰਾਸ਼ਟਰੀ ਪ੍ਰਧਾਨ ਭੀਮ ਆਰਮੀ, ਹਿਤੇਸ਼ ਮਾਹੀ ਰਾਸ਼ਟਰੀ ਜਨਰਲ ਸਕੱਤਰ ਇੰਚਾਰਜ ਭੀਮ ਆਰਮੀ ਪੰਜਾਬ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਸ ਨੂੰ ਇਹ ਅਹੁਦਾ ਦੇ ਕੇ ਮਾਣ ਬਖਸ਼ਿਆਂ ਹੈ। ਉਨ੍ਹਾਂ ਕਿਹਾ ਕਿ ਉਹ ਭੀਮ ਆਰਮੀ ਭਾਰਤ ਏਕਤਾ ਮਿਸ਼ਨ ਦੇ ਸੰਗਠਨ ਨੂੰ ਪੰਜਾਬ ਵਿਚ ਹੋਰ ਮਜ਼ਬੂਤ ਕਰਨਗੇ।

# ਸ਼ਹਿਰ 'ਚ ਜਨਤਕ ਥਾਵਾਂ 'ਤੇ ਕਬਜ਼ੇ ਹੀ ਕਬਜ਼ੇ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** -ਸ਼ਹਿਰ ਵਿਚ ਨਗਰ ਕੌਂਸਲ ਦੇ ਅਧਿਕਾਰੀ ਸ਼ਾਇਦ ਸੁੱਤੇ ਪਏ ਹਨ। ਇਨ੍ਹਾਂ ਅਧਿਕਾਰੀਆਂ ਵੱਲੋਂ ਕਦੇ ਵੀ ਸ਼ਹਿਰ ਦੇ ਬਜਾਰਾਂ ਦਾ ਦੌਰਾ ਨਹੀ ਕੀਤਾ ਗਿਆ।ਜਦੋਂ ਪੱਤਰਕਾਰਾਂ ਵੱਲੋਂ ਸ਼ਹਿਰ ਦਾ ਦੌਰਾ ਕੀਤਾ ਗਿਆ ਤਾਂ ਦੇਖਿਆ ਕਿ ਸੜਕਾਂ ਉੱਪਰ 50-50 ਫੁੱਟ ਲੋਕਾਂ ਵੱਲੋਂ ਕਬਜ਼ੇ ਕੀਤੇ ਹੋਏ ਹਨ। ਸ਼ਹਿਰ ਦੇ ਅੰਦਰ ਵੜਨ ਵਾਲਿਆਂ ਰਸਤਿਆਂ 'ਤੇ ਪ੍ਰਵਾਸੀਆਂ ਨੇ ਆਪਣਾ ਦਬਦਬਾ ਰੱਖਿਆ ਹੋਇਆ ਹੈ। ਸ਼ਹਿਰ ਦੇ ਅੰਦਰ ਵੜਦਿਆਂ ਮੂੰਗਫਲੀ ਵਾਲੀਆਂ ਰੇਹੜੀਆਂ, ਕਪੜਿਆਂ ਦੀਆਂ ਦੁਕਾਨਾਂ, ਗਮਲੇ ਬਣਾਉਣ ਵਾਲੇ, ਰੇਹੜੀਆਂ ਤੇ ਦੁਕਾਨਦਾਰਾਂ ਵੱਲੋਂ ਦੁਕਾਨਾਂ ਸਾਹਮਣੇ ਸੰਗਲ ਲਗਾ ਕੇ ਜਨਤਕ ਥਾਵਾਂ ਮੱਲੀਆਂ ਹੋਈਆਂ ਹਨ। ਇੰਝ ਜਾਪਦਾ ਹੈ ਕਿ ਨਗਰ ਕੌਂਸਲ ਦੇ ਅਧਿਕਾਰੀ ਕੁੰਭਕਰਨੀ ਨੀਂਦ ਸੁੱਤੇ ਪਏ ਹੋਏ ਹਨ। ਲੱਖਾਂ-ਲੱਖਾਂ ਰੁਪਏ ਤਨਖਾਹਾਂ ਲੈਣ ਵਾਲੇ ਇਹ ਅਧਿਕਾਰੀ ਕਦੀ ਵੀ ਆਪਣਾ ਫਰਜ਼ ਨਹੀ ਨਿਭਾ ਰਹੇ। ਸ਼ਹਿਰ ਵਿਚ ਟ੍ਰੈਫਿਕ ਇੰਨਾ ਵੱਧ ਚੁੱਕਾ ਹੈ ਕਿ ਘੰਟਿਆਂ ਬੱਧੀ ਜਾਮ ਲੱਗੇ ਰਹਿੰਦੇ ਹਨ।ਸੜਕਾਂ 'ਤੇ ਬੈਠੇ ਇਹ ਰੇਹੜੀਆਂ ਤੇ ਫੇਰੀਆਂ ਵਾਲੇ ਟ੍ਰੈਫਿਕ ਵਿਚ ਵਿਘਨ ਪਾ ਰਹੇ ਹਨ। ਸੂਤਰਾਂ ਅਨੁਸਾਰ ਦੁਕਾਨਦਾਰ ਇਨ੍ਹਾਂ ਰੇਹੜੀਆਂ ਵਾਲਿਆਂ ਤੋਂ ਛੇ-ਛੇ ਹਜ਼ਾਰ ਰੁਪਏ ਜਨਤਕ ਥਾਵਾਂ 'ਤੇ ਰੇਹੜੀਆਂ ਲਾਉਣ ਦਾ ਲੈ ਰਹੇ ਹਨ। ਜੇਕਰ ਇਹ ਪੈਸੇ ਨਹੀਂ ਦਿੰਦੇ ਤਾਂ ਦੁਕਾਨਾਂ ਸਾਹਮਣੇ 20-20 ਫੁੱਟ ਸਮਾਨ ਰੱਖ ਕੇ ਸੜਕਾਂ ਘੇਰ ਲੈਂਦੇ ਹਨ।

# ਨੈਸ਼ਨਲ ਫੂਡ ਸਕਿਊਰਟੀ ਐਕਟ 2013 ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ : ਧੀਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਇਕ ਪਾਸੇ ਦੇਸ਼ ਅੰਦਰ ਹੁਣੇ ਹੀ ਸੰਵਿਧਾਨ ਦਿਵਸ ਮਨਾਇਆ ਗਿਆ ਤੇ ਦੂਸਰੇ ਪਾਸੇ ਸੰਵਿਧਾਨ ਨੂੰ ਮੁੱਖ ਰੱਖ ਕੇ ਬਣਾਏ ਗਏ ਨੈਸ਼ਨਲ ਫੂਡ ਸਕਿਊਰਟੀ ਐਕਟ 2013 ਨੂੰ ਨਾ ਲਾਗੂ ਕਰਕੇ ਸੰਵਿਧਾਨ ਦੀ ਉਲੰਘਣਾ ਕਰਨ ਦੇ ਨਾਲ-ਨਾਲ ਗਰੀਬ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ।ਇਸ ਸਬੰਧ ਵਿਚ ਪਿੰਡ ਛਾਉਣੀ ਕਲਾਂ ਵਿਖੇ ਲੇਬਰ ਪਾਰਟੀ ਵਲੋਂ ਨੈਸ਼ਨਲ ਫੂਡ ਸਕਿਊਰਟੀ ਐਕਟ 2013 ਸਬੰਧੀ ਖਪਕਾਰਾਂ ਦੇ ਅਧਿਕਾਰਾਂ ਨੂੰ ਲੈ ਕੇ ਇਕ ਮੀਟਿੰਗ ਮਹਿਲਾ ਆਗੂ ਕੁਲਵੰਤ ਕੌਰ ਵਿੰਦਰ ਅਤੇ ਜੈ ਗੋਪਾਲ ਧੀਮਾਨ ਦੀ ਅਗਵਾਈ ਵਿਚ ਕੀਤੀ ਗਈ ਤੇ ਡੀਪੂ ਹੋਲਡਰਾਂ ਵੱਲੋਂ 21 ਨਵੰਬਰ 2014 ਦੀਆਂ ਦਾਣੇ ਦੇਣ ਦੀਆਂ ਕਟੀਆਂ ਪਰਚੀਆਂ ਨੂੰ ਲੈ ਕੇ ਦਾਣੇ ਨਾ ਦੇਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਕਹਿੰਦੀ ਕੁਝ ਹੈ ਤੇ ਕਰਦੀ ਕੁਝ ਹੈ।ਧੀਮਾਨ ਨੇ ਦਸਿਆ ਕਿ 2013 ਐਕਟ ਅਨੁਸਾਰ ਸਸਤੇ ਅਨਾਜ ਦੀਆਂ ਫੇਅਰ ਸ਼ਾਪ ਖੋਲਣੀਆਂ ਸਨ ਪਰ ਪੂਰੇ ਪੰਜਾਬ ਵਿਚ ਇਕ ਵੀ ਫੇਅਰ ਸ਼ਾਪ ਵੇਖਣ ਨੂੰ ਨਹੀਂ ਮਿਲ ਰਹੀ।ਸਰਕਾਰ ਜਾਣ ਬੁਝ ਕੇ ਫੇਅਰ ਸ਼ਾਪ ਨਾ ਖੋਲ੍ਹ ਕੇ ਲੋਕਾਂ ਦਾ ਲੱਖਾਂ ਰੁਪਇਆ ਬਰਬਾਦ ਕਰ ਰਹੀ ਹੈ । ਧੀਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ।ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਕਿ ਨੈਸ਼ਨਲ ਫੂਡ ਸਕਿਊਰਟੀ ਐਕਟ 2013 ਨੂੰ ਇਨ ਬਿੰਨ ਲਾਗੂ ਕੀਤਾ ਜਾਵੇ।ਇਸ ਮੌਕੇ ਬਲਵੀਰ ਕੌਰ,ਰਾਜਿੰਦਰ ਕੌਰ,ਰਵਿੰਦਰ ਕੌਰ,ਸਤਿਆ ਦੇਵੀ,ਅਮਰਜੀਤ ਕੌਰ, ਭਜਨ ਕੌਰ, ਸੰਤੋਸ਼, ਸੁਰਿੰਦਰ ਕੌਰ, ਨਿਰਮਲ ਕੌਰ,ਬਿਮਲਾ ਦੇਵੀ, ਗੁਰਵਿੰਦਰ ਕੌਰ, ਗੀਤਾ ਦੇਵੀ,ਬਲਜਿੰਦਰ ਕੌਰ ਅਤੇ ਸੰਦੀਪ ਕੌਰ ਆਦਿ ਹਾਜ਼ਰ ਸਨ।

# ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸੁਪਰਵਾਈਜ਼ਰ ਯੂਨੀਅਨ ਦਾ ਗਠਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨਗਰ ਨਿਗਮ ਹੁਸ਼ਿਆਰਪੁਰ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਜਿਸ ਵਿੱਚ ਸੁਪਰਵਾਈਜ਼ਰ ਯੂਨੀਅਨ ਦਾ ਗਠਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਾਜਾ ਹੰਸ ਪ੍ਰਧਾਨ ਸਫਾਈ ਮਜ਼ਦੂਰ ਫੈਡਰੇਸ਼ਨ ਅਤੇ ਕਮਲ ਭੱਟੀ ਪ੍ਰਧਾਨ ਆਊਟਸੋਰਸ ਯੂਨੀਅਨ ਅਤੇ ਉਹਨਾਂ ਦੇ ਸਾਰੇ ਹੀ ਯੂਨੀਅਨ ਸਾਥੀਆਂ ਨੇ ਮਿਲ ਕੇ ਅਸ਼ਵਨੀ ਕੁਮਾਰ ਲੱਡੂ ਨੂੰ ਸੁਪਰਵਾਈਜ਼ਰ ਯੂਨੀਅਨ ਦਾ ਪ੍ਰਧਾਨ ਨਿਯੁਕਤ ਕੀਤਾ ਅਤੇ ਧਰਮਿੰਦਰ ਨੂੰ ਚੇਅਰਮੈਨ, ਅਰੁਣ ਕੁਮਾਰ ਆਦੀਆ ਨੂੰ ਵਾਈਸ ਪ੍ਰਧਾਨ ਨਿਯੁਕਤ ਕੀਤਾ ਅਤੇ ਸਾਰੇ ਹੀ ਨਵ ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ।ਇਸ ਮੌਕੇ ਆਊਟਸੋਰਸ ਯੂਨੀਅਨ ਦੇ ਚੇਅਰਮੈਨ ਰਕੇਸ਼ ਸਿੱਧੂ, ਵਾਈਸ ਚੇਅਰਮੈਨ ਸੁਰਿੰਦਰ ਪਾਲ ਬਿੱਟੂ, ਸੀਵਰਮੈਨ ਯੂਨੀਅਨ ਦੇ ਪ੍ਰਧਾਨ ਨਰੇਸ਼ ਕੁਮਾਰ ਬੱਬੂ, ਆਊਟਸੋਰ ਯੂਨੀਅਨ ਦੇ ਵਾਈਸ ਪ੍ਰਧਾਨ ਅਨਿਲ ਗਿੱਲ, ਬੇਲਦਾਰ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਕੁਮਾਰ, ਸਫਾਈ ਮਜ਼ਦੂਰ ਫੈਡਰੇਸ਼ਨ ਦੇ ਉਪ ਪ੍ਰਧਾਨ ਜਤਿੰਦਰ ਕੁਮਾਰ ਜੱਸੀ, ਇਲੈਕਟਰੀਕਲ ਯੂਨੀਅਨ ਦਾ ਪ੍ਰਧਾਨ ਜਤਿਸ਼ ਅਗਰਵਾਲ ਮੌਜੂਦ ਸਨ।

# ਪ੍ਰਸਿੱਧ ਗਾਇਕ ਹੈਪੀ ਲਾਪਰਾਂ ਦਾ ਗੀਤ 'ਸੁਪਨੇ' ਰਿਲੀਜ਼



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**—ਦੋਆਬਾ ਇਲਾਕੇ ਦੇ ਨਿੱਜੀ ਪੈਲੇਸ ਵਿੱਚ ਯੂ ਕੇ ਦੇ ਪ੍ਰਸਿੱਧ ਪ੍ਰਮੋਟਰ ਰਾਜਵੀਰ ਸਮਰਾ ਦੀ ਕਲਮ ਤੋਂ ਲਿਖਿਆ ਅਤੇ ਗਾਇਕ ਹੈਪੀ ਲਾਪਰਾਂ ਦੀ ਆਵਾਜ਼ ਵਿੱਚ ਰਿਕਾਰਡ ਹੋਇਆ 'ਸੁਪਨੇ' ਗੀਤ ਵੱਡੇ ਪੱਧਰ ਤੇ ਗਗਨਦੀਪ ਗਰਚਾ ਦੀ ਅਗਵਾਈ ਵਿੱਚ ਰਿਲੀਜ਼ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਪਹੁੰਚੇ ਕੁਲਵਿੰਦਰ ਸਿੰਘ ਭਾਰਟਾ (ਸਰਪ੍ਰਸਤ ਲੋਕ ਭਲਾਈ ਸੇਵਾ ਸੁਸਾਇਟੀ) ਨੇ ਆਖਿਆ ਕਿ ਦਿਨ ਬ ਦਿਨ ਗਾਇਕੀ ਦੇ ਡਿਗ ਰਹੇ ਪੱਧਰ ਨੂੰ ਉੱਚਾ ਚੱਕਣ ਲਈ ਸਾਨੂੰ ਅੱਜ ਅਜਿਹੇ ਗੀਤਾਂ ਨੂੰ ਪ੍ਰਮੋਟ ਕਰਨ ਦੀ ਅਹਿਮ ਜਰੂਰਤ ਹੈ। ਐਸ.ਐਚ.ਓ ਵਰਿੰਦਰ ਕੁਮਾਰ ਨੇ ਹੈਪੀ ਲਾਪਰਾਂ ਨੂੰ ਮੁਬਾਰਕਬਾਦ ਦਿੱਤੀ। ਗਗਨਦੀਪ ਗਰਚਾ ਅਤੇ ਗਾਇਕ ਹੈਪੀ ਲਾਪਰਾਂ ਨੇ ਕਿਹਾ ਕਿ ਇਸ ਗੀਤ ਦਾ ਸੰਗੀਤ ਵੀ ਸਟਾਰ ਨੇ ਕੀਤਾ ਹੈ ਅਤੇ ਇਸਦੀ ਵੀਡੀਓ ਔਸਕਰ ਬਰਾੜ ਨੇ ਕੀਤੀ ਹੈ, ਪ੍ਰੋਡਿਊਸਰ ਰਾਜਨਦੀਪ ਕੌਰ ਯੂ ਕੇ ਹਨ ਤੇ ਗੋਲਡਨ ਵਿਰਸਾ ਯੂ ਕੇ (ਸੰਗੀਤ ਕੰਪਨੀ) 'ਚ ਰਿਲੀਜ਼ ਹੋ ਚੁੱਕਾ ਹੈ। ਇਸ ਮੌਕੇ ਐਸ.ਐਚ.ਓ ਮਹਿੰਦਰ ਸਿੰਘ,ਗੀਤਕਾਰ ਸੰਤੋਖ ਤਾਜਪੁਰੀ,ਵੀਡੀਓ ਡਾਇਰੈਕਟਰ ਹਨੀ ਹਰਦੀਪ,ਰਿਟਾਇਰਡ ਡੀ.ਐਸ.ਪੀ ਬਿਸ਼ਨ ਦਾਸ,ਸ਼ਿੰਦਾ ਲਾਪਰਾਂ,ਰਣਜੋਧ ਕਬਦੀ,ਚੇਤ ਰਾਮ ਰਤਨ (ਸੀਨੀਅਰ ਕੌਂਸਲਰ),ਕੁਲਦੀਪ ਸਿੰਘ ਪਾਬਲਾ,ਹਰਮਿੰਦਰ ਪੇਂਟੂ,ਕੁਲਵੰਤ ਸਿੰਘ ਡੀ.ਈ.ਓ,ਖੁਸ਼ਵੀਰ ਆਦਿ ਮੌਜੂਦ ਸਨ।

# ਪ੍ਰਧਾਨ ਮੰਤਰੀ 9 ਨੂੰ ਕਰਨਗੇ 'ਸਖੀ ਯੋਜਨਾ' ਦੀ ਸ਼ੁਰੂਆਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ 9 ਦਸੰਬਰ ਨੂੰ ਪਾਣੀਪਤ ਤੋਂ ਦੇਸ਼ ਵਿਆਪੀ ਬੀਮਾ ਸਾਖੀ ਯੋਜਨਾ ਦੀ ਸ਼ੁਰੂਆਤ ਕਰਨ ਜਾ ਰਹੇ ਹਨ।ਇਸ ਪ੍ਰੋਗਰਾਮ ਵਿੱਚ ਸੂਬੇ ਦੀਆਂ ਇੱਕ ਲੱਖ ਔਰਤਾਂ ਹਿੱਸਾ ਲੈਣਗੀਆਂ। ਸੂਬੇ ਵਿੱਚ ਬੂਥ ਪੱਧਰ ਤੱਕ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਹਰੇਕ ਬੂਥ ਤੋਂ ਘੱਟੋ-ਘੱਟ 25 ਔਰਤਾਂ ਪ੍ਰੋਗਰਾਮ ਵਿੱਚ ਹਿੱਸਾ ਲੈਣਗੀਆਂ।

ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਲਗਾਤਾਰ ਤੀਜੀ ਵਾਰ ਭਾਜਪਾ ਦੀ ਸਰਕਾਰ ਬਣਾ ਕੇ ਵਿਕਾਸ ਦਾ ਰਾਹ ਪੱਧਰਾ ਕਰਨ ਦਾ ਕੰਮ ਕੀਤਾ ਹੈ। ਸਰਕਾਰ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਦੇ ਹੋਏ ਹਰ ਖੇਤਰ ਦਾ ਬਰਾਬਰ ਵਿਕਾਸ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਵਿੱਚ ਸੜਕਾਂ ਦੀ ਮੁਰੰਮਤ ਅਤੇ ਮੁਰੰਮਤ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਹੁਣ ਸੂਬੇ ਵਿੱਚ ਵਿਕਾਸ ਕਾਰਜ ਤਿੰਨ ਗੁਣਾ ਰਫ਼ਤਾਰ ਨਾਲ ਹੋ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਕੌਮਾਂਤਰੀ ਗੀਤਾ ਮਹੋਤਸਵ ਦਾ ਉਦਘਾਟਨ 28 ਨਵੰਬਰ ਨੂੰ ਹਰਿਆਣਾ ਦੇ ਰਾਜਪਾਲ ਵੱਲੋਂ ਧਰਮਕਸ਼ੇਤਰ ਕੁਰੂਕਸ਼ੇਤਰ ਦੀ ਪਵਿੱਤਰ ਧਰਤੀ 'ਤੇ ਕੀਤਾ ਗਿਆ ਹੈ। ਇਸ ਮੇਲੇ ਦੇ ਮੁੱਖ ਪ੍ਰੋਗਰਾਮ 5 ਦਸੰਬਰ ਤੋਂ 11 ਦਸੰਬਰ ਤੱਕ ਚੱਲਣਗੇ।ਮੇਲੇ ਵਿੱਚ ਲੱਖਾਂ ਲੋਕਾਂ ਦੇ ਆਉਣ ਦੀ ਉਮੀਦ ਹੈ ਅਤੇ ਸਰਕਾਰ ਅਤੇ ਕੇਡੀਬੀ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ।ਇਸ ਮਹਾਉਤਸਵ ਵਿੱਚ ਸੰਤ ਸੰਮੇਲਨ, 18 ਹਜ਼ਾਰ ਵਿਦਿਆਰਥੀਆਂ ਵੱਲੋਂ ਗਲੋਬਲ ਗੀਤਾ ਪਾਠ, ਅੰਤਰਰਾਸ਼ਟਰੀ ਗੀਤਾ ਸੈਮੀਨਾਰ ਅਤੇ ਮੁੱਖ ਸਟੇਜ 'ਤੇ ਸੱਭਿਆਚਾਰਕ ਪ੍ਰੋਗਰਾਮ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।ਇੱਕ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਕੋਲ ਨਾ ਤਾਂ ਕੋਈ ਮੁੱਦਾ ਹੈ, ਨਾ ਹੀ ਕੋਈ ਨੀਤੀ ਅਤੇ ਨਾ ਹੀ ਕੋਈ ਆਗੂ, ਇਸ ਲਈ ਕਾਂਗਰਸ ਆਪਣੀ ਹਾਰ ਦੀ ਸਾਰੀ ਜ਼ਿੰਮੇਵਾਰੀ ਈ ਵੀ ਐਮ ਮਸ਼ੀਨਾਂ ਨੂੰ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਜਦੋਂਕਿ ਇਹ ਮੁੱਦਾ ਉੱਥੇ ਦਾ ਨਹੀਂ ਜਿੱਥੇ ਕਾਂਗਰਸ ਦੀ ਜਿੱਤ ਹੋਈ ਹੈ।ਕਾਂਗਰਸ ਪਾਰਟੀ ਨੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਝੂਠ ਅਤੇ ਸੰਵਿਧਾਨ ਦਾ ਸਹਾਰਾ ਲਿਆ ਪਰ ਕਾਂਗਰਸ ਦਾ ਝੂਠ ਪੂਰੀ ਦੁਨੀਆ ਦੇ ਸਾਹਮਣੇ ਬੇਨਕਾਬ ਹੋ ਗਿਆ ਹੈ ਅਤੇ ਉਸਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ।ਉਨ੍ਹਾਂ ਕਿਹਾ ਕਿ ਭਾਜਪਾ ਦੀ ਸੂਬਾ ਵਿਆਪੀ ਮੈਂਬਰੀ ਮੁਹਿੰਮ ਇੱਕ ਮਹੀਨਾ ਪਹਿਲਾਂ ਸ਼ੁਰੂ ਕੀਤੀ ਗਈ ਸੀ।

ਇਸ ਮੁਹਿੰਮ ਤਹਿਤ ਸੂਬੇ ਵਿੱਚ 50 ਲੱਖ ਨਵੇਂ ਮੈਂਬਰ ਜੋੜਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਸਾਰੇ ਬੂਥ ਲੈਵਲ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

# ਰਿਸ਼ਵਤ ਲੈਂਦਾ ਮਾਲ ਪਟਵਾਰੀ ਰੰਗੇ ਹੱਥੀਂ ਕਾਬੂ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ, ਕੁਲਵਿੰਦਰ ਰਾਹੋਂ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਐਸ.ਬੀ.ਐਸ.ਨਗਰ ਜ਼ਿਲ੍ਹੇ ਦੇ ਮਾਲ ਹਲਕਾ ਸਲੋਹ ਵਿਖੇ ਤਾਇਨਾਤ ਮਾਲ ਪਟਵਾਰੀ ਗੌਰਵ ਗੁਪਤਾ, ਜਿਸ ਕੋਲ ਫਾਂਬੜਾ ਹਲਕੇ ਦਾ ਵਾਧੂ ਚਾਰਜ ਵੀ ਹੈ, ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮਾਲ ਅਧਿਕਾਰੀ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੜ੍ਹੀ ਸ਼ੇਰੂ ਦੇ ਵਸਨੀਕ ਕੇਸਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਕਤ ਪਟਵਾਰੀ ਨੇ ਉਸਦੇ ਪਰਵਾਰ ਦੇ ਜ਼ਮੀਨ ਦੇ ਤਬਾਦਲੇ ਸਬੰਧੀ ਕੇਸ ਦਾ ਨਿਪਟਾਰਾ ਕਰਨ ਬਦਲੇ ਉਸ ਤੋਂ 20000 ਰੁਪਏ ਰਿਸ਼ਵਤ ਮੰਗੀ ਹੈ ਅਤੇ ਇਸ ਸਬੰਧੀ 10000 ਰੁਪਏ ਉਹ ਪਹਿਲਾਂ ਹੀ ਲੈ ਚੁੱਕਾ ਹੈ ਅਤੇ ਉਸ ਤੋਂ ਰਿਸ਼ਵਤ ਦੀ ਬਾਕੀ ਰਹਿੰਦੀ ਰਕਮ ਮੰਗ ਰਿਹਾ ਹੈ। ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਰਕਮ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ।ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

# ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਨੇ ਥਾਪੇ ਅਮਰੀਕਾ, ਕੈਨੇਡਾ ਤੇ ਯੂ ਏ ਈ ਦੇ ਪ੍ਰਧਾਨ



**ਫਗਵਾੜਾ (ਡਾ. ਰਮਨ)** ਬ੍ਰਿਟੇਨ ਅਧਾਰਤ ਸਮਾਜ ਸੇਵੀ ਜੱਥੇਬੰਦੀ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਯੂ.ਕੇ. (ਬੀ.ਆਰ.ਐਚ.ਐਫ.) ਦੀ ਇਕ ਮੀਟਿੰਗ ਅੰਤਰਰਾਸ਼ਟਰੀ ਪ੍ਰਧਾਨ ਓਮ ਪ੍ਰਕਾਸ਼ ਬਾਘਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਫਾਊਂਡੇਸ਼ਨ ਦੇ ਸਰਪ੍ਰਸਤ ਸੰਤ ਸਤਨਾਮ ਸਿੰਘ ਨੂਰੜ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਮੀਟਿੰਗ ਦੌਰਾਨ ਨਰੇਸ਼ ਸਿੰਘ ਨੂੰ ਯੂ ਐਸ ਏ, ਇੰਦਰਜੀਤ ਸਿੰਘ ਨੂੰ ਕਨੇਡਾ ਅਤੇ ਮਹਿੰਦਰ ਪਾਲ ਨੂੰ ਯੂ ਏ ਈ (ਦੁਬਾਈ) ਸ਼ਾਖਾ ਦਾ ਪ੍ਰਧਾਨ ਐਲਾਨਿਆ ਗਿਆ। ਇਸ ਸੰਬੰਧੀ ਨਿਯੁਕਤੀ ਪੱਤਰ ਦਿੰਦੇ ਹੋਏ ਅੰਤਰ ਰਾਸ਼ਟਰੀ ਪ੍ਰਧਾਨ ਓਮ ਪ੍ਰਕਾਸ਼ ਬਾਘਾ ਨੇ ਦੱਸਿਆ ਕਿ ਫਾਊਂਡੇਸ਼ਨ ਦਾ ਮੁੱਖ ਉਦੇਸ਼ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਜੀਵਨ ਫਲਸਫੇ ਬਾਰੇ ਸਮੁੱਚੀ ਦੁਨੀਆ ਦੀ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਹੈ ਤਾਂ ਜੋ ਦੁਨੀਆ ਪੱਧਰ 'ਤੇ ਆਪਸੀ ਭਾਈਚਾਰਕ ਸਾਂਝ ਮਜਬੂਤ ਕੀਤੀ ਜਾ ਸਕੇ। ਅਗਲੇ ਸਾਲ 2025 ਵਿਚ ਗੁਰੂ ਮਹਾਰਾਜ ਦਾ 650ਵਾਂ ਪ੍ਰਕਾਸ਼ ਦਿਹਾੜਾ ਵਿਸ਼ਵ ਪੱਧਰ 'ਤੇ ਬੜੀ ਹੀ ਧੂਮਧਾਨ ਨਾਲ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨਵ ਨਿਯੁਕਤ ਪ੍ਰਧਾਨਾਂ ਨੂੰ ਹਦਾਇਤ ਕੀਤੀ ਕਿ ਅਮਰੀਕਾ, ਕਨੇਡਾ ਅਤੇ ਦੁਬਈ ਵਿਚ ਗੁਰੂ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦੀਆਂ ਤਿਆਰੀਆਂ ਵੱਡੀ ਪੱਧਰ ਤੇ ਆਰੰਭੀਆਂ ਜਾਣ।

ਵਧੇਰੇ ਜਾਣਕਾਰੀ ਦਿੰਦਿਆਂ ਫਾਊਂਡੇਸ਼ਨਦੇ ਆਲ ਇੰਡੀਆ ਪ੍ਰਧਾਨ ਰਾਜੇਸ਼ ਬਾਘਾ ਨੇ ਦੱਸਿਆ ਕਿ ਨਵੇਂ ਐਲਾਨੇ ਗਏ ਪ੍ਰਧਾਨ ਆਪੋ ਆਪਣੇ ਦੇਸ਼ ਵਿਚ ਫਾਊਂਡੇਸ਼ਨ ਦੇ ਯੂਨਿਟ ਗਠਨ ਕਰਕੇ ਤਿਆਰੀਆਂ ਜੰਗੀ ਪੱਧਰ 'ਤੇ ਸ਼ੁਰੂ ਕਰਨਗੇ। ਜਲਦੀ ਹੀ ਭਾਰਤ ਵਿਚ ਫਾਊਂਡੇਸ਼ਨ ਦੀ ਅੰਤਰਰਾਸ਼ਟਰੀ ਕਾਨਫ੍ਰੰਸ ਕੀਤੀ ਜਾਵੇਗੀ ਅਤੇ ਇੰਗਲੈਂਡ ਵਿਚ ਇਕ ਵੱਡਾ ਸਮਾਗਮ ਕੀਤਾ ਜਾਵੇਗਾ। ਸੰਤ ਸਤਨਾਮ ਸਿੰਘ ਨੇ ਨਵ ਨਿਯੁਕਤ ਪ੍ਰਧਾਨਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਵਿਦੇਸ਼ਾਂ ਵਿਚ ਫਾਊਂਡੇਸ਼ਨ ਦੇ ਮਿਸ਼ਨ ਨੂੰ ਫੈਲਾਉਣ 'ਚ ਸੰਭਵ ਸਹਿਯੋਗ ਦੀ ਅਪੀਲ ਕੀਤੀ।

# ਰਿਆਤ-ਬਾਹਰਾ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੇ ਰਾਜ ਪੱਧਰੀ ਕਾਨਫਰੰਸ 'ਚ ਲਿਆ ਭਾਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਨਰਸਿੰਗ ਕਾਲਜ ਦੇ ਬੀ ਐੱਸ ਸੀ ਨਰਸਿੰਗ ਛੇਵੇਂ ਸਮੈਸਟਰ ਦੀਆਂ ਵਿਦਿਆਰਥਣਾਂ ਨੇ ਮੋਹਨ ਦੇਈ ਓਸਵਾਲ ਨਰਸਿੰਗ ਕਾਲਜ ਲੁਧਿਆਣਾ ਵਿਖੇ ਪ੍ਰਿੰ: ਡਾ. ਮੀਨਾਕਸ਼ੀ ਚਾਂਦ ਦੀ ਅਗਵਾਈ ਹੇਠ ਕਰਵਾਈ ਗਈ ਰਾਜ ਪੱਧਰੀ ਕਾਨਫਰੰਸ ਵਿਚ ਭਾਗ ਲਿਆ। ਇਸ ਕਾਨਫਰੰਸ ਦਾ ਵਿਸ਼ਾ ਰੈਵੋਲੂਸ਼ਨਰੀ ਡਿਵੈਲਪਮੈਂਟ ਇਨ ਨਰਸਿੰਗ-ਏ ਹੋਲਿਸਟਿਕ ਅੱਪਰੋਅਚ ਸੀ। ਇਸ ਵਿੱਚ ਨਰਸਿੰਗ ਦੇ ਨਵੇਂ ਤਰੀਕਿਆਂ, ਔਰਤਾਂ ਦੀ ਸਿਹਤ ਵਿੱਚ ਕਾਢਾਂ ਅਤੇ ਜਣੇਪਾ ਅਤੇ ਬਾਲ ਸਿਹਤ ਨਰਸਿੰਗ ਬਾਰੇ ਚਰਚਾ ਕੀਤੀ ਗਈ।ਮਾਹਿਰਾਂ ਨੇ ਮਰੀਜ਼ਾਂ ਦੀ ਬਿਹਤਰ ਦੇਖਭਾਲ ਲਈ ਆਧੁਨਿਕ ਰਣਨੀਤੀਆਂ ਅਤੇ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ।ਡਾ. ਮੀਨਾਕਸ਼ੀ ਚਾਂਦ ਨੇ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਵਿਦਿਆਰਥੀਆਂ ਨੂੰ ਨਵੀਂ ਜਾਣਕਾਰੀ ਹਾਸਲ ਕਰਨ ਅਤੇ ਸਿਹਤ ਸੇਵਾਵਾਂ ਵਿੱਚ ਹੋ ਰਹੀਆਂ ਤਰੱਕੀਆਂ ਨੂੰ ਸਮਝਣ ਦਾ ਮੌਕਾ ਪ੍ਰਦਾਨ ਕਰਦੀਆਂ ਹਨ।ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਸਿੱਖਣ ਪਲੇਟਫਾਰਮ ਸਾਬਤ ਹੋਇਆ। ਇਸ ਮੌਕੇ ਵਿਦਿਆਰਥੀਆਂ ਦੇ ਨਾਲ ਪ੍ਰੋ. ਰਾਜਕਿਰਨ ਅਤੇ ਪ੍ਰੋ. ਕੰਚਨ ਨੇ ਵੀ ਕਾਨਫਰੰਸ ਵਿੱਚ ਸ਼ਿਰਕਤ ਕੀਤੀ।




# ਸਿਆਸੀ ਆਗੂਆਂ ਤੋਂ ਨਿਰਾਸ਼ ਸ਼ਹਿਰੀਆਂ ਦੀ ਮੀਟਿੰਗ



**ਫਗਵਾੜਾ (ਡਾ. ਰਮਨ)** ਕਾਰਪੋਰੇਸ਼ਨ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਬੇਸ਼ੱਕ ਹਾਲੇ ਚੋਣ ਕਮਿਸ਼ਨ ਪੰਜਾਬ ਵੱਲੋਂ ਕੀਤਾ ਜਾਣਾ ਬਾਕੀ ਹੈ, ਪਰ ਲੰਬੇ ਅੰਤਰਾਲ ਤੋਂ ਬਾਅਦ ਫਗਵਾੜਾ ਕਾਰਪੋਰੇਸ਼ਨ ਦੀਆਂ ਹੋਣ ਜਾ ਰਹੀਆਂ ਚੋਣਾਂ ਤੋਂ ਪਹਿਲਾਂ ਇੱਥੋਂ ਦੇ ਸਿਆਸੀ ਸਮੀਕਰਣਾਂ ਵਿੱਚ ਰੋਜ਼ਾਨਾ ਹੀ ਨਵਾਂ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਇੱਕ ਪਾਸੇ ਜਿੱਥੇ ਕਿਸੇ ਵੀ ਸਿਆਸੀ ਪਾਰਟੀ ਦਾ ਕਿਸੇ ਧਿਰ ਨਾਲ ਗਠਜੋੜ ਨਾ ਹੋਣ ਕਰਕੇ ਸ਼ਹਿਰ ਦੇ ਕੁੱਲ ਪੰਜਾਹ ਵਾਰਡਾਂ ਵਿਚ ਉਮੀਦਵਾਰਾਂ ਦੀ ਤਲਾਸ਼ ਹਰੇਕ ਪਾਰਟੀ ਲਈ ਮੁਸ਼ਕਲ ਹੋ ਰਹੀ ਹੈ, ਉੱਥੇ ਹੀ ਕਾਰਪੋਰੇਸ਼ਨ ਚੋਣਾਂ ਵਿਚ ਜੋਰ ਅਜਮਾਇਸ਼ ਕਰਨ ਦੇ ਚਾਹਵਾਨ ਰੋਜ਼ਾਨਾ ਇੱਕ ਪਾਰਟੀ ਨੂੰ ਛੱਡ ਕੇ ਦੂਸਰੀ ਪਾਰਟੀ ਦਾ ਲੜ ਫੜ ਰਹੇ ਹਨ। ਇਸੇ ਅਦਲਾ-ਬਦਲੀ ਤੋਂ ਆਹਤ ਫਗਵਾੜਾ ਦੇ ਵੱਖ-ਵੱਖ ਵਾਰਡਾਂ ਦੇ ਪਤਵੰਤਿਆਂ ਦੀ ਇੱਕ ਮੀਟਿੰਗ ਜਤਿੰਦਰ ਸਿੰਘ ਪਲਾਹੀ ਦੀ ਅਗਵਾਈ ਹੇਠ ਹੋਈ।ਜਿਸ ਵਿਚ ਜਸਵਿੰਦਰ ਸਿੰਘ ਘੁੰਮਣ, ਮੋਹਨ ਸਿੰਘ ਸਾਂਈ, ਜਸਵੀਰ ਸਿੰਘ ਭੁੱਲਾਰਾਈ, ਪ੍ਰਦੀਪ ਬਸਰਾ, ਇੰਦਰਜੀਤ ਸਿੰਘ ਬਸਰਾ, ਸਤਨਾਮ ਸਿੰਘ, ਹਰਵਿੰਦਰ ਸਿੰਘ, ਉਂਕਾਰ ਸਿੰਘ, ਦਿਲਰਾਜ ਸਿੰਘ ਆਦਿ ਨੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਵਾਰਡ ਪੱਧਰ 'ਤੇ ਆਜ਼ਾਦ ਉਮੀਦਵਾਰ ਖੜੇ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ।ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਜਤਿੰਦਰ ਸਿੰਘ ਪਲਾਹੀ ਅਤੇ ਹੋਰਨਾਂ ਨੇ ਕਿਹਾ ਕਿ ਫਗਵਾੜਾ ਕਾਰਪੋਰੇਸ਼ਨ ਨੂੰ ਭੰਗ ਹੋਏ ਕਈ ਸਾਲ ਬੀਤ ਚੁੱਕੇ ਹਨ ਜਿਸ ਕਰਕੇ ਸ਼ਹਿਰ ਦਾ ਵਿਕਾਸ ਠੱਪ ਪਿਆ ਹੈ। ਹੁਣ ਜਦੋਂ ਇਹ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਸ਼ਹਿਰ ਦੇ ਬੁੱਧੀਜੀਵੀ ਵਰਗ ਦਾ ਇਹ ਫਰਜ਼ ਬਣਦਾ ਹੈ ਕਿ ਅਜਿਹੇ ਉਮੀਦਵਾਰਾਂ ਨੂੰ ਕੌਂਸਲਰ ਚੁਣਿਆ ਜਾਵੇ ਜੋ ਕਿ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਆਪਣੇ ਵਾਰਡ ਦਾ ਵਿਕਾਸ ਕਰਵਾਉਣ ਦੀ ਸਮਰੱਥਾ ਰੱਖਦੇ ਹੋਣ।ਪਰ ਜਿਸ ਤਰ੍ਹਾਂ ਨਾਲ ਕੌਂਸਲਰ ਬਣਨ ਦੀ ਚਾਹਤ ਵਿਚ ਪਾਰਟੀਆਂ ਦੇ ਵਰਕਰ ਇੱਧਰ-ਉੱਧਰ ਜਾ ਰਹੇ ਹਨ, ਉਸਨੂੰ ਦੇਖਦੇ ਹੋਏ ਲੱਗਦਾ ਨਹੀਂ ਕਿ ਉਹਨਾਂ ਵਲੋਂ ਕੌਂਸਲਰ ਬਣਨ ਤੋਂ ਬਾਅਦ ਵਾਰਡਾਂ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ।ਜੇਕਰ ਕਿਸੇ ਉਮੀਦਵਾਰ ਦਾ ਆਪਣੇ ਵਾਰਡ ਵਿਚ ਚੰਗਾ ਰਸੂਖ ਹੈ ਤਾਂ ਉਹ ਕਿਸੇ ਪਾਰਟੀ ਸਿੰਬਲ ਦਾ ਮੋਹਤਾਜ ਨਹੀਂ ਹੋ ਸਕਦਾ।ਇਸ ਕਰਕੇ ਮੀਟਿੰਗ ਵਿਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਚੰਗੀ ਇਮੇਜ ਵਾਲੇ ਆਜਾਦ ਉਮੀਦਵਾਰ ਖੜੇ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ ਹਨ।ਉਹਨਾਂ ਕਿਹਾ ਕਿ ਜਲਦੀ ਹੀ ਅਗਲੀ ਮੀਟਿੰਗ ਚੋਣ ਤਰੀਕਾਂ ਦੇ ਐਲਾਨ ਤੋਂ ਬਾਅਦ ਕੀਤੀ ਜਾਵੇਗੀ।

4-Dec-PAG-9.qxd 12/3/2024 10:57 PM Page 1



# ਪੰਚਾਇਤਾਂ ਪਿੰਡਾਂ ਦਾ ਵਿਕਾਸ ਤੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਕੰਮ ਕਰਨ : ਮਾਨ

## * ਹਲਕੇ ਦੇ ਅਧੂਰੇ ਕੰਮ ਪੂਰੇ ਕਰਨ ਨੂੰ ਪਹਿਲ ਦਿੱਤੀ ਜਾ ਰਹੀ : ਪੰਡੋਰੀ

**ਸ਼ਾਹਕੋਟ(ਗਿਆਨ ਸੈਦਪੁਰੀ)** 'ਪੰਚਾਇਤਾਂ ਨੂੰ ਬਿਨਾ ਕਿਸੇ ਭੇਦ ਭਾਵ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਪੰਚਾਇਤਾਂ ਵੱਲੋਂ ਨੇਕਦਿਲੀ ਤੇ ਇਮਾਨਦਾਰੀ ਨਾਲ ਕੰਮ ਕੀਤੇ ਜਾਣ ਨਾਲ ਹੀ ਹੇਠਲੀ ਪੱਧਰ 'ਤੇ ਲੋਕਤੰਤਰ ਮਜ਼ਬੂਤ ਹੋ ਸਕਦਾ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਨਕੋਦਰ ਦੀ ਵਿਧਾਇਕਾ ਇੰਦਰਜੀਤ ਕੌਰ ਮਾਨ ਨੇ ਇੱਥੇ ਦੇ ਇਕ ਪੈਲਸ ਵਿਚ ਵਿਧਾਨ ਸਭਾ ਹਲਕਾ ਸ਼ਾਹਕੋਟ ਦੀਆਂ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਲਈ ਕਰਵਾਏ ਮਿਲਣੀ ਸਮਾਰੋਹ ਵਿਚ ਜੁੜੇ ਸਰਪੰਚਾਂ, ਪੰਚਾਂ ਤੇ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿਚ 60 ਫੀਸਦੀ ਨਿਰੋਲ ਆਮ ਆਦਮੀ ਪਾਰਟੀ ਦੀਆਂ ਪੰਚਾਇਤਾਂ ਬਣਨ ਨਾਲ 2027 ਵਿਚ ਦੁਬਾਰਾ 'ਆਪ' ਦੀ ਸਰਕਾਰ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਪਾਰਟੀ ਵਲੰਟੀਅਰਾਂ ਨੂੰ ਪਾਰਟੀ ਦੀ ਰੀੜ ਦੀ ਹੱਡੀ ਦੱਸਦਿਆਂ ਵਿਰੋਧੀ ਪਾਰਟੀ ਦੇ ਵਰਕਰਾਂ ਦੇ ਵੱਧ ਤੋਂ ਵੱਧ ਕੰਮ ਕਰਵਾ ਕੇ ਉਨ੍ਹਾਂ ਨੂੰ 'ਆਪ' ਨਾਲ ਜੋੜਨ ਲਈ ਕਿਹਾ। ਉਨ੍ਹਾਂ ਵਲੰਟੀਅਰਾਂ ਨੂੰ ਨਗਰ ਪੰਚਾਇਤ ਸ਼ਾਹਕੋਟ, ਮਹਿਤਪੁਰ ਅਤੇ ਬਿਲਗਾ ਦੀਆਂ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਵਿਚ ਡਟਣ ਦਾ ਸੱਦਾ ਦਿੰਦੇ ਕਿਹਾ ਕਿ ਵਰਕਰਾਂ ਦੀ ਮਿਹਨਤ ਨਾਲ ਹੀ ਪਾਰਟੀ ਇੰਨ੍ਹਾਂ ਚੋਣਾਂ ਵਿਚ ਕਲੀਨ ਸਵੀਪ ਕਰੇਗੀ। ਉਨ੍ਹਾਂ ਕਿਹਾ ਕਿ ਉਹ ਨਕੋਦਰ ਦੇ ਨਾਲ-ਨਾਲ ਹਲਕਾ ਸ਼ਾਹਕੋਟ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਆਉਣ ਦੇਣਗੇ।



ਸਮਾਗਮ ਨੂੰ ਸੰਬੋਧਨ ਕਰਦੇ ਪਰਮਿੰਦਰ ਸਿੰਘ ਪਿੰਦਰ ਪੰਡੋਰੀ

ਹਲਕਾ ਸ਼ਾਹਕੋਟ ਦੇ ਹਲਕਾ ਇੰਚਾਰਜ ਪਰਿਮਿੰਦਰ ਸਿੰਘ ਪਿੰਦਰ ਪੰਡੋਰੀ ਨੇ ਕਿਹਾ ਕਿ ਹਲਕਾ ਸ਼ਾਹਕੋਟ ਵਿਚ 170 ਪੰਚਾਇਤਾਂ ਨਿਰੋਲ ਆਪ ਦੀਆਂ ਚੁਣੇ ਜਾਣ ਨੇ ਦਰਸਾ ਦਿਤਾ ਕਿ ਲੋਕ ਭਗਵੰਤ ਮਾਨ ਦੀ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹਨ। ਉਨ੍ਹਾਂ ਪੰਚਾਇਤਾਂ ਨੂੰ ਨਸ਼ਿਆਂ ਦੇ ਸੁਦਾਗਰਾਂ ਖਿਲਾਫ ਮਤੇ ਪਾਉਣ ਅਤੇ ਨਸ਼ੇ ਦੇ ਆਦੀ ਹੋ ਚੁੱਕੇ ਨੌਜਵਾਨਾਂ ਦਾ ਇਲਾਜ ਕਰਵਾਉਣ ਦੀ ਅਪੀਲ ਕੀਤੀ।ਹਲਕਾ ਫਿਲੌਰ ਦੇ ਇੰਚਾਰਜ ਪ੍ਰੇਮ ਕੁਮਾਰ ਨੇ ਕਿਹਾ ਕਿ ਪੰਚਾਇਤਾਂ ਵੱਲੋਂ ਪਿੰਡਾਂ ਦੇ ਵਿਕਾਸ ਕਰਨ ਨਾਲ ਹੀ ਪੰਚਾਇਤੀ ਪ੍ਰਣਾਲੀ ਮਜਬੂਤ ਹੋਵੇਗੀ। ਡੀ.ਐਸ.ਪੀ ਸ਼ਾਹਕੋਟ ਉਕਾਂਰ ਸਿੰਘ ਬਰਾੜ ਨੇ ਅਪਰਾਧਾਂ ਉੱਪਰ ਕਾਬੂ ਪਾਉਣ ਲਈ ਪੰਚਾਇਤਾਂ ਕੋਲੋ ਸਹਿਯੋਗ ਮੰਗਿਆ। ਇਸ ਮੌਕੇ ਮਾਰਕਿਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ,ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ, ਮਨੋਜ ਅਰੋੜਾ ਸ਼ਹਿਰੀ ਪ੍ਰਧਾਨ, ਬੂਟਾ ਸਿੰਘ ਕਲਸੀ ਪ੍ਰਧਾਨ ਅਜ਼ਾਦ ਸਪੋਰਟਸ ਕਲੱਬ, ਮਾਸਟਰ ਜਤਿੰਦਰ ਸਿੰਘ ਬੱਲ੍ਹਾ, ਪਰਵੀਨ ਗਰੋਵਰ ਪ੍ਰਧਾਨ ਅਰੋੜਾ ਮਹਾਂ ਸਭਾ ਸ਼ਾਹਕੋਟ, ਬੂਟਾ ਸਿੰਘ ਕਲਸੀ, ਐਸ.ਡੀ.ਐਮ ਸ਼ਾਹਕੋਟ ਸ਼ੁਭੀ ਆਂਗਰਾ,ਨਕੋਦਰ ਦੇ ਐਸ.ਡੀ.ਐਮ ਲਾਲ ਵਿਸ਼ਵਾਸ਼ ਬੈਂਸ, ਬਲਾਕ ਪ੍ਰਧਾਨ ਸਵਿੰਦਰ ਸਿੰਘ ਸੋਨੂੰ, ਸੁਰਜੀਤ ਸਿੰਘ ਸੰਟੀ ਸੀਚੇਵਾਲ, ਸਰਪੰਚ ਸੁਖਵਿੰਦਰ ਸਿੰਘ ਸਾਬਾ ਬਾਹਮਣੀਆ, ਸਰਪੰਚ ਕੁਲਦੀਪ ਸਿੰਘ ਕੋਹਾੜ, ਜਰਨੈਲ ਸਿੰਘ, ਆਪ ਆਗੂ ਬਲਜਿੰਦਰ ਸਿੰਘ ਖਿੰਡਾ,ਜਸਪਾਲ ਸਿੰਘ ਮਿਗਲਾਨੀ, ਸੁੱਚਾ ਗਿੱਲ, ਪਰਮਵੀਰ ਪੰਮਾ ਅਤੇ ਹਲਕੇ ਦੇ ਸਰਪੰਚ,ਪੰਚ ਅਤੇ ਸਰਕਾਰੀ ਕਰਮਚਾਰੀ ਹਾਜ਼ਰ ਸਨ।

# ਅੱਜ ਜ਼ਿਲ੍ਹਾ ਦਫਤਰ ਤੇ ਭਲਕੇ ਡੀ ਜੀ ਐੱਸ ਈ ਦਫਤਰ ਦਾ ਘਿਰਾਉ ਕਰਕੇ ਚੰਡੀਗੜ੍ਹ ਵੱਲ ਮਾਰਚ ਦਾ ਐਲਾਨ



**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ )** ਸਿੱਖਿਆ ਵਿਭਾਗ ਅਤੇ ਵਿੱਤ ਵਿਭਾਗ ਦੀਆ ਕੋਝੀਆ ਚਾਲਾਂ ਵਿਰੁੱਧ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੀਆ ਮੰਗਾਂ ਮੰਨਣ ਦੇ ਬਾਵਜੂਦ ਲਾਗੂ ਨਾ ਹੋਣ ਤੇ ਮੁਲਾਜ਼ਮਾਂ ਦਾ ਸਰਕਾਰ ਖਿਲਾਫ ਰੋਸ ਸਿਖਰ 'ਤੇ ਪੁੱਜ ਗਿਆ ਹੈ। ਸਿੱਖਿਆ ਵਿਭਾਗ ਅਤੇ ਵਿੱਤ ਵਿਭਾਗ ਵੱਲੋਂ ਦਫਤਰੀ ਕਾਮਿਆਂ ਨੂੰ ਰੈਗੂਲਰ ਤਨਖਾਹ ਅਨਾਮਲੀ ਅਤੇ ਮਿਡ ਡੇ ਮੀਲ ਮੁਲਾਜ਼ਮਾਂ ਦੀ ਤਨਖਾਹ ਵਾਧੇ ਤੇ ਪਿਛਲੇ ਇਕ ਸਾਲ ਤੋਂ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਪਰ ਉਥੇ ਹੀ ਆਪਣੇ ਕੁਝ ਚਹੇਤਿਆ ਨੂੰ ਗੱਫੇ ਦੇਣ ਦੀ ਸੂਚਨਾ ਮਿਲਦੇ ਹੀ ਦਫਤਰੀ ਮੁਲਾਜ਼ਮਾਂ ਦਾ ਰੋਹ ਵੱਧ ਗਿਆ ਅਤੇ ਦਫਤਰੀ ਮੁਲਾਜ਼ਮਾਂ ਵੱਲੋਂ ਕੱਲ 4 ਦਸੰਬਰ ਤੋਂ ਕੰਮ ਬੰਦ ਕਰਕੇ ਜ਼ਿਲ੍ਹਾ ਦਫਤਰ ਧਰਨਾ ਦੇਣ ਦਾ ਐਲਾਨ ਕਰ ਦਿੱਤਾ ਅਤੇ 5 ਦਸਸੰਬਰ ਨੂੰ ਡੀ.ਜੀ.ਐਸ ਈ ਦਫਤਰ ਦਾ ਘਿਰਾਉ ਕਰਨ ਦੇ ਨਾਲ ਨਾਲ ਚੰਡੀਗੜ੍ਹ ਮੁੱਖ ਮੰਤਰੀ ਨਿਵਾਸ ਜਾ ਫਿਰ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਵੱਲ ਮਾਰਚ ਕਰਨ ਦੀ ਚੇਤਾਵਨੀ ਦੇ ਦਿੱਤੀ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ 21 ਅਪ੍ਰੈਲ 2022 ਅਤੇ ਕੈਬਿਨਟ ਸਬ ਕਮੇਟੀ ਵੱਲੋਂ 14 ਮਾਰਚ 2024 ਨੂੰ ਮੰਗਾਂ ਮੰਨਣ ਦੇ ਬਾਵਜੂਦ ਵੀ ਵਿਭਾਗ ਵੱਲੋਂ ਮੰਗਾਂ ਨੂੰ ਅਮਲੀ ਜਾਮ ਨਹੀ ਪਹਿਨਾਇਆ ਗਿਆ। ਫਿਰ 2 ਦਸੰਬਰ ਨੂੰ ਸਕੱਤਰ ਸਕੂਲ ਸਿੱਖਿਆ ਨਾਲ ਮੀਟਿੰਗ ਦਾ ਸਮਾਂ ਤੈਅ ਕਰਵਾਇਆ ਸੀ ਪ੍ਰਤੂ ਸਕੱਤਰ ਸਕੂਲ ਸਿੱਖਿਆ ਵੱਲੋਂ ਮੀਟੰਗ ਕਰਨ ਤੋਂ ਮਨ੍ਹਾਂ ਕਰ ਦਿੱਤਾ ਗਿਆ।ਪ੍ਰੈਸ ਬਿਆਨ ਜ਼ਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਗਗਨਦੀਪ ਸ਼ਰਮਾ, ਰਾਜੀਵ ਸ਼ਰਮਾ, ਗਗਨ ਸਿਆਲ, ਸੁਖਰਾਜ, ਮਨਜੀਤ ਸਿੰਘ ਨੇ ਕਿਹਾ ਕਿ ਸੂਬੇ ਦੀ ਅਫਸਰਸ਼ਾਹੀ ਸਰਕਾਰ ਦੇ ਮੰਤਰੀਆਂ ਨੂੰ ਟਿੱਚ ਜਾਣਦੀ ਹੈ ਅਤੇ 14 ਮਾਰਚ 2024 ਨੂੰ ਕੈਬਿਨਟ ਸਬ ਕਮੇਟੀ ਦੀ ਮੀਟਿੰਗ ਵਿਚ ਮਸਲਾ ਹੱਲ ਹੋਣ ਦੇ ਬਾਵਜੂਦ ਮੁਲਾਜ਼ਮਾਂ ਨੂੰ ਫਾਈਲਾਂ ਦੀਆ ਘੁੰਮਣਘੇਰੀਆਂ ਵਿਚ ਪਾਇਆ ਹੋਇਆ ਹੈ।ਆਗੂਆਂ ਨੇ ਕਿਹਾ ਕਿ ਹੁਣ ਮੁਲਾਜ਼ਮ ਆਪਣੀਆਂ ਮੰਗਾਂ ਮੰਨਵਾ ਕੇ ਹੀ ਮੁੜਨਗੇ ਜੇਕਰ ਸਘੰਰਸ਼ ਦੌਰਾਨ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸਦੀ ਪੂਰੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀ ਹੋਵੇਗੀ।

# ਉੱਚੀ ਘਾਟੀ ਤੋਂ ਸਮੱਗਲਰ ਵਿਜੇ ਮਸੀਹ ਸਾਥੀਆਂ ਸਮੇਤ ਗ੍ਰਿਫ਼ਤਾਰ



**ਫਿਲੌਰ ( ਨਿਰਮਲ )** ਬੀਤੀ ਰਾਤ ਉੱਚੀ ਘਾਟੀ 'ਚ ਮਸ਼ਹੂਰ ਸਮੱਗਲਰ ਵਿਜੇ ਮਸੀਹ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਐਸ ਐਸ ਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਮਸ਼ਹੂਰ ਸਮੱਗਲਰ ਵਿਜੇ ਮਸੀਹ ਬਾਰੇ ਗੁਪਤ ਸੂਚਨਾ ਮਿਲੀ ਸੀ ਉਸ ਨੂੰ ਫੜਨ ਲਈ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਸਨ, ਉਸ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਵਿਜੇ ਮਸੀਹ ਖ਼ਿਲਾਫ਼ ਕਈ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰੀ ਅਤੇ ਅਸਲਾ ਐਕਟ ਤਹਿਤ 25 ਤੋਂ ਵੱਧ ਕੇਸ ਦਰਜ ਹਨ। ਉਹ ਕਈ ਵਾਰ ਜੇਲ੍ਹ ਜਾ ਚੁੱਕਾ ਹੈ, ਪਰ ਲੰਬੇ ਸਮੇਂ ਤੋਂ ਚਕਮਾ ਦੇ ਕੇ ਭੱਜ ਰਿਹਾ ਸੀ।ਸੋਮਵਾਰ ਨੂੰ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਮੁਲਜ਼ਮ ਉੱਚੀ ਘਾਟੀ ਵਾਲੇ ਇਲਾਕੇ ਵਿੱਚ ਲੁਕਿਆ ਹੋਇਆ।ਪੁਲਸ ਨੇ ਦੇਰ ਸ਼ਾਮ ਮੌਕੇ 'ਤੇ ਛਾਪਾ ਮਾਰ ਕੇ ਮੁਲਜ਼ਮ ਨੂੰ ਕਾਬੂ ਕਰ ਲਿਆ।ਵਿਜੇ ਮਸੀਹ ਨਾਲ ਨੇ ਦੱਸਿਆ ਕਿ ਮੈਨੂੰ ਕੁਝ ਮੋਹਤਵਰ ਵਿਅਕਤੀ ਪੁਲਸ ਥਾਣੇ 'ਚ ਪੇਸ਼ ਕਰ ਾਉਣਾ ਚਾਹੁੰਦੇ ਸੀ ਉਸ ਤੋਂ ਪਹਿਲਾਂ ਹੀ ਪੁਲਸ ਪਾਰਟੀ ਆ ਕੇ ਮੈਨੂੰ ਧੱਕੇ ਮਾਰੇ, ਕੁੱਟ ਮਾਰ ਕੀਤੀ, ਮੇਰੀ ਬਾਂਹ ਤੋੜੀ, ਮੇਰੀ ਲੱਤ ਤੋੜੀ, ਮੇਰੇ ਸੀ ਸੀ ਟੀਵੀ ਕੈਮਰੇ ਭੰਨ ਦਿੱਤੇ ਗਏ, ਪ੍ਰਸ਼ਾਸਨ ਨੇ ਮੇਰੇ ਨਾਲ ਕਾਫੀ ਧੱਕਾ ਕੀਤਾ ਹੈ। ਐਸ ਐਚ ਓ ਸੰਜੀਵ ਕਪੂਰ ਨੇ ਦੱਸਿਆ ਕਿ ਇਸ ਨੂੰ ਇਕ ਪੁਰਾਣੇ ਮੁੱਕਦਮੇ ਵਿੱਚ ਅਰੈਸਟ ਕਰਨ ਗਏ ਸੀ ਪਰ ਇਸ ਨੇ ਪੁਲਸ ਦੇ ਉੱਤੇ ਹਮਲਾ ਕੀਤਾ ਜਿਸ ਕਾਰਨ ਕਈ ਮੁਲਾਜ਼ਮ ਜ਼ਖਮੀ ਹੋ ਗਏ ਜਿੰਨ੍ਹਾਂ ਨੂੰ ਫਿਲੌਰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

# ਵਿਦਿਆਰਥੀਆਂ ਲਈ ਕਰਵਾਈ ਇਨ ਹਾਊਸ ਪਿਕਨਿਕ



**ਕਰਤਾਰਪੁਰ (ਹਰਮੇਸ਼ ਦੱਤ)** ਮਹਿੰਦਰਾ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਨਰਸਰੀ ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਲਈ ਇਨ ਹਾਊਸ ਪਿਕਨਿਕ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਨੰਨ੍ਹੇ ਮੁੰਨ੍ਹੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਪਿਕਨਿਕ ਵਿੱਚ ਵੱਖ ਵੱਖ ਪ੍ਰਕਾਰ ਦੇ ਝੂਲੇ,ਕਮਾਂਡੋ ਜਾਲ,ਚੰਡੋਲ,ਪੂਲ ਪਾਰਟੀ,ਡਰੈਗਨ ਮੂਵ ਟਰੰਪੋਲੀਨ,ਡਾਰਟ ਗੇਮ,ਮਿੰਨੀ ਕਿਸ਼ਤੀ,ਕਾਰਟੂਨ ਕਰੈਕਟਰ,ਮੈਰੀ ਗੋ ਰਾਊਂਡ,ਮਿਕੀ ਮਾਊਸ ਜੰਪਰ,ਹਿੰਡੋਲਾ,ਹੋਰਸ ਰਾਈਡਿੰਗ,ਰੇਲ ਸਵਾਰੀ,ਬਰਮਾ ਪੁੱਲ,ਸਲਾਈਡ ਜੰਪਰ ਅਤੇ ਹੋਰ ਖਿਚਵੀਆਂ ਰਾਈਡਾਂ ਦਾ ਪ੍ਰਬੰਧ ਕੀਤਾ ਗਿਆ ਅਤੇ ਵਿਦਿਆਰਥੀਆਂ ਨੇ ਅਧਿਆਪਕਾ ਦੀ ਨਿਗਰਾਨੀ ਹੇਠ ਅਨੰਦ ਮਾਣਿਆ ਤੇ ਮਸਤੀ ਕੀਤੀ। ਇਸ ਮੌਕੇ ਸਕੂਲ ਚੇਅਰਪਰਸਨ ਹਰਮਨ ਸਿੰਘ ਪੱਡਾ ਨੇ ਕਿਹਾ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਰੁਟੀਨ ਦੇ ਤਣਾਅ ਤੋਂ ਤਾਜਗੀ ਪ੍ਰਦਾਨ ਕਰਦੇ ਹਨ। ਵਿਦਿਆਰਥੀਆਂ ਦੀ ਸਮੁੱਚੀ ਸਰੀਰਿਕ ਤੇ ਮਾਨਸਿਕ ਤੰਦਰੁਸਤੀ 'ਤੇ ਸਕਾਰਾਤਮਕ ਪ੍ਰਭਾਵ ਪਾਉਂਦੇ ਹਨ ਅਤੇ ਵਿਦਿਆਰਥੀਆਂ ਦੇ ਅੰਦਰਲੇ ਹੁਨਰ ਨੂੰ ਵੀ ਨਿਖਾਰਦੇ ਹਨ। ਸਕੂਲ ਸਚਾਲਕ ਮੈਡਮ ਮਹਿੰਦਰ ਕੌਰ ਪੱਡਾ ਨੇ ਆਪਣੇ ਸੰਦੇਸ਼ ਰਾਹੀ ਵਿਦਿਆਰਥੀਆਂ ਨੂੰ ਅਜਿਹੀਆਂ ਮਨੋਰੰਜਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪੇਰ੍ਰਿਤ ਕੀਤਾ ਤਾਂ ਜੋ ਉਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਅੰਤ ਵਿੱਚ ਸਕੂਲ ਮੈਨੇਜਮੈਂਟ ਵੱਲੋਂ ਵਿਦਿਆਰਥੀਆ ਨੂੰ ਰਿਫਰੇਸ਼ਮੈਂਟ ਵੰਡੀ ਗਈ। ਇਸ ਮੌਕੇ ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਸਕੂਲ 'ਚ ਮਨਾਇਆ ਰਾਸ਼ਟਰੀ ਕੀੜੇਮਾਰ ਦਿਵਸ



**ਫਗਵਾੜਾ ( ਡਾ. ਰਮਨ )** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਬੰਸਪੁਰ ਵਿਖੇ ਰਾਸ਼ਟਰੀ ਡੀ-ਵਾਰਮਿੰਗ ਦਿਵਸ ਸਕੂਲ ਪ੍ਰਿੰਸੀਪਲ ਮਿਸ ਉਪਾਸਨਾ ਮਦਾਨ ਦੀ ਪ੍ਰਧਾਨਗੀ ਅਤੇ ਕੈਂਪਸ ਮੈਨੇਜਰ ਕੁਲਵੀਰ ਸਿੰਘ ਖਲਿਆਣ ਦੀ ਦੇਖਰੇਖ ਹੇਠ ਮਨਾਇਆ ਗਿਆ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਿਹਤ ਵਿਭਾਗ ਵੱਲੋਂ ਪ੍ਰਾਪਤ ਗਾਈਡਲਾਈਨਜ਼ ਅਨੁਸਾਰ ਸਕੂਲ ਦੇ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਜਮਾਤ ਇੰਚਾਰਜਾਂ ਨੇ ਆਪਣੀ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ, ਮਿਡ-ਡੇ-ਮੀਲ ਸਟਾਫ ਰਾਹੀਂ ਅਲਬੈਂਡਾਜੋਲ ਦੀ ਖੁਰਾਕ ਦਿੱਤੀ ਤਾਂ ਜੋ ਪੇਟ ਵਿਚ ਬਣਨ ਵਾਲੇ ਕੀੜਿਆਂ ਦੀ ਸਫਾਈ ਹੋ ਸਕੇ। ਉਹਨਾਂ ਦੱਸਿਆ ਕਿ ਇਸ ਉਪਰਾਲੇ ਦਾ ਮਕਸਦ ਸਰਕਾਰ ਅਤੇ ਸਿਹਤ ਵਿਭਾਗ ਦੇ ਟੀਚੇ ਨੂੰ ਪੂਰਾ ਕਰਨਾ ਸੀ।

ਇਸ ਮੌਕੇ ਸਕੂਲ ਸਟਾਫ ਪ੍ਰਿਅੰਕਾ ਕੁਮਾਰੀ, ਅਲੀਸ਼ਾ, ਤਾਹਿਰਾ, ਸਤਨਾਮ ਸਿੰਘ, ਗੁਰਪਿੰਦਰ ਕੌਰ, ਅੰਜੂ ਸ਼ਰਮਾ, ਤ੍ਰਿਪਤਾ ਦੇਵੀ, ਪਵਨ ਮਹਿਮੀ, ਪ੍ਰਿੰਸ ਚਾਹਲ, ਗੌਰਵ ਸ਼ਿਵਾਲ ਆਦਿ ਹਾਜਰ ਸਨ।

# ਖ਼ੂਨਦਾਨ ਲਹਿਰ ਨੂੰ ਸਮਰਪਿਤ ਕੌਮੀ ਮਹਿਲਾ ਸ਼ਖ਼ਸੀਅਤ ਨੂੰ ਯਾਦ ਕੀਤਾ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਦੇਸ਼ ਵਿੱਚ ਖ਼ੂਨਦਾਨ ਲਹਿਰ ਦੀਆਂ ਮੋਢੀ ਸ਼ਖ਼ਸੀਅਤਾਂ ਵਿੱਚੋਂ ਇੱਕ ਸ਼ਖ਼ਸੀਅਤ ਡਾ:ਸ੍ਰੀਮਤੀ ਕਾਂਤਾ ਸਰੂਪ ਕ੍ਰਿਸ਼ਨ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ ਹਨ। ਦੇਸ਼ ਵਿੱਚ ਖ਼ੂਨਦਾਨ ਜਾਗਰੂਕਤਾ ਨੂੰ ਸਮਰਪਿਤ ਪ੍ਰਸਿੱਧ ਸ਼ਖ਼ਸੀਅਤ ਦੀ ਇੱਛਾ ਅਨੁਸਾਰ ਚੰਡੀਗੜ੍ਹ ਵੱਸਦੇ ਪਰਵਾਰ ਵਲੋਂ ਉਹਨਾਂ ਦਾ ਸਰੀਰ ਪੀਜੀਆਈ ਨੂੰ ਮੈਡੀਕਲ ਖੋਜ ਲਈ ਸਪੁਰਦ ਕਰ ਦਿੱਤਾ ਗਿਆ।ਇੱਥੇ ਇਹ ਜ਼ਿਕਰ ਕਰਨਾ ਉਚਿੱਤ ਹੋਵੇਗਾ ਕਿ ਸਥਾਨਕ ਬੀਡੀਸੀ ਬਲੱਡ ਸੈਂਟਰ ਦਾ ਨੀਂਹ ਪੱਥਰ ਵੀ ਸ੍ਰੀਮਤੀ ਡਾ: ਕਾਂਤਾ ਸਰੂਪ ਕ੍ਰਿਸ਼ਨ ਨੇ 1991 ਵਿੱਚ ਆਪਣੇ ਕਰ ਕਮਲਾਂ ਨਾਲ਼ ਰੱਖਿਆ ਸੀ।ਅੱਜ ਬਲੱਡ ਸੈਂਟਰ ਵਿਖੇ ਇੱਕ ਸਾਦੇ ਸ਼ੋਕ ਸਮਾਗਮ ਵਿੱਚ ਉਨ੍ਹਾਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਸੁਲਕਸ਼ਨ ਸਰੀਨ, ਗੁਰਿੰਦਰ ਸਿੰਘ ਤੂਰ, ਜੇਐਸ ਗਿੱਦਾ, ਡਾ: ਅਜੇ ਬੱਗਾ ਨੇ ਵਿਛੜੀ ਆਤਮਾ ਦੀ ਖ਼ੂਨਦਾਨ ਲਹਿਰ ਪ੍ਰਤੀ ਦੇਣ ਨੂੰ ਯਾਦ ਕੀਤਾ। ਉਪ੍ਰੰਤ ਡਾ: ਕਾਂਤਾ ਸਰੂਪ ਕ੍ਰਿਸ਼ਨ ਦੀ ਤਸਵੀਰ ਅੱਗੇ ਫੁੱਲਾਂ ਦੀਆਂ ਪੱਖੜੀਆਂ ਭੇਟ ਕਰਕੇ ਮੋਮਬੱਤੀਆਂ ਜਗਾ ਕੇ ਸਤਿਕਾਰ ਭੇਟ ਕੀਤਾ। ਇਸ ਮੌਕੇ ਜੋਗਾ ਸਿੰਘ ਸਾਧੜਾ, ਰਾਜਿੰਦਰ ਕੌਰ ਗਿੱਦਾ, ਪਲਵਿੰਦਰ ਕੌਰ ਬਡਵਾਲ਼,ਮੈਨੇਜਰ ਮਨਮੀਤ ਸਿੰਘ ਤੇ ਸਟਾਫ ਹਾਜ਼ਰ ਸੀ।

# ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਵਿਸ਼ਵ ਏਡਸ ਦਿਵਸ ਮਨਾਇਆ

**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਵਿਸ਼ਵ ਏਡਸ ਦਿਵਸ ਦੇ ਮੌਕੇ 'ਤੇ ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਰੈੱਡ ਰਿਬਨ ਕਲੱਬ ਦੇ ਪ੍ਰੋਗਰਾਮ ਅਫ਼ਸਰ ਗੁਰਪ੍ਰੀਤ ਸਿੰਘ ਦੇ ਸਹਿਯੋਗ ਨਾਲ ਜਾਗਰੂਕਤਾ ਅਭਿਆਨ ਕਰਵਾਇਆ ਗਿਆ। ਰੈੱਡ ਰਿਬਨ ਕਲੱਬ ਅਤੇ ਐੱਨ.ਐਸ.ਐਸ. ਵਿਦਿਆਰਥੀਆਂ ਨੇ ਸਲੋਗਨ ਲੇਖਨ ਅਤੇ ਪੋਸਟਰ ਮੇਕਿੰਗ ਐਕਟਿਵਟੀ ਰਾਹੀਂ ਸਮਾਜ ਨੂੰ ਏਡਸ ਬਾਰੇ ਅਤੇ ਇਸ ਤੋਂ ਬਚਣ ਦਾ ਸੰਦੇਸ਼ ਦਿੱਤਾ। ਰੈੱਡ ਰਿਬਨ ਜੋ ਕਿ ਏਡਸ ਪੀੜਿਤ ਲਈ ਵਿਸ਼ਵ ਪ੍ਰਤੀਕ ਹੈ, ਨੂੰ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਿਤ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਧੁੰਨਾਨੇ ਵੀ ਵਿਦਿਆਰਥੀਆਂ ਨੂੰ ਵਿਸ਼ਵ ਏਡਸ ਦਿਵਸ ਦਾ ਉਦੇਸ਼ ਦੱਸਦਿਆਂ ਕਿਹਾ ਕਿ ਐਚ.ਆਈ.ਵੀ. ਦੇ ਸੰਕ੍ਰਮਣ ਦੇ ਖ਼ਤਰੇ ਅਤੇ ਬਚਾਵ ਬਾਰੇ ਜਾਗਰੂਕ ਰਹਿਣਾ ਅਤਿ ਜਰੂਰੀ ਹੈ। ਸ਼੍ਰੀਮਤੀ ਜਸਵੰਤ ਕੌਰ ਅਫ਼ਸਰ ਇੰਚਾਰਜ ਫਾਰਮੇਸੀ ਵਿਭਾਗ ਨੇ ਵਿਦਿਆਰਥੀਆਂ ਨੂੰ ਏਡਸ ਪ੍ਰਤੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਵੱਖ ਵੱਖ ਵਿਭਾਗੀ ਮੁਖੀ ਅਤੇ ਅਫ਼ਸਰ ਇੰਚਾਰਜ ਵੀ ਹਾਜਰ ਸਨ।

# ਜਿੰਪਾ ਨੇ ਵਾਰਡ ਨੰਬਰ 50 'ਚ ਗਲੀਆਂ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ਼ਹਿਰ ਦੇ ਵਾਰਡ ਨੰਬਰ 50 ਵਿੱਚ ਗਲੀਆਂ ਦੇ ਨਿਰਮਾਣ ਕੰਮ ਦੀ ਸ਼ੁਰੂਆਤ ਕਰਵਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਫ ਢਾਈ ਸਾਲ ਦੇ ਕਾਰਜਕਾਲ ਵਿਚ ਹੁਸ਼ਿਆਰਪੁਰ ਦੇ ਵਿਕਾਸ ਲਈ ਬੇਮਿਸਾਲ ਕੰਮ ਕੀਤਾ ਹੈ ਜੋ ਕਿ ਪਿਛਲੀਆਂ ਸਰਕਾਰਾਂ ਆਪਣੇ ਲੰਬੇ ਸ਼ਾਸਨ ਦੌਰਾਨ ਵੀ ਨਹੀਂ ਕਰ ਪਾਈਆਂ। ਉਨ੍ਹਾਂ ਕਿਹਾ ਕਿ ਸਰਕਾਰ ਬਨਣ ਤੋਂ ਬਾਅਦ ਨਗਰ ਨਿਗਮ ਵੱਲੋਂ ਕਰੀਬ 35 ਕਰੋੜ ਰੁਪਏ ਦੇ ਕੰਮ ਪਾਸ ਕੀਤੇ ਗਏ ਹਨ ਜਿਸ ਨਾਲ ਸ਼ਹਿਰ ਵਿਚ ਟਿਊਬਵੈਲ, ਸੜਕਾਂ ਦੇ ਨਿਰਮਾਣ ਕਾਰਜ ਅਤੇ ਹੋਰ ਬੁਨਿਆਦੀ ਸਹੂਲਤਾਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ।ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਵਾਰਡ ਨੰਬਰ 50 ਵਿਚ ਕਰੀਬ 22 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦਾ ਨਿਰਮਾਣ ਕੰਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕੰਮਾਂ ਦੀ ਗੁਣਵੱਤਾ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੁਸ਼ਿਆਰਪੁਰ ਨਗਰ ਨਿਗਮ ਨੂੰ ਮਜ਼ਬੂਤ ਕਰਨ ਵਿਚ ਕੋਈ ਕਮੀ ਨਹੀਂ ਛੱਡੀ ਹੈ ਅਤੇ ਨਗਰ ਨਿਗਮ ਨੂੰ ਆਧੁਨਿਕ ਮਸ਼ੀਨਰੀ ਅਤੇ ਹੋਰ ਜ਼ਰੂਰੀ ਸਾਜੋ ਸਮਾਨ ਦੇ ਕੇ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਗਰ ਨਿਗਮ ਦਾ ਸਹਿਯੋਗ ਕਰਨ ਅਤੇ ਹੁਸ਼ਿਆਰਪਰ ਨੂੰ ਸਾਫ਼-ਸੁਥਰਾ ਬਣਾਏ ਰੱਖਣ ਵਿਚ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਨਾਲ ਹੀ ਹੁਸ਼ਿਆਰਪੁਰ ਨੂੰ ਇਕ ਆਦਰਸ਼ ਸ਼ਹਿਰ ਵਜੋਂ ਵਿਕਸਿਤ ਕੀਤਾ ਜਾ ਸਕਦਾ ਹੈ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤਾ ਚੌਧਰੀ, ਕੌਂਸਲਰ ਗੁਰਮੀਤ ਰਾਮ, ਦਿਲਾਵਰ, ਰਾਜਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਮੇਹਰਚੰਦ ਪੋਲੀਟੈਕਨਿਕ ਨੂੰ ਮਿਲਿਆ ਪੰਜਾਬ ਦੇ ਸਰਵੋਤਮ ਪੋਲੀਟੈਕਨਿਕ ਦਾ ਖਿਤਾਬ




**ਜਲੰਧਰ ( ਸ਼ੈਲੀ ਐਲਬਰਟ )** ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੂੰ ਕੁਰੂਕਸ਼ੇਤਰ (ਹਰਿਆਣਾ) ਵਿਖੇ ਹੋਈ ਨੈਸ਼ਨਲ ਐਜੂਕੇਸ਼ਨ ਸਮਿਟ-3 ਵਿੱਚ ਪੰਜਾਬ ਰਾਜ ਦੇ ਮੌਜੂਦਾ ਸਾਲ 2024 ਵਿੱਚ ਬੈਸਟ ਕਾਲਜ ਆਫ਼ ਪੰਜਾਬ ਸਟੇਟ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਹ ਪ੍ਰੋਗਰਾਮ ਹਰਿਆਣਾ - ਦਿੱਲੀ ਦੇ ਸੁਤੰਤਰ ਅਤੇ ਪ੍ਰਸਿਧ ਐਨਜੀਓ ਗਰੁਪ ਭਗਵਤੀ ਵੈਲਫੇਅਰ ਸੋਸਾਇਟੀ ਵੱਲੋਂ ਰਾਸ਼ਟਰੀ ਗਰਿਮਾ ਐਵਾਰਡਜ਼ ਦੇ ਨਾਂ ਹੇਠਾਂ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਦੇਸ਼ ਭਰ ਦੇ 100 ਚੁਣੇ ਹੋਏ ਕਾਲਜਾਂ ਦੇ ਡਾਇਰੈਕਟਰਜ਼ ਅਤੇ ਪ੍ਰਿੰਸੀਪਲ ਨੂੰ ਸਨਮਾਨਿਤ ਕੀਤਾ ਗਿਆ।ਮੇਹਰਚੰਦ ਪੋਲੀਟੈਕਨਿਕ ਦੀ ਚੋਣ ਉਸ ਦੀਆਂ ਅਕੈਡਮਿਕ, ਸੱਭਿਆਚਾਰਕ, ਰਿਸਰਚ ਅਤੇ ਖੇਡਾਂ ਵਿੱਚ ਪ੍ਰਾਪਤੀਆਂ ਕਰਕੇ ਕੀਤਾ ਗਿਆ।ਸਮੁੱਚੇ ਪੰਜਾਬ ਵਿੱਚੋਂ ਬੇਹਤਰੀਨ ਕਾਲਜਚੁਣੇ ਜਾਣ ਲਈ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਮੈਨੇਜਮੈਂਟ ਕਮੇਟੀ ਦੇ ਉਪ ਪ੍ਰਧਾਨ ਜਸਟਿਸ ਐਨ.ਕੇ ਸੂਦ ਅਤੇ ਸੈਕਟਰ ਅਰਵਿੰਦ ਘਈ ਸ੍ਰੀ ਅਜੇ ਗੋਸਵਾਮੀ ਤੇ ਮੈਂਬਰ ਕੁੰਦਨ ਲਾਲ 2 ਅਗਰਵਾਲ ਨੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੂੰ ਵਧਾਈ ਦਿੱਤੀ।ਇਸ ਤੋਂ ਪਹਿਲਾਂ ਵੀ ਨਿੱਟਰ ਚੰਡੀਗੜ੍ਹ ਵੱਲੋਂ ਮੇਹਰਚੰਦ ਪੋਲੀਟੈਕਨਿਕ ਨੂੰ ਪੰਜ ਵਾਰ ਭਾਰਤ ਦੇ ਸਰਵਉਤਮ ਪੋਲੀਟੈਕਨਿਕ ਵਜੋਂ ਸਨਮਾਨਿਤ ਕੀਤਾ ਗਿਆ ਹੈ।ਕਾਲਜ ਨੂੰ ਐਨਬੀਏ ਵੱਲੋਂ ਵੀ ਇਲੈਕਟ੍ਰੀਕਲ ਪ੍ਰੋਗਰਾਮ ਲਈ ਐਕਰੀਡੀਟੇਸ਼ਨ ਮਿਲ ਚੁੱਕੀ ਹੈ ਤੇ 29 ਅਕਤੂਬਰ 2024 ਨੂੰ ਕਾਲਜ ਵਲੋਂ 70 ਸਾਲ ਪੂਰੇ ਹੋਣ 'ਤੇ ਸਫਲਤਾ ਨਾਲ ਪਲੈਟੀਨਮ ਜੁਬਲੀ ਮਨਾਈ ਗਈ। ਇਸ ਮੌਕੇ ਡਾ. ਸੰਜੇ ਬਾਂਸਲ, ਡਾ. ਰਾਜੀਵ ਭਾਟੀਆ, ਕਸ਼ਮੀਰ ਕੁਮਾਰ, ਮੈਡਮ ਮੰਜੂ, ਮੈਡਮ ਰੀਚਾ ਅਰੋੜਾ, ਸ. ਤਰਲੋਕ ਸਿੰਘ, ਸੁਧਾਂਸ਼ ਨਾਗਪਾਲ ਅਤੇ ਪ੍ਰਦੀਪ ਕੁਮਾਰ ਹਾਜ਼ਰ ਸਨ ।

# ਪੁਲਸ ਨੇ ਦੋ ਸਨੈਚਰ ਕੀਤੇ ਕਾਬੂ



**ਜਲੰਧਰ ( ਸ਼ੈਲੀ ਐਲਬਰਟ)** ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਸ਼ਹਿਰ ਵਿੱਚ ਸਨੈਚਿੰਗ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਜੋਤੀ ਮੁਹੰਮਦ ਸਮਾਇਲ ਪੁੱਤਰ ਮੁਹੰਮਦ ਸ਼ਾਦ ਵਾਸੀ ਕੁਆਟਰ ਕਾਲੋਨੀ, ਬਸਤੀ ਪੀਰਜ਼ਾਦ ਜਲੰਧਰ ਨੇ ਸ਼ਿਕਾਇਤ ਦਿੱਤੀ ਸੀ ਕਿ 25 ਨਵੰਬਰ ਨੂੰ ਦੁਪਹਿਰ 2 ਵਜੇ ਦੇ ਕਰੀਬ ਦੋ ਅਣਪਛਾਤੇ ਵਿਅਕਤੀਆਂ ਨੇ ਜਲੰਧਰ ਵਿੱਚ ਚਮੜਾ ਕੰਪਲੈਕਸ ਦੇ ਨੇੜੇ ਉਸ ਦਾ ਮੋਬਾਈਲ ਫ਼ੋਨ ਖੋਹ ਲਿਆ।ਉਨ੍ਹਾਂ ਦੱਸਿਆ ਕਿ 29 ਨਵੰਬਰ ਨੂੰ ਥਾਣਾ ਬਸਤੀ ਬਾਵਾ ਖੇਲ, ਜਲੰਧਰ ਵਿਖੇ ਐਫਆਈਆਰ ਦਰਜ ਕੀਤੀ ਗਈ ਸੀ।ਸਵਪਨ ਸ਼ਰਮਾ ਨੇ ਦੱਸਿਆ ਕਿ ਵਿਗਿਆਨਕ ਅਤੇ ਮਨੁੱਖੀ ਸੂਝ-ਬੂਝ ਦੇ ਆਧਾਰ 'ਤੇ ਕੀਤੀ ਗਈ। ਤਫ਼ਤੀਸ਼ ਦੌਰਾਨ ਦੋ ਮੁਲਜ਼ਮਾਂ ਦੀ ਪਛਾਣ ਸੌਰਵ ਪੁੱਤਰ ਬਿੱਟੂ ਵਾਸੀ ਡਬਲਯੂਜੇ-165, ਲਾਹੌਰੀਆ, ਮੁਹੱਲਾ ਬਸਤੀ ਗੁੱਜਾ, ਜਲੰਧਰ ਅਤੇ ਪੂਰੀ ਪੁੱਤਰੀ ਵਿਰਾਸਤੀ ਵਾਸੀ ਭਈਆ ਮੰਡੀ ਚੌਕ, ਬਸਤੀ ਬਾਵਾ ਖੇਲ, ਜਲੰਧਰ ਵਜੋਂ ਹੋਈ ।

# ਚੋਣਾਂ ਲਈ ਹੁਣ ਤੋਂ ਹੀ ਕਮਰ ਕੱਸ ਲੈਣ ਵਲੰਟੀਅਰ : ਬੀਬੀ ਮਾਨ

**ਲੋਹੀਆਂ ਖਾਸ, (ਯੋਗੇਸ਼ਵਰ)**-ਹਲਕਾ ਸ਼ਾਹਕੋਟ ਦੀਆਂ ਨਵੀਆਂ ਬਣੀਆਂ ਪੰਚਾਇਤਾਂ ਨਾਲ 'ਮਿਲਣੀ ਸਮਾਰੋਹ' ਮਲਸੀਆਂ ਰੋਡ ਸਥਿਤ ਰਿਜ਼ੋਰਟਸ ਵਿਖੇ ਆਮ ਆਦਮੀ ਪਾਰਟੀ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਦੀ ਅਗਵਾਈ ਹੇਠ ਕਰਵਾਇਆ ਗਿਆ।ਸਮਾਰੋਹ 'ਚ ਪਿੰਡਾਂ ਦੇ ਪੰਚਾਂ-ਸਰਪੰਚਾਂ ਤੋਂ ਇਲਾਵਾ ਇਲਾਕੇ ਦੇ 'ਆਪ' ਵਰਕਰ ਵੱਡੀ ਗਿਣਤੀ 'ਚ ਸ਼ਾਮਲ ਹੋਏ।ਇਸ ਮੌਕੇ ਬੀਬੀ ਇੰਦਰਜੀਤ ਕੌਰ ਮਾਨ ਵਿਧਾਇਕਾ ਨਕੋਦਰ, ਸਟੀਫਨ ਕਲੇਰ ਜ਼ਿਲ੍ਹਾ ਪ੍ਰਧਾਨ 'ਆਪ', ਮੰਗਲ ਸਿੰਘ ਬਾਸੀ ਚੇਅਰਮੈਨ ਪੰਜਾਬ ਐਗਰੋ, ਚੰਦਨ ਗਰੇਵਾਲ ਚੇਅਰਮੈਨ ਸਫ਼ਾਈ ਕਰਮਚਾਰੀ ਕਮਿਸ਼ਨ, ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ, ਅਸ਼ਵਨੀ ਅਗਰਵਾਲ ਲੋਕ ਸਭਾ ਇੰਚਾਰਜ ਅਤੇ ਬੈਕਫਿੰਕੋ ਦੇ ਵਾਈਸ ਚੇਅਰਮੈਨ ਹਰਜਿੰਦਰ ਸਿੰਘ ਸੀਚੇਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਚ ਐੱਸਡੀਐੱਮ ਸ਼ਾਹਕੋਟ ਸ਼ੁਭੀ ਆਂਗਰਾ, ਐੱਸਡੀਐੱਮ ਨਕੋਦਰ ਲਾਲ ਵਿਸ਼ਵਾਸ ਬੈਂਸ, ਡੀਐੱਸਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਅਤੇ ਬੀਡੀਪੀਓ ਮਿੱਤਰ ਮਾਨ ਸਿੰਘ ਮੌਜੂਦ ਸਨ। ਬੀਬੀ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਦੇ ਖੇਤਰਫ਼ਲ 'ਚ ਸ਼ਾਹਕੋਟ ਹਲਕਾ ਜ਼ਿਲ੍ਹੇ ਦਾ ਸਭ ਤੋਂ ਵੱਡਾ ਹਲਕਾ ਹੈ, ਜਿਸ ਦੀਆਂ 250 ਗ੍ਰਾਮ ਪੰਚਾਇਤਾਂ ਹਨ ਅਤੇ ਵੱਡੀ ਗਿਣਤੀ ਪੰਚਾਇਤਾਂ ਆਮ ਆਦਮੀ ਪਾਰਟੀ ਦੀਆਂ ਬਣਨਾ ਹਲਕਾ ਇੰਚਾਰਜ ਪਿੰਦਰ ਪੰਡੋਰੀ ਦੀ ਕਾਮਯਾਬੀ ਹੈ। ਸ਼ਾਹਕੋਟ ਹਲਕੇ ਦੇ ਪ੍ਰਸ਼ਾਸਨ ਨਾਲ ਹਰ ਮਹੀਨੇ ਜ਼ਰੂਰ ਇਕ ਮੀਟਿੰਗ ਕਰਨਗੇ ਤਾਂ ਜੋ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਸ਼ਾਹਕੋਟ ਦੀਆਂ ਚੋਣਾਂ ਦਾ ਬਿਗੁਲ ਵੱਜਣ ਵਾਲਾ ਹੈ, ਜਿਸ ਲਈ 'ਆਪ' ਦੇ ਵਲੰਟੀਅਰ ਹੁਣ ਤੋਂ ਹੀ ਕਮਰ ਕੱਸ ਲੈਣ। ਉਨ੍ਹਾਂ ਮੀਟਿੰਗ ਵਿਚ ਮੌਜੂਦ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਰਕਾਰੀ ਦਫ਼ਤਰਾਂ 'ਚ ਨਵੇਂ ਬਣੇ ਪੰਚਾਂ-ਸਰਪੰਚਾਂ ਦਾ ਮਾਣ-ਸਨਮਾਨ ਹੋਣਾ ਚਾਹੀਦਾ ਹੈ। ਇਸ ਮੌਕੇ ਹਲਕਾ ਇੰਚਾਰਜ ਪਿੰਦਰ ਪੰਡੋਰੀ ਨੇ ਨਵੀਆਂ ਬਣੀਆਂ ਪੰਚਾਇਤਾਂ ਨੂੰ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਪੰਚਾਇਤਾਂ ਸਭ ਤੋਂ ਪਹਿਲਾਂ ਪਿੰਡਾਂ 'ਚ ਨਸ਼ਿਆਂ ਖ਼ਿਲਾਫ਼ ਮਤੇ ਪਾਉਣ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਧਾਨ ਸਟੀਫ਼ਨ ਕਲੇਰ, ਪ੍ਰੇਮ ਕੁਮਾਰ ਫਿਲੌਰ ਤੇ ਹਰਜਿੰਦਰ ਸਿੰਘ ਸੀਚੇਵਾਲ ਨੇ ਕਿਹਾ ਪਿੰਡ ਦੇ ਮਸਲੇ ਥਾਣਿਆਂ 'ਚ ਲਿਆਉਣ ਦੀ ਬਜਾਏ ਪਿੰਡਾਂ 'ਚ ਹੀ ਸੁਲਝਾਏ ਜਾਣ। ਇਸ ਮੌਕੇ ਬਲਕਾਰ ਸਿੰਘ ਚੱਠਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ, ਬਲਵੀਰ ਸਿੰਘ ਢੰਡੋਵਾਲ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਅਰੋੜਾ ਮਹਾ ਸਭਾ ਦੇ ਪ੍ਰਧਾਨ ਪ੍ਰਵੀਨ ਗਰੋਵਰ, ਬੂਟਾ ਸਿੰਘ ਕਲਸੀ ਸੀਨੀਅਰ 'ਆਪ' ਆਗੂ, ਸੁਰਜੀਤ ਸਿੰਘ ਸ਼ੰਟੀ ਸੀਚੇਵਾਲ, ਕੁਲਦੀਪ ਸਿੰਘ ਦੀਦ ਜ਼ਿਲ੍ਹਾ ਪ੍ਰਧਾਨ ਵਪਾਰ ਮੰਡਲ, ਪਰਮਵੀਰ ਸਿੰਘ ਪੰਮਾ ਪ੍ਰਧਾਨ, ਡਾ. ਰਮੇਸ਼ ਹੰਸ ਕੋਆਰਡੀਨੇਟਰ, ਅਮਨਦੀਪ ਸਹੋਤਾ ਸਰਪੰਚ ਮਾਣਕਪੁਰ, ਜਸਪਾਲ ਸਿੰਘ ਮਿਗਲਾਨੀ, ਮਨੋਜ ਅਰੋੜਾ, ਸੁੱਚਾ ਗਿੱਲ ਬਲਾਕ ਪ੍ਰਧਾਨ, ਰੂਪ ਲਾਲ ਸ਼ਰਮਾ, ਮਨਦੀਪ ਸਿੰਘ ਝੀਤਾ, ਜਤਿੰਦਰਪਾਲ ਸਿੰਘ ਬੱਲਾ, ਮੰਗਾ ਮੱਟੂ, ਮੱਖਣ ਯੂਕੇ, ਸਵਿੰਦਰ ਸਿੰਘ ਸੋਨੂੰ ਬਲਾਕ ਪ੍ਰਧਾਨ, ਬਲਜਿੰਦਰ ਸਿੰਘ ਖਿੰਡਾ, ਜਸਵੀਰ ਸਿੰਘ ਜਲਾਲਪੁਰੀ, ਜੋਗਾ ਸਿੰਘ ਸਰਪੰਚ ਚੱਕ ਚੇਲਾ, ਰਾਖੀ ਮੱਟੂ, ਮਹਿਲਾ ਮੰਡਲ ਪ੍ਰਧਾਨ ਨਵਜੋਤ ਕੌਰ ਸਹੋਤਾ ਆਦਿ ਹਾਜ਼ਰ ਸਨ।




# ਕਬੱਡੀ ਤੇ ਐਥਲੈਟਿਕ ਮੁਕਾਬਲੇ ਦੇ ਮਹਾਂਕੁੰਭ ਦਾ ਕੈਲੰਡਰ ਜਾਰੀ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**—ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਰਾਹੋਂ ਦੇ ਦੁਸ਼ਹਿਰਾ ਸਟੇਡੀਅਮ ਦੇ ਮੈਦਾਨ ਵਿੱਚ ਕਰਵਾਏ ਜਾ ਰਹੇ ਹਨ ਕਬੱਡੀ ਅਤੇ ਐਥਲੈਟਿਕ ਮੁਕਾਬਲੇ ਦੇ ਮਹਾਕੁੰਭ ਦਾ ਕੈਲੰਡਰ ਜਾਰੀ ਕਰਦੇ ਹੋਏ ਕਲੱਬ ਦੇ ਚੇਅਰਮੈਨ ਸੁਖਦੇਵ ਸਿੰਘ ਮਾਨ, ਕਰਨੈਲ ਸਿੰਘ ਪਾਬਲਾ, ਮਾ. ਕਰਨੈਲ ਸਿੰਘ ਨੇ ਦੱਸਿਆ ਕਿ ਇਹ ਕਬੱਡੀ ਦਾ ਮਹਾਂ ਕੁੰਭ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੋਵੇਗਾ। 11 ,12 ਦਸੰਬਰ ਨੂੰ ਕਬੱਡੀ ਕਲੱਬ ਓਪਨ ਹੋਵੇਗੀ ਤੇ ਪਹਿਲਾ ਇਨਾਮ 61000 ਦੂਜਾ ਇਨਾਮ 51000 ਬਾਕੀ ਕਰਮਵਾਰ ਇਨਾਮ 21000/15000 ਕਬੱਡੀ 65kg Ast 11000,2nd 8000 38 kg Ast7000,2nd 5000 ਲੜਕੀਆਂ ਦਾ ਸ਼ੋਅ ਮੈਚ 7000, 5000ਇਨਾਮ ਹੋਵੇਗਾ।ਇਸ ਤੋਂ ਇਲਾਵਾ ਅਥਲੈਟਿਕ ਵਿੱਚ ਦੌੜਾਂ ਸ਼ਾਰਟ ਪੁੱਟ, ਸਕੂਲੀ ਬੱਚਿਆਂ ਦੇ ਓਪਨ ਮੁਕਾਬਲੇ ਹੋਣਗੇ। 60 ਸਾਲ ਤੋਂ ਉੱਪਰ ਦੇ ਬਜ਼ੁਰਗਾਂ ਵੱਲੋਂ ਅਫਗਾਨੀ ਕੁੱਕੜ ਫੜਨ ਦਾ ਰੋਚਕ ਮੁਕਾਬਲਾ ਦੇਖਣ ਨੂੰ ਮਿਲੇਗਾ। ਇਸ ਮੌਕੇ ਕਲੱਬ ਦੇ ਸਕੱਤਰ ਟੂਰਨਾਮੈਂਟ ਕਮੇਟੀ ਪ੍ਰਧਾਨ ਨਰਿੰਦਰ ਸਿੰਘ ਚਾਹਲ, ਰਿਟਾ. ਬੈਂਕ ਮੈਨੇਜਰ ਕਸ਼ਮੀਰ ਸਿੰਘ ,ਐਡਵੋਕੇਟ ਜਤਿੰਦਰ ਸਿੰਘ ਕਬੱਡੀ ਕੋਚ ,ਕਸ਼ਮੀਰ ਸਿੰਘ ਪੱਪੂ ,ਬਲਜੀਤ ਸਿੰਘ ਤਤਲਾ ,ਸੁਖਦੇਵ ਸਿੰਘ ਸੁੱਖਾ, ਮੀਨੂੰ ਰਾਣੀ, ਹਰਦੀਪ ਸਿੰਘ ਹੈਪੀ ਹਰਸ਼ਦੀਪ ਸਿੰਘ ,ਬਲਵਿੰਦਰ ਸਿੰਘ, ਸੁਖਵਿੰਦਰ ਸੁੱਖੀ, ਲਵਦੀਪ ਸਿੰਘ ਲੱਭਾ ਸਾਰੇ ਕਬੱਡੀ ਕੋਚਾਂ ਤੋਂ ਇਲਾਵਾ ਕਬੱਡੀ ਖਿਡਾਰੀ ਅਤੇ ਖਿਡਾਰਨਾਂ ਹਾਜ਼ਰ ਸਨ।

# ਪ੍ਰਭ ਆਸਰਾ ਦੁਆਰਾ ਲਗਾਏ ਪੰਘੂੜੇ 'ਚ ਕੋਈ ਅੱਧੀ ਰਾਤ ਛੱਡ ਗਿਆ ਬੱਚੀ



**ਕੁਰਾਲ਼ੀ ( ਮੋਹਨ ਅੱਗਰਵਾਲ ):** ਆਪਣੀਆਂ ਮਾਨਵਤਾਵਾਦੀ ਸੇਵਾਵਾਂ ਲਈ ਜਾਣੀ ਪਛਾਣੀ ਸੰਸਥਾ ਪ੍ਰਭ ਆਸਰਾ ਪਡਿਆਲਾ ਦੀਆਂ ਕਾਰਜਵਿਧੀਆਂ ਵਿੱਚੋਂ ਪੰਘੂੜੇ ਦੀ ਸੇਵਾ ਵੀ ਅਹਿਮ ਸਥਾਨ ਰੱਖਦੀ ਹੈ। ਸੰਸਥਾ ਨੇ ਮੁੱਖ ਗੇਟ ਦੇ ਬਾਹਰ ਪੰਘੂੜਾ ਲਾਇਆ ਹੋਇਆ ਹੈ। ਜਿਸ ਉੱਤੇ ਲਿਖਿਆ ਹੈ 'ਭਰੂਣ ਹੱਤਿਆ ਨਹੀਂ ਪੰਘੂੜਾ'। ਇਸ ਮੁੱਖ ਗੇਟ 'ਤੇ 24 ਘੰਟੇ ਮੁਲਾਜ਼ਮ ਤਾਇਨਾਤ ਰਹਿੰਦੇ ਹਨ। ਇਸੇ ਪੰਘੂੜੇ ਵਿੱਚ ਇਕ ਦਸੰਬਰ ਦੀ ਰਾਤ ਨੂੰ ਕੋਈ ਅਣਜਾਣ ਵਿਅਕਤੀ ਲੱਗਭਗ ਇੱਕ ਬੱਚੀ ਨੂੰ ਛੱਡ ਕੇ ਚਲਾ ਗਿਆ।ਸੰਸਥਾ ਮੁਖੀ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸਕਿਉਰਿਟੀ ਗਾਰਡ ਨੇ ਰਾਤ 11:24 ਕੁ ਵਜੇ ਬੱਚੇ ਦੇ ਰੋਣ ਦੀ ਅਵਾਜ ਸੁਣੀ ਤਾਂ ਉਸ ਨੇ ਪੰਘੂੜੇ ਵਿੱਚ ਬੱਚੀ ਵੇਖੀ। ਜਿਸਦੀ ਸੂਚਨਾ ਉਸ ਨੇ ਤੁਰੰਤ ਸੇਵਾਦਾਰਾਂ ਨੂੰ ਦਿੱਤੀ। ਜਿਸ ਤੋਂ ਬਾਅਦ ਉਨ੍ਹਾਂ ਨੇ ਫੌਰੀ ਤੌਰ 'ਤੇ ਬੱਚੀ ਦੀ ਸੁਰੱਖਿਆ ਬਾਬਤ ਇੰਤਜਾਮ ਕਰਕੇ ਉਸਨੂੰ ਸੰਭਾਲਿਆ। ਬੱਚੀ ਦੇ ਡਾਈਪਰ ਤੱਕ ਨਹੀਂ ਸੀ ਲੱਗਿਆ ਹੋਇਆ। ਜਿਸ ਕਾਰਨ ਉਸਦੇ ਕੰਬਲ਼ ਸਮੇਤ ਸਾਰੇ ਕੱਪੜੇ ਗਿੱਲੇ ਸਨ। ਛਾਤੀ ਵਿੱਚ ਬਲਗਮ ਜੰਮਣ ਕਾਰਨ ਆਵਾਜ਼ਾਂ ਆ ਰਹੀਆਂ ਸਨ ਅਤੇ ਉਸ ਤੋਂ ਦੁੱਧ ਵੀ ਨਹੀਂ ਪੀ ਹੋ ਰਿਹਾ ਸੀ।ਅੱਧੀ ਰਾਤ ਹੀ ਚਿਲਡਰਨ ਵੈੱਲਫੇਅਰ ਕਮੇਟੀ ਦੇ ਚੇਅਰਮੈਨ ਕੇ.ਐੱਸ. ਗੁਰੂ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨਵਪ੍ਰੀਤ ਕੌਰ ਤੇ ਯਾਦਵਿੰਦਰ ਕੌਰ ਨੇ ਕੁਰਾਲੀ ਪੁਲਸ ਸਟੇਸ਼ਨ ਵਿਖੇ ਸੂਚਨਾ ਦਿੱਤੀ ਗਈ। ਬੱਚੀ ਦੀ ਗੰਭੀਰ ਹਾਲਤ ਨੂੰ ਮੁੱਖ ਰੱਖਦਿਆਂ ਉਸ ਨੂੰ ਤੁਰੰਤ ਸਿਵਲ ਹਸਪਤਾਲ, ਫੇਜ਼-6, ਐਸ.ਏ.ਐਸ. ਨਗਰ (ਮੋਹਾਲ਼ੀ) ਵਿਖੇ ਮੈਡੀਕਲ ਚੈੱਕਅਪ ਲਈ ਭੇਜਿਆ ਗਿਆ। ਜਿੱਥੇ ਬੱਚੀ ਹੁਣ ਦਾਖ਼ਲ ਹੈ ਤੇ ਉਸ ਦੇ ਆਕਸੀਜਨ ਲੱਗੀ ਹੋਈ ਹੈ।

# ਰੋਟਰੀ ਕਲੱਬ ਵੱਲੋਂ ਜਨ-ਸੰਪਰਕ ਮੁਹਿੰਮ ਸ਼ੁਰੂ ਕੀਤੀ ਜਾਵੇ : ਡਾ: ਗਰੋਵਰ



**ਫਗਵਾੜਾ (ਡਾ. ਰਮਨ)** ਸਮਾਜਿਕ ਸੰਸਥਾ ਰੋਟਰੀ ਕਲੱਬ ਫਗਵਾੜਾ ਜੇਮਸ ਵੱਲੋਂ ਸਥਾਨਕ ਰੈਸਟੋਰੈਂਟ ਵਿਖੇ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਕਲੱਬ ਦੇ ਪ੍ਰਧਾਨ ਰੋਟੇਰੀਅਨ ਪਵਨ ਕੁਮਾਰ ਕਾਲੜਾ ਦੀ ਅਗਵਾਈ ਅਤੇ ਪ੍ਰੋਜੈਕਟ ਡਾਇਰੈਕਟਰ ਰੋਟੇਰੀਅਨ ਸਤੀਸ਼ ਜੈਨ ਦੀ ਦੇਖ-ਰੇਖ ਹੇਠ ਕਰਵਾਏ ਗਏ ਸਮਾਗਮ ਵਿੱਚ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3070 ਦੇ ਗਵਰਨਰ ਰੋਟੇਰੀਅਨ ਡਾ. ਪੀ ਐਸ ਗਰੋਵਰ ਨੇ ਕਲੱਬ ਦਾ ਅਧਿਕਾਰਤ ਦੌਰਾ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਰੋਟਰੀ ਕਲੱਬ ਫਗਵਾੜਾ ਜੇਮਸ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਲੱਬ ਨੂੰ ਸਮਾਜ ਸੇਵਾ ਦੇ ਕੰਮਾਂ ਦੇ ਨਾਲ-ਨਾਲ ਵੱਧ ਤੋਂ ਵੱਧ ਲੋਕ ਸੰਪਰਕ ਮੁਹਿੰਮ ਚਲਾਉਣੀ ਚਾਹੀਦੀ ਹੈ, ਤਾਂ ਜੋ ਰੋਟਰੀ ਕਲੱਬ ਦੇ ਮਕਸਦ ਬਾਰੇ ਆਮ ਨਾਗਰਿਕਾਂ ਨੂੰ ਜਾਣਕਾਰੀ ਦੇ ਕੇ ਵੱਧ ਤੋਂ ਵੱਧ ਲੋਕਾਂ ਨੂੰ ਕਲੱਬ ਨਾਲ ਜੋੜਿਆ ਜਾ ਸਕੇ। ਉਨ੍ਹਾਂ ਰੋਟਰੀ ਇੰਟਰਨੈਸ਼ਨਲ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਦੱਸਿਆ। ਡਾ: ਗਰੋਵਰ ਨੇ ਕਲੱਬ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਲਈ ਕਲੱਬ ਦੇ ਪ੍ਰਧਾਨ ਪਵਨ ਕੁਮਾਰ ਕਾਲੜਾ ਅਤੇ ਕਲੱਬ ਸਕੱਤਰ ਰਾਕੇਸ਼ ਸੂਦ ਨੂੰ ਰੋਟਰੀ ਕੈਪ ਅਤੇ ਰੋਟਰੀ ਟੀ-ਸ਼ਰਟ ਦੇ ਕੇ ਸਨਮਾਨਿਤ ਕੀਤਾ। ਸਮਾਗਮ ਨੂੰ ਸਾਬਕਾ ਰੋਟਰੀ ਗਵਰਨਰ ਐਸ.ਪੀ.ਸੇਠੀ ਨੇ ਵੀ ਸੰਬੋਧਿਤ ਕੀਤਾ। ਇਸ ਤੋਂ ਪਹਿਲਾਂ ਸਮਾਗਮ ਦੀ ਸ਼ੁਰੂਆਤ ਰਾਸ਼ਟਰ ਗਾਨ ਨਾਲ ਕੀਤੀ ਗਈ। ਕਲੱਬ ਦੇ ਪ੍ਰਧਾਨ ਪਵਨ ਕੁਮਾਰ ਕਾਲੜਾ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ। ਕਲੱਬ ਦੇ ਸਕੱਤਰ ਰਾਕੇਸ਼ ਸੂਦ ਨੇ ਕਲੱਬ ਵੱਲੋਂ ਕੀਤੇ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ ਰਿਪੋਰਟ ਪੇਸ਼ ਕੀਤੀ। ਸਮਾਗਮ ਦਾ ਮੰਚ ਸੰਚਾਲਨ ਸੀਨੀਅਰ ਰੋਟੇਰੀਅਨ ਆਈ.ਪੀ. ਖੁਰਾਣਾ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਕੀਤਾ। ਅਖੀਰ ਵਿੱਚ ਪ੍ਰੋਜੈਕਟ ਡਾਇਰੈਕਟਰ ਸਤੀਸ਼ ਜੈਨ ਨੇ ਸਮੂਹ ਪਤਵੰਤਿਆਂ ਦਾ ਪਹੁੰਚ ਲਈ ਧੰਨਵਾਦ ਕੀਤਾ। ਇਸ ਮੌਕੇ ਜ਼ੋਨਲ ਚੇਅਰਮੈਨ ਰਵਿੰਦਰ ਚੋਟ, ਸਹਾਇਕ ਗਵਰਨਰ ਵਿਮਲ ਜੈਨ, ਮਹਿੰਦਰ ਸੇਠੀ, ਵਿਜੇ ਸੋਂਧੀ, ਅਸ਼ੋਕ ਗੁਪਤਾ, ਵਿਨੋਦ ਜਲੋਟਾ, ਡਾ.ਜੀ.ਪੀ.ਸਿੰਘ, ਡਾ: ਤੁਸ਼ਾਰ ਅਗਰਵਾਲ, ਰਾਹੁਲ ਅਗਰਵਾਲ, ਰਾਕੇਸ਼ ਚਾਵਲਾ, ਚੰਦਰਮੋਹਨ ਸ਼ਰਮਾ, ਨਿਖਿਲ ਵਧਵਾ, ਕਾਰਤਿਕ ਸੈਣੀ, ਦੀਪਕ ਬੱਗਾ, ਰਜਤ ਮਿੱਤਲ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ 'ਚ ਕਬੱਡੀ ਟੂਰਨਾਮੈਂਟ 22-23 ਫਰਵਰੀ ਨੂੰ



**ਬੰਗਾ (ਅਵਤਾਰ ਕਲੇਰ)** ਐਨਆਰਆਈ ਤੇ ਜ਼ਿਲ੍ਹੇ ਦੇ ਮੋਹਤਬਰ ਵਿਅਕਤੀਆਂ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਯੂਨਾਈਟਡ ਸਪੋਰਟਸ ਕਲੱਬ ਦੁਆਰਾ ਦੂਜੇ ਕਬੱਡੀ ਟੂਰਨਾਮੈਂਟ ਤੇ ਕੁਸ਼ਤੀ ਮੁਕਾਬਲਿਆਂ ਸਬੰਧੀ ਖੜਕੜ ਕਲਾਂ ਵਿਖੇ ਮੀਟਿੰਗ ਕੀਤੀ ਗਈ।ਕਲੱਬ ਦੇ ਪ੍ਰਧਾਨ ਬਹਾਦਰ ਸਿੰਘ ਸ਼ੇਰਗਿਲ ਤੇ ਦੇਵ ਥਿੰਦ ਯੂਕੇ ਨੇ ਦੱਸਿਆ ਕਿ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੀ ਯਾਦ ਨੂੰ ਹਮੇਸ਼ਾ ਤਾਜ਼ਾ ਰੱਖਣ ਲਈ ਦੂਸਰਾ ਕਬੱਡੀ ਕੱਪ 22 ਅਤੇ 23 ਫਰਵਰੀ ਨੂੰ ਖਟਕੜ ਕਲਾਂ ਦੀ ਗਰਾਊਂਡ ਵਿੱਚ ਕਰਵਾਇਆ ਜਾਵੇਗਾ। ਇਸ ਦੇ ਨਾਲ ਹੀ ਕੁਸ਼ਤੀ ਦੇ ਦੰਗਲ ਵੀ ਹੋਣਗੇ ਤੇ ਨਾਲ ਹੀ ਲੜਕੀਆਂ ਦੀ ਕਬੱਡੀ ਦਾ ਇੱਕ ਸ਼ੋ ਮੈਚ ਕਰਵਾਇਆ ਜਾਵੇਗਾ। ਕਬੱਡੀ ਦੀ ਵਿਜੇਤਾ ਟੀਮ ਨੂੰ ਢਾਈ ਲੱਖ ਰੁਪਏ ਤੇ ਦੂਸਰੇ ਨੰਬਰ 'ਤੇ ਰਹਿਣ ਵਾਲੀ ਟੀਮ ਨੂੰ 2 ਲੱਖ ਰੁਪਏ ਦਿੱਤੇ ਜਾਣਗੇ।ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਨੂੰ 25-25 ਹਜ਼ਾਰ ਰੁਪਏ ਦਿੱਤੇ ਜਾਣਗੇ।ਬੈਸਟ ਰੇਡਰ ਤੇ ਬੈਸਟ ਜਾਫੀ ਨੂੰ ਵੀ 11 ਹਜ਼ਾਰ ਦੇ ਇਨਾਮ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਕਲੱਬ ਪ੍ਰਧਾਨ ਬਹਾਦਰ ਸਿੰਘ ਸ਼ੇਰ ਗਿੱਲ ਯੂਕੇ, ਦੇਵ ਥਿੰਦ ਯੂਕੇ, ਸਤਨਾਮ ਸਿੰਘ ਯੂਕੇ, ਸ਼ਮਿੰਦਰ ਸਿੰਘ ਯੂਕੇ, ਕੇਵਲ ਸਿੰਘ ਖਟਕੜ, ਅਵਤਾਰ ਸਿੰਘ ਸ਼ੇਰ ਗਿੱਲ, ਨਿਰਮਲ ਸਿੰਘ ਸੰਧੂ ,ਕਸ਼ਮੀਰ ਸਿੰਘ ਪੱਪੂ, ਬਲਵੀਰ ਸਿੰਘ ਥਾਂਦੀ ,ਹਜ਼ੂਰਾ ਸਿੰਘ ਸ਼ੌਕੀ, ਮਨਪ੍ਰੀਤ ਸਿੰਘ ,ਰਣਜੀਤ ਸਿੰਘ, ਇੰਦਰਜੀਤ ਸਿੰਘ, ਸਤਨਾਮ ਸਿੰਘ ਖਟਕੜ, ਹਰਜੀਤ ਸਿੰਘ ਅਤੇ ਹਰਮੀਤ ਸਿੰਘ ਹਾਜ਼ਰ ਸਨ

# ਸ਼ਹਿਰੀ ਖੇਤਰਾਂ 'ਚ 100 ਫੀਸਦੀ ਆਬਾਦੀ ਨੂੰ ਮਿਲੇਗਾ ਸਾਫ ਪੀਣ ਵਾਲਾ ਪਾਣੀ-ਡਾ.ਰਵਜੋਤ ਸਿੰਘ



**ਫਗਵਾੜਾ, ( ਜਸਵਿੰਦਰ ਢੱਡਾ )** — ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ.ਰਵਜੋਤ ਸਿੰਘ ਨੇ ਕਿਹਾ ਹੈ ਕਿ ਸ਼ਹਿਰੀ ਖੇਤਰਾਂ ਵਿਚ 100 ਫੀਸਦੀ ਆਬਾਦੀ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਵਿਆਪਕ ਯੋਜਨਾਬੰਦੀ ਉਲੀਕੀ ਗਈ ਹੈ, ਜਿਸ ਤਹਿਤ ਭਵਿੱਖ ਵਿਚ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਖੇਤਰਾਂ ਵਿਚ ਪਹਿਲ ਦੇ ਆਧਾਰ 'ਤੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਲੋਂ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ।ਫਗਵਾੜਾ ਵਿਖੇ 4.35 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤੇ ਜਾਣ ਵਾਲੇ ਵਾਟਰ ਸਪਲਾਈ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਦੱਸਿਆ ਕਿ ਨਗਰ ਨਿਗਮ ਅਤੇ ਨਗਰ ਕੌਂਸਲਾਂ ਵਿਚ ਪਾਣੀ ਦੀ ਸਪਲਾਈ ਸਬੰਧੀ ਅਧਿਕਾਰੀਆਂ ਨੂੰ ਮੁਕੰਮਲ ਅਧਿਐਨ ਪਿੱਛੋਂ ਵਿਆਪਕ ਰਿਪੋਰਟਾਂ ਦੇਣ ਦੇ ਹੁਕਮ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ 4.35 ਕਰੋੜ ਰੁਪਏ ਦੇ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਸੰਤੋਖਪੁਰਾ, ਗੋਬਿੰਦਪੁਰਾ, ਕੋਠੜਾ, ਨਕੋਦਰ ਰੋਡ, ਪੁਰੇਵਾਲ ਨਗਰ ਤੇ ਖਲਵਾੜਾ ਰੋਡ ਦੀ 8 ਹਜ਼ਾਰ ਤੋਂ ਵੱਧ ਆਬਾਦੀ ਨੂੰ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ 9 ਕਿਲੋਮੀਟਰ ਲੰਬੀ ਪਾਈਪ ਲਾਈਨ ਵਿਛਾਈ ਜਾ ਰਹੀ ਹੈ,ਜਿਸ ਵਿਚ 1 ਹਜ਼ਾਰ ਤੋਂ ਵੱਧ ਘਰਾਂ ਨੂੰ ਪਾਣੀ ਦੇ ਕੁਨੈਕਸ਼ਨ ਦਿੱਤੇ ਜਾਣਗੇ। ਇਹ ਸਮੁੱਚਾ ਪ੍ਰਾਜੈਕਟ 27 ਮਈ 2025 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ।ਕੈਬਨਿਟ ਮੰਤਰੀ ਨੇ ਨਗਰ ਨਿਗਮ ਕਮਿਸ਼ਨਰ ਫਗਵਾੜਾ ਨਵਨੀਤ ਕੌਰ ਬੱਲ ਨੂੰ ਕਿਹਾ ਕਿ ਉਹ ਪ੍ਰਾਜੈਕਟ ਦੀ ਪ੍ਰਗਤੀ ਉੱਪਰ ਨੇੜਿਓ ਨਜ਼ਰ ਰੱਖਣ ਤਾਂ ਜੋ ਇਸਨੂੰ ਸਮੇਂ ਸਿਰ ਮੁਕੰਮਲ ਕਰਕੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾ ਸਕੇ। ਉਨ੍ਹਾਂ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਸ ਪ੍ਰਾਜੈਕਟ ਸਬੰਧੀ ਹਰ ਪੰਦਰਵਾੜੇ ਰਿਪੋਰਟ ਸੌਂਪਣ।ਇਸ ਮੌਕੇ ਸਾਬਕਾ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਲਲਿਤ ਸਕਲਾਨੀ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਸ਼ਮੀਰ ਸਿੰਘ, ਆਮ ਆਦਮੀ ਪਾਰਟੀ ਦੇ ਬੁਲਾਰੇ ਹਰਨੂਰ ਸਿੰਘ ਮਾਨ, ਦਲਜੀਤ ਰਾਜੂ ਤੇ ਹੋਰ ਮੌਜੂਦ ਸਨ।

## ਜਲਾਲਾਬਾਦ ਪੂਰਬੀ ਸਕੂਲ ਦੇ ਅਧਿਆਪਕਾਂ ਨੇ ਚੈੱਸ ਮੁਕਾਬਲਿਆਂ 'ਚ ਮੈਡਲ ਜਿੱਤੇ



ਮੋਗਾ (ਇਕਬਾਲ ਸਿੰਘ ਖਹਿਰਾ)-'ਖੇਡਾਂ ਵਤਨ ਪੰਜਾਬ ਦੀਆਂ-2024' ਦੇ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਜ਼ਿਲ੍ਹਾ ਮੋਗਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਪੂਰਬੀ ਦੇ ਅਧਿਆਪਕਾਂ ਨੇ ਚੈੱਸ ਮੁਕਾਬਲਿਆਂ ਵਿੱਚ ਇੱਕ ਗੋਲਡ, ਚਾਰ ਚਾਂਦੀ ਤੇ ਤਿੰਨ ਕਾਂਸੀ ਮੈਡਲ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪੰਜਾਬ ਸਰਕਾਰ ਵੱਲੋਂ ਸੂਬਾ ਪੱਧਰੀ ਇਹ ਮੁਕਾਬਲੇ ਜਲੰਧਰ ਵਿਖੇ ਕਰਵਾਏ ਗਏ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਕਮਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਵਿੱਚ ਸਰਕਾਰੀ ਸੇਵਾਵਾਂ ਨਿਭਾਅ ਰਹੇ 8 ਅਧਿਆਪਕਾਂ ਨੇ ਇਨ੍ਹਾਂ ਖੇਡਾਂ ਭਾਗ ਲਿਆ ਅਤੇ ਸਾਰੇ ਹੀ ਅਧਿਆਪਕਾਂ ਨੇ ਸਕੂਲ ਤੇ ਜ਼ਿਲ੍ਹੇ ਦਾ ਨਾਮ ਰੋਸ਼ਨ ਕਰਦੇ ਹੋਏ ਵੱਖ ਵੱਖ ਮੈਡਲ ਹਾਸਲ ਕੀਤੇ। ਇਨ੍ਹਾਂ ਮੁਕਾਬਲਿਆਂ ਬਾਰੇ ਵਿਸਥਾਰ ਵਿੱਚ ਦੱਸਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਇਹ ਮੁਕਾਬਲੇ 19 ਨਵੰਬਰ ਤੋਂ 22 ਨਵੰਬਰ 2024 ਤੱਕ ਹੋਏ ਹੋਏ ਸਨ। ਮਹਿਲਾ ਉਮਰ 31-40 ਵਰਗ ਵਿੱਚ ਉਨ੍ਹਾਂ ਦੇ ਸਕੂਲ ਦੇ ਸਾਇੰਸ ਵਿਸ਼ੇ ਦੇ ਅਧਿਆਪਕ ਸੁਨੀਤਾ ਰਾਣੀ ਦੀ ਟੀਮ ਨੇ ਮੋਗਾ ਜ਼ਿਲ੍ਹੇ ਲਈ ਪਹਿਲਾ ਸਥਾਨ ਜਿੱਤ ਕੇ ਗੋਲਡ ਮੈਡਲ, ਮਹਿਲਾ ਉਮਰ 41-50 ਵਰਗ ਵਿੱਚ ਅਧਿਆਪਕ ਪ੍ਰਭੂਤਾ ਗੋਇਲ (ਸਾਇੰਸ ਮਿਸਟ੍ਰੈੱਸ), ਰੁਪਿੰਦਰ ਕੌਰ (ਸਾਇੰਸ ਮਿਸਟ੍ਰੈੱਸ) ਤੇ ਹਰਦੀਪ ਕੌਰ (ਅੰਗਰੇਜ਼ੀ ਮਿਸਟ੍ਰੈੱਸ) ਦੀ ਟੀਮ ਨੇ ਮੋਗਾ ਜ਼ਿਲ੍ਹੇ ਲਈ ਤੀਸਰਾ ਸਥਾਨ ਜਿੱਤ ਕੇ ਕਾਂਸੇ ਦੇ ਮੈਡਲ ਅਤੇ ਮਹਿਲਾ ਉਮਰ 51-60 ਵਰਗ ਵਿੱਚ ਰਜਨੀ ਕੱਕੜ (ਅੰਗਰੇਜ਼ੀ ਮਿਸਟ੍ਰੈੱਸ), ਸਰਸਵਤੀ ਦੇਵੀ (ਪੰਜਾਬੀ ਮਿਸਟ੍ਰੈੱਸ), ਡਿੰਪਲ ਰਾਣੀ (ਹਿੰਦੀ ਮਿਸਟ੍ਰੈੱਸ) ਤੇ ਕਰਮਜੀਤ ਕੌਰ (ਪੀ ਟੀ ਆਈ) ਦੀ ਟੀਮ ਨੇ ਮੋਗਾ ਜ਼ਿਲ੍ਹੇ ਲਈ ਦੂਸਰਾ ਸਥਾਨ ਜਿੱਤ ਕੇ ਚਾਂਦੀ ਦੇ ਮੈਡਲ ਹਾਸਲ ਕੀਤੇ।

## ਡੀਪੂ ਹੋਲਡਰ ਅਨਿਲ ਕੁਮਾਰ ਮੁਅੱਤਲ, ਨੋਟਿਸ ਜਾਰੀ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਡੀਪੂ ਹੋਲਡਰ ਅਨਿਲ ਕੁਮਾਰ ਨੂੰ ਸਹਾਇਕ ਖੁਰਾਕ ਤੇ ਸਪਲਾਈ ਨੇ ਨੋਟਿਸ ਜਾਰੀ ਕਰਕੇ ਉਸ ਨੂੰ ਮੁਅੱਤਲ ਕਰ ਦਿੱਤਾ ਹੈ।ਸੁਖਵਿੰਦਰ ਸਿੰਘ ਜ਼ਿਲਾ ਕੰਟਰੋਲਰ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਸ੍ਰੀ ਮੁਕਤਸਰ ਸਾਹਿਬ ਨੇ ਨੋਟਿਸ ਬਾਰੇ ਦੱਸਿਆ ਕਿ ਅਨਿਲ ਕੁਮਾਰ ਬਾਬਤ ਵਿਭਾਗ ਕੋਲ ਸ਼ਿਕਾਇਤ ਮਿਲੀ ਸੀ ਕਿ ਉਕਤ ਡੀਪੂ ਹੋਲਡਰ ਕਣਕ ਵੰਡਣ ਵਿੱਚ ਬੇਨਿਯਮੀਆਂ ਕਰ ਰਿਹਾ ਹੈ, ਜਿਸ ਦੀ ਜਾਂਚ ਬੀ ਐਸ ਗਿੱਦੜਬਾਹਾ ਵੱਲੋਂ ਕੀਤੀ ਗਈ ਤੇ ਪਾਇਆ ਗਿਆ ਕਿ 60.70 ਕੁਇੰਟਲ ਕਣਕ ਦੇ ਸਟਾਕ 'ਚ ਬੇਨਿਯਮੀਆਂ ਕੀਤੀਆਂ ਗਈਆਂ ਹਨ।ਇਸ ਕਰਕੇ ਉਸ 'ਤੇ ਬਣਦੀ ਕਾਰਵਾਈ ਕੀਤੀ ਗਈ ਹੈ।ਉਨ੍ਹਾਂ ਦੱਸਿਆ ਇਸ ਦੀ ਰਿਕਵਰੀ ਲਈ ਉਕਤ ਮੁਅੱਤਲ ਡੀਪੂ ਹੋਲਡਰ ਨੂੰ ਨੋਟਿਸ ਜਾਰੀ ਕੀਤਾ ਗਿਆ ਤੇ ਉਸ ਨੇ ਵਿਭਾਗ ਨੂੰ ਜਵਾਬ ਨਹੀਂ ਦਿੱਤਾ।ਉਨ੍ਹਾਂ ਦੱਸਿਆ ਕਿ ਡੀਪੂ ਹੋਲਡਰ ਕੋਲ ਬਕਾਇਆ ਪਿਆ ਸਟਾਕ ਤੁਰੰਤ ਨੇੜਲੇ ਡੀਪੂ ਹੋਲਡਰ ਕੋਲ ਸ਼ਿਫ਼ਟ ਕਰਨ ਬਾਰੇ ਲਿਖਿਆ ਗਿਆ ਹੈ।

## ਭਗਤਾ ਨੇ ਜਿੱਤਿਆ 5ਵਾਂ ਆਲ ਇੰਡੀਆ ਮਹਿਲਾ ਹਾਕੀ ਟੂਰਨਾਮੈਂਟ



ਬਠਿੰਡਾ (ਰਾਜੀਵ ਗੋਇਲ)-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਵਿਖੇ ਭਾਈ ਬਹਿਲੋ ਹਾਕੀ ਅਕੈਡਮੀ ਵੱਲੋਂ ਐਨ. ਆਰ. ਆਈਜ਼, ਸਮੂਹ ਹਾਕੀ ਖਿਡਾਰੀ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਭਾਈ ਬਹਿਲੋ ਜੀ ਅਤੇ ਸੁਆਮੀ ਮਹੇਸ਼ ਮੁਨੀ ਜੀ ਯਾਦਗਾਰੀ 5ਵਾਂ ਮਹਿਲਾ ਆਲ ਇੰਡੀਆ 6 ਏ ਸਾਈਡ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਹਿੰਦੁਸਤਾਨ ਦੀਆਂ ਲੜਕੀਆਂ ਦੀਆਂ ਅੱਠ ਅਕੈਡਮੀਆਂ ਜਿਸ ਵਿੱਚ ਮਲਿਕ ਹਾਕੀ ਅਕੈਡਮੀ ਰਾਮਪੁਰ ਯੂਪੀ, ਬਨਾਰਸ, ਫਾਜ਼ਿਲਕਾ, ਪੂਹਲੀ, ਅਕਾਲੀ ਕੌਰ ਸਿੰਘ ਹਾਕੀ ਅਕੈਡਮੀ ਜੰਮੂ ਕਸ਼ਮੀਰ, ਖ਼ਾਲਸਾ ਹਾਕੀ ਅਕੈਡਮੀ ਅੰਮ੍ਰਿਤਸਰ ਸਾਹਿਬ, ਬਡ ਖਾਲਸਾ ਹਾਕੀ ਅਕੈਡਮੀ ਸੰਨੀਪੁਰ ਹਰਿਆਣਾ ਅਤੇ ਭਾਈ ਬਹਿਲੋ ਹਾਕੀ ਅਕੈਡਮੀ ਭਗਤਾ ਦੀਆਂ ਟੀਮਾਂ ਨੇ ਹਿੱਸਾ ਲਿਆ। ਇਹ ਟੂਰਨਾਮੈਂਟ ਲੀਗ ਕਮ ਨਾਕ ਆਉਟ ਦੇ ਅਧਾਰ ਤੇ ਖੇਡਿਆ ਗਿਆ। ਇਸ ਟੂਰਨਾਮੈਂਟ ਦਾ ਉਦਘਾਟਨ ਸੁਖਦੇਵ ਕੌਰ ਅਤੇ ਪਰਮਜੀਤ ਕੌਰ ਸਿੱਧੂ ਭਗਤਾ ਨੇ ਕੀਤਾ। ਭਾਈ ਬਹਿਲੋ ਹਾਕੀ ਅਕੈਡਮੀ ਭਗਤਾ ਦੇ ਸੰਚਾਲਕ ਗੁਰਦੀਪ ਸਿੰਘ ਬਾਬਾ ਨੇ ਦੱਸਿਆ ਕਿ ਸੈਮੀਫਾਈਨਲ ਮੈਚਾਂ ਵਿੱਚੋਂ ਜੰਮੂ ਕਸ਼ਮੀਰ ਪੂਹਲੀ ਨੂੰ ਹਰਾ ਕੇ ਅਤੇ ਭਾਈ ਬਹਿਲੋ ਅਕੈਡਮੀ ਭਗਤਾ ਰਾਮਪੁਰ ਯੂਪੀ ਨੂੰ ਹਰਾ ਕੇ ਫਾਈਨਲ ਵਿੱਚ ਪਹੁੰਚੀਆਂ। ਫਾਈਨਲ ਮੈਚ ਭਾਈ ਬਹਿਲੋ ਹਾਕੀ ਅਕੈਡਮੀ ਭਗਤਾ ਨੇ ਅਕਾਲੀ ਕੌਰ ਸਿੰਘ ਹਾਕੀ ਅਕੈਡਮੀ ਜੰਮੂ ਕਸ਼ਮੀਰ ਨੂੰ ਹਰਾ ਕੇ ਯਾਦਗਾਰੀ ਹਾਕੀ ਕੱਪ ਜਿੱਤਿਆ। ਭਾਈ ਬਹਿਲੋ ਹਾਕੀ ਅਕੈਡਮੀ ਭਗਤਾ ਦੇ ਹੋਸਟਲ ਦੀ ਸਥਾਪਨਾ ਕੁਆਰੀ ਨੂੰ ਮੈਨ ਆਫ ਦਾ ਟੂਰਨਾਮੈਂਟ ਐਲਾਨਿਆ ਗਿਆ। ਮਨਪ੍ਰੀਤ ਮਨੀ, ਹਰਪਿੰਦਰ ਸਿੰਘ ਹੈਪੀ ਪਟਵਾਰੀ ਅਤੇ ਅੰਗਤ ਸਿੰਘ ਜੰਮੂ ਕਸ਼ਮੀਰ ਨੇ ਮੈਚਾਂ ਦੀ ਅੰਪਾਇਰਿੰਗ ਦੀ ਭੂਮਿਕਾ ਬਾਖੂਬੀ ਨਾਲ ਨਿਭਾਈ। ਵਿਕਰਮਜੀਤ ਵਿੱਕੀ ਨੇ ਟੈਕਨੀਕਲ ਕਮੇਟੀ ਅਹਿਮ ਭੂਮਿਕਾ ਨਿਭਾਈ। ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ ਅਤੇ ਸਮਾਜਸੇਵੀ ਨੱਛਤਰ ਸਿੰਘ ਸਿੱਧੂ ਭਗਤਾ ਨੇ ਇਨਾਮ ਵੰਡੇ। ਭਾਈ ਬਹਿਲੋ ਹਾਕੀ ਅਕੈਡਮੀ ਦੇ ਸੰਚਾਲਕ ਗੁਰਦੀਪ ਸਿੰਘ ਬਾਬਾ ਨੇ ਸਮੁੱਚੇ ਨਗਰ ਨਿਵਾਸੀਆਂ ਅਤੇ ਐਨ. ਆਰ. ਆਈਜ਼ ਨੂੰ ਅਪੀਲ ਕੀਤੀ ਕਿ ਆਪਣੀ ਅਕੈਡਮੀ ਦੇ ਹੋਸਟਲ ਵਿੱਚ ਬਾਹਰਲੇ ਪਿੰਡਾਂ ਤੋਂ ਸਧਾਰਨ ਘਰਾਂ ਦੀਆਂ ਰਹਿੰਦੀਆਂ ਲੜਕੀਆਂ ਦੀ ਰਿਹਾਇਸ਼, ਡਾਈਟ, ਖੇਡ ਟ੍ਰੇਨਿੰਗ, ਖੇਡਾਂ ਦਾ ਸਾਮਾਨ, ਆਦਿ ਬਿਲਕੁਲ ਮੁਫਤ ਵਿੱਚ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਵਿੱਚ ਇਹ ਸਭ ਕੁਝ ਹੋਰ ਵਧੀਆ ਸਹੂਲਤਾਂ ਦੀ ਲੋੜ ਹੈ। ਤੁਸੀਂ ਵੀ ਹਰ ਖੁਸ਼ੀ ਦੇ ਮੌਕੇ ਤੇ ਅਕੈਡਮੀ ਦੇ ਹੋਸਟਲ ਦੀਆਂ ਲੜਕੀਆਂ ਦੀ ਮਦਦ ਕਰਨੀ ਸ਼ੁਰੂ ਕਰੋ ਤਾਂ ਕਿ ਇਨ੍ਹਾਂ ਨੂੰ ਹੋਰ ਵਧੀਆ ਸਹੂਲਤਾਂ ਮਿਲ ਸਕਣ। ਅੰਤ ਵਿੱਚ ਗੁਰਦੀਪ ਸਿੰਘ ਬਾਬਾ ਵੱਲੋਂ ਇੱਥੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਉੱਥੇ ਟੂਰਨਾਮੈਂਟ ਲਈ ਮਾਲੀ ਸਹਾਇਤਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਮਾ.ਹੰਸ ਸੋਹੀ, ਕੈਪਟਨ ਗੁਰਤੇਜ ਸਿੰਘ, ਕੈਪਟਨ ਪੁਸ਼ਪਿੰਦਰ ਸਿੰਘ, ਸੂਬੇਦਾਰ ਸ਼ਮਸ਼ੇਰ ਸਿੰਘ, ਮਾ.ਦਰਸ਼ਨ ਸਿੰਘ, ਸੁਖਦੇਵ ਸਿੰਘ ਸੁੱਖਾ, ਮਾ.ਜਗਸੀਰ ਸਿੰਘ ਪੰਮਾ, ਮਨਜਿੰਦਰ ਸਿੰਘ ਮੱਟ, ਵਕੀਲ ਰਣਜੀਤ ਸਿੰਘ, ਮਾ. ਸੁਖਦੇਵ ਸਿੰਘ ਸੁੱਖਾ, ਖਰਾਜੀ ਕਬੱਡੀ ਖਿਡਾਰੀ, ਕੇਵਲ ਕਬੱਡੀ ਖਿਡਾਰੀ, ਲੈਫਟੀਨੈਂਟ ਕਰਮਜੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਟੀ ਏ ਦੇ ਲਿਖਤੀ ਪੇਪਰ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ (ਰਿਟ.) ਗੁਰਦਰਸ਼ਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਕਿ ਜੋ ਯੁਵਕ ਟੈਰੀਟੋਰੀਅਲ ਆਰਮੀ (ਟੀ ਏ) ਦੇ ਨਵੰਬਰ 2024 ਮਹੀਨੇ ਵਿੱਚ ਲੁਧਿਆਣਾ ਵਿਖੇ ਹੋਏ ਫਿਜ਼ੀਕਲ ਟੈਸਟ ਵਿੱਚੋਂ ਪਾਸ ਹੋ ਗਏ ਹਨ, ਉਨ੍ਹਾਂ ਯੁਵਕਾਂ ਦੀ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ 1 ਦਸੰਬਰ 2024 ਤੋਂ ਚੱਲ ਰਹੀ ਹੈ।ਉਨ੍ਹਾਂ ਫਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ ਤੇ ਮੋਗਾ ਜ਼ਿਲ੍ਹਿਆਂ ਦੇ ਯੁਵਕਾਂ ਨੂੰ ਅਪੀਲ ਕੀਤੀ ਕਿ ਯੁਵਕ ਟੈਰੀਟੋਰੀਅਲ ਆਰਮੀ ਦੇ ਲਿਖਤੀ ਪੇਪਰ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਯੁਵਕ ਸਵੇਰੇ 8:00 ਵਜੇ ਤੋਂ 11.30 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਰਿਪੋਰਟ ਕਰਨ ਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਆਉਣ ਸਮੇਂ ਟੀ ਏ ਵੱਲੋਂ ਦਿੱਤੀ ਗਈ ਫਿਜ਼ੀਕਲ ਫਿੱਟ ਦੀ ਆਰਜੀ ਦੀ ਫੋਟੋ ਸਟੇਟ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜ਼ੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤੀ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ (ਖਾਤਾ ਚਾਲੂ ਹਾਲਤ ਵਿੱਚ ਹੋਵੇ) ਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।ਕੈਂਪ ਵਿੱਚ ਰਹਿਣ ਸਮੇਂ ਖਾਣਾ ਤੇ ਰਿਹਾਇਸ਼ ਬਿਲਕੁੱਲ ਮੁਫ਼ਤ ਦਿੱਤੀ ਜਾਵੇਗੀ ਅਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ।

## ਗਿਆਨ ਸਾਗਰ ਸਕੂਲ ਦੇ ਬੱਚੇ ਦਾ ਸਟੇਟ ਪੰਜਾਬ 'ਚੋਂ ਗੋਲਡ ਮੈਡਲ



ਬਰੇਟਾ (ਗੋਬਿੰਦ ਸ਼ਰਮਾ, ਰੀਤਵਾਲ)-ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਏਰੀਏ 'ਚ ਖੇਡਾਂ ਪ੍ਰਤੀ ਹਰ ਸਾਲ ਅੱਗੇ ਆ ਰਿਹਾ ਹੈ।ਪਿਛਲੇ ਦਿਨੀਂ ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੇ ਵਿਦਿਆਰਥੀ 44ਵੀਆਂ ਪੰਜਾਬ ਸਟੇਟ ਪੱਧਰੀ ਪ੍ਰਾਇਮਰੀ ਸਕੂਲੀ ਖੇਡਾਂ ਵਿਖੇ ਭਾਗ ਲੈਣ ਲਈ ਪਟਿਆਲੇ ਗਏ ਸਨ।ਜਗਜੀਤ ਸਿੰਘ ਕੁਲਰੀਆਂ ਚੌਥੀ ਕਲਾਸ ਦੇ ਵਿਦਿਆਰਥੀ ਨੇ ਪੰਜਾਬ ਸਟੇਟ ਪੱਧਰ 'ਤੇ ਕਰਾਟੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤਿਆ, ਜੋ ਪੂਰੇ ਇਲਾਕੇ ਲਈ ਬਹੁਤ ਮਾਣ ਵਾਲੀ ਗੱਲ ਹੈ।ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਅਤੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਨੇ ਬੱਚੇ, ਮਾਪਿਆਂ ਤੇ ਇਲਾਕਾ ਨਿਵਾਸੀਆਂ ਨੂੰ ਇਸ ਵੱਡੀ ਜਿੱਤ ਦੀ ਮੁਬਾਰਕਬਾਦ ਦਿੱਤੀ ਤੇ ਇਸ ਦਾ ਸਿਹਰਾ ਕਰਾਟੇ ਕੋਚ ਅਮਨਦੀਪ ਸਿੰਘ ਤੇ ਡੀ ਪੀ ਬੱਬੂ ਸਿੰਘ ਦੇ ਸਿਰ ਬੰਨ੍ਹਿਆ।ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਤੇ ਸਰੀਰਕ ਪੱਖੋਂ ਤੰਦਰੁਸਤ ਰੱਖਣ ਲਈ ਹੋਰ ਨਵੇਂ ਕੋਚ ਰੱਖੇ ਜਾਣਗੇ ਤੇ ਖੇਡਾਂ ਨੂੰ ਹੋਰ ਜ਼ਿਆਦਾ ਉਤਸ਼ਾਹਤ ਕਰਨ ਲਈ ਨਵਾਂ ਇੰਡੋਰ ਕੈਂਪਸ ਬਣਾਇਆ ਜਾ ਰਿਹਾ ਹੈ।

## ਐੱਸ ਆਰ ਐੱਸ ਵਿੱਦਿਆਪੀਠ 'ਚ ਕਾਰਨੀਵਲ ਤੇ ਸਾਲਾਨਾ ਸਮਾਗਮ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)

ਐੱਸ ਆਰ ਐੱਸ ਵਿੱਦਿਆਪੀਠ ਵਿਖੇ ਕਾਰਨੀਵਲ ਤੇ ਸਾਲਾਨਾ ਸਮਾਗਮ ਬਹੁਤ ਹੀ ਧੂਮਧਾਮ ਨਾਲ਼ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਗਾ ਕੇ ਕੀਤੀ ਗਈ।ਇਸ ਮੌਕੇ ਐੱਮ ਐੱਲ ਏ ਚੇਤਨ ਸਿੰਘ ਜੌੜਾਮਾਜਰਾ ਨੇ ਵੀ ਸ਼ਿਰਕਤ ਕੀਤੀ।ਵਿਦਿਆਰਥੀਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਗਏ। ਵਿਦਿਆਰਥੀਆਂ ਨੇ ਸ਼ਬਦ ਗਾਇਨ ਪੇਸ਼ ਕਰ ਕੇ ਮਾਹੌਲ ਨੂੰ ਆਨੰਦਮਈ ਬਣਾ ਦਿੱਤਾ। ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਗਿੱਧਾ, ਭੰਗੜਾ, ਜ਼ੁੰਬਾ ਡਾਂਸ, ਡਾਂਡੀਆ ਤੇ ਹੋਰ ਕਈ ਪ੍ਰਕਾਰ ਦੇ ਨਾਚ ਪੇਸ਼ ਕਰਕੇ ਵਿਦਿਆਰਥੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।ਪੜ੍ਹਾਈ ਤੋਂ ਇਲਾਵਾ ਕੁਝ ਨਵਾਂ ਸਿੱਖਣ ਲਈ ਵਿਦਿਆਰਥੀਆਂ ਵੱਲੋਂ ਕਾਰਨੀਵਲ ਵਿੱਚ ਕਈ ਤਰ੍ਹਾਂ ਦੀਆਂ ਸਟਾਲਾਂ ਲਾਈਆਂ ਗਈਆਂ, ਜਿਵੇਂ ਖਾਣ-ਪੀਣ ਦੀਆਂ ਸਟਾਲਾਂ, ਕਈ ਤਰ੍ਹਾਂ ਦੀਆਂ ਖੇਡ ਸਟਾਲਾਂ, ਸਾਇੰਸ, ਹਿਸਾਬ ਤੇ ਸਮਾਜਿਕ ਸਿੱਖਿਆ ਵਿਸ਼ੇ ਨਾਲ ਸੰਬੰਧਿਤ ਪ੍ਰਦਰਸ਼ਨੀ ਤੇ ਖੇਡ ਪ੍ਰਦਰਸ਼ਨੀ ਆਦਿ। ਵਿਦਿਆਰਥੀਆਂ ਵੱਲੋਂ ਘੋੜ ਸਵਾਰੀ ਦੇ ਕਰਤੱਬ ਵੀ ਦਿਖਾਏ ਗਏ।ਬੱਚਿਆਂ ਨੇ ਝੂਲਿਆਂ ਦਾ ਵੀ ਬਹੁਤ ਆਨੰਦ ਮਾਣਿਆ।ਇਸ ਤੋਂ ਇਲਾਵਾ ਕਈਆਂ ਵੱਲੋਂ ਰੱਥ ਤੇ ਊਠ ਦੀ ਸਵਾਰੀ ਵੀ ਕੀਤੀ ਗਈ। ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ, ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਪ੍ਰਿੰਸੀਪਲ ਮਿਸ ਮਿਲੀ ਬੋਸ ਤੇ ਸਾਰੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਇਸ ਪ੍ਰੋਗਰਾਮ ਵਿੱਚ ਹੁੰਮ ਹੁਮਾ ਕੇ ਪਹੁੰਚਣ ਵਾਲੇ ਸਾਰੇ ਮਾਪੇ ਸਾਹਿਬਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕਰਦੇ ਹੋਏ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀ ਸਾਰੀ ਐੱਸ.ਆਰ.ਐੱਸ ਟੀਮ ਦਾ ਧੰਨਵਾਦ ਕੀਤਾ ਅਤੇ ਅੱਗੋਂ ਵੀ ਭਵਿੱਖ ਵਿੱਚ ਇਸੇ ਤਰ੍ਹਾਂ ਹੀ ਸਖਤ ਮਿਹਨਤ ਤੇ ਲਗਨ ਨਾਲ ਕੰਮ ਕਰਨ ਦੀ ਪ੍ਰੇਰਣਾ ਦਿੱਤੀ।

## ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂਆਂ ਦੀ ਸਿੱਖਿਆ ਸਕੱਤਰ ਨਾਲ ਮੀਟਿੰਗ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਆਗੂਆਂ ਦੀ ਸਕੂਲ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨਾਲ ਵੱਖ-ਵੱਖ ਮੰਗਾਂ ਨੂੰ ਲੈ ਕੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਆਗੂਆਂ ਨੇ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਦੇ ਪੰਜਾਬ ਦੇ ਸਕੂਲੀ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਪ੍ਰਤੀ ਸੁਹਿਰਦ ਨਾ ਹੋਣ ਦਾ ਰੋਸ ਜਤਾਉਂਦੇ ਮੰਗ ਰੱਖੀ ਕਿ ਪੰਜਾਬ ਦੀ ਕੈਬਨਿਟ ਦੇ ਫੈਸਲੇ ਅਨੁਸਾਰ ਆਪਣੀ ਸਿੱਖਿਆ ਨੀਤੀ ਬਣਾਏ ਜਾਣ ਦੀ ਮੰਗ ਕੀਤੀ।ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਾਇਮਰੀ ਤੋਂ ਅੱਪਰ ਪ੍ਰਾਇਮਰੀ ਤੇ ਹੋਰ ਕਾਡਰਾਂ ਦੀਆਂ ਤਰੱਕੀਆਂ ਵਿੱਚ ਸਕੂਲ ਆਫ਼ ਐਮੀਨੈਂਸ ਨੂੰ ਤਰਜ਼ੀਹ ਦੇ ਕੇ ਬਾਕੀ ਹਜ਼ਾਰਾਂ ਸਕੂਲਾਂ ਨੂੰ ਅਧਿਆਪਕਾਂ ਤੋਂ ਸੱਖਣੇ ਕਰਦੇ ਹੋਏ ਉਨ੍ਹਾਂ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਸਿੱਖਿਆ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।ਸਾਰੇ ਖਾਲੀ ਪਏ ਸਟੇਸ਼ਨ ਨਾ ਦਿਖਾ ਕੇ ਅਧਿਆਪਕਾਂ ਜਿਹਨਾਂ ਨੂੰ ਸੈਂਕੜੇ ਕਿਲੋਮੀਟਰ ਦੂਰ ਸਟੇਸ਼ਨ ਮਿਲਣ ਕਰਕੇ ਪ੍ਰਮੋਸ਼ਨ ਛੱਡਣ ਲਈ ਮਜਬੂਰ ਕੀਤਾ ਗਿਆ।ਆਗੂਆਂ ਨੇ ਰਹਿੰਦੀਆਂ ਪ੍ਰਮੋਸ਼ਨਾਂ ਨੂੰ ਜਲਦ ਕਰਨ, ਸਕੂਲ ਆਫ਼ ਐਮੀਨੈਂਸ ਦੀ ਥਾਂ ਪੰਜਾਬ ਦੇ ਸਾਰੇ ਸਕੂਲਾਂ ਨੂੰ ਬਰਾਬਰ ਦੀ ਤਰਜ਼ੀਹ ਦਿੰਦੇ ਹੋਏ ਅਧਿਆਪਕਾਂ ਦੀਆਂ ਪ੍ਰਮੋਸ਼ਨਾਂ ਲਈ ਸਟੇਸ਼ਨ ਚੋਣ ਦਾ ਮੌਕਾ ਦੇਣ ਦੀ ਮੰਗ ਕੀਤੀ।ਆਗੂਆਂ ਨੇ ਸਿੱਖਿਆ ਸਕੱਤਰ ਸਾਹਮਣੇ ਪਿਛਲੇ 13 ਸਾਲਾਂ ਤੋਂ ਨਿਗੂਣੀ ਤਨਖਾਹ ਤੇ ਸ਼ੋਸ਼ਣ ਦਾ ਸ਼ਿਕਾਰ ਅਧਿਆਪਕ ਨਰਿੰਦਰ ਭੰਡਾਰੀ ਅਤੇ ਰਵਿੰਦਰ ਕੰਬੋਜ ਨੂੰ ਰੈਗੂਲਰ ਕਰਨ, ਇਸੇ ਤਰ੍ਹਾਂ ਓਡੀਐੱਲ ਅਧਿਆਪਕਾਂ ਚੋਂ ਵੱਖ ਵੱਖ ਕਾਰਨਾਂ ਕਰਕੇ ਰੋਕੇ ਰੈਗੂਲਰ ਆਰਡਰ ਜਾਰੀ ਕਰਨ, 7654 ਭਰਤੀ ਚੋਂ 14 ਹਿੰਦੀ ਅਧਿਆਪਕਾਂ ਦੇ ਰੋਕੇ ਰੈਗੂਲਰ ਆਰਡਰ ਜਾਰੀ ਕਰਾਉਣ ਅਤੇ ਲੈਕਚਰਾਰ ਮੁਖਤਿਆਰ ਸਿੰਘ ਦੀ ਸਿਆਸੀ ਬਦਲੀ ਰੱਦ ਕਰਾਉਣ ਦੀਆਂ ਮੰਗਾਂ ਰੱਖੀਆਂ ਗਈਆਂ।

## ਐੱਸ ਸੀ ਸਰਪੰਚਾਂ ਤੇ ਪੰਚਾਂ ਦਾ ਸਨਮਾਨ



ਨਾਭਾ (ਵਰਿੰਦਰ ਵਰਮਾ)-ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਵਿਖੇ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ (ਰਜਿ.) ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਐਸ.ਸੀ. ਸਰਪੰਚਾਂ-ਪੰਚਾਂ ਦਾ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਪ੍ਰੋ: ਰਵਿੰਦਰ ਸਿੰਘ ਬੀਰ, ਵਿਸ਼ੇਸ਼ ਮਹਿਮਾਨ ਹਰਕੰਵਲਜੀਤ ਸਿੰਘ ਐਸ.ਡੀ.ਐਮ. ਮਹਿਲ ਕਲਾਂ ਨੇ ਹਾਜ਼ਰੀ ਲਵਾਈ।ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਸੁਸਾਇਟੀ ਵੱਲੋਂ ਕੀਤੇ ਗਏ ਕੰਮਾਂ ਦੀ ਪ੍ਰਸੰਸਾ ਕੀਤੀ।ਪ੍ਰੋਗਰਾਮ ਦੀ ਸਫ਼ਲਤਾ 'ਤੇ ਸੁਸਾਇਟੀ ਨੂੰ ਵਧਾਈਆਂ ਦਿੱਤੀਆਂ।ਪ੍ਰੋ. ਰਵਿੰਦਰ ਸਿੰਘ ਬੀਰ ਵੱਲੋਂ ਸੁਸਾਇਟੀ ਦੀ ਵੱਡੀ ਮਾਲੀ ਮੱਦਦ ਕੀਤੀ ਗਈ।ਸੁਸਾਇਟੀ ਵੱਲੋਂ ਲਗਭਗ 40 ਐਸ.ਸੀ. ਸਰਪੰਚਾਂ, 80 ਐਸ.ਸੀ. ਪੰਚਾਂ ਨੂੰ ਪੰਜਾਬ ਪੰਚਾਇਤੀ ਕਾਨੂੰਨ ਦੀ ਕਿਤਾਬ, ਸਨਮਾਨ ਚਿੰਨ੍ਹ, ਸਿਰੋਪੇ ਆਦਿ ਦੇ ਕੇ ਸਨਮਾਨਤ ਕੀਤਾ ਗਿਆ।ਸਟੇਜ ਸਕੱਤਰ ਦੀ ਡਿਊਟੀ ਦਲਵੀਰ ਸਿੰਘ ਛੀਟਾਂਵਾਲਾ ਨੇ ਬਾਖੂਬੀ ਨਿਭਾਈ।ਅੰਤ 'ਚ ਅਮਰ ਸਿੰਘ ਟੋਡਰਵਾਲ ਨੇ ਸਰਪੰਚਾਂ, ਪੰਚਾਂ, ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਦਾ ਧੰਨਵਾਦ ਕੀਤਾ ਤੇ ਸਮੂਹ ਸੰਗਤਾਂ ਨੂੰ ਬੁਲਾਰਿਆਂ ਦੀਆਂ ਗੱਲਾਂ 'ਤੇ ਅਮਲ ਕਰਨ ਦੀ ਪ੍ਰੇਰਣਾ ਦਿੱਤੀ।ਮੁੱਖ ਬੁਲਾਰਿਆਂ ਤੋਂ ਇਲਾਵਾ ਕੁਲਵੰਤ ਸਿੰਘ ਅਟਵਾਲ ਸਰਪੰਚ ਮੇਘ ਕਲੋਨੀ ਜੋ ਕਿ ਜਨਰਲ ਸੀਟ ਤੋਂ ਐਸ.ਸੀ. ਜਿੱਤੇ ਹਨ।ਬੱਚੀ ਰਮਨਦੀਪ ਕੌਰ ਸਰਪੰਚ ਅਗੇਤਾ ਉਮਰ ਸਿਰਫ਼ 22 ਸਾਲ ਬੀ.ਏ. ਕਰ ਰਹੀ ਬੱਚੀ ਨੇ ਵੀ ਸੰਬੋਧਨ ਕੀਤਾ ਤੇ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

## ਹਿੰਮਤ ਸਿੰਘ ਨੇ ਪੰਜਾਬ ਭਰ 'ਚੋਂ 600 ਮੀਟਰ ਦੀ ਦੌੜ 'ਚ ਹਾਸਲ ਕੀਤਾ ਦੂਜਾ ਸਥਾਨ



ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ, ਜੀਤ ਕੁਮਾਰ)

ਪੰਜਾਬ ਸਟੇਟ ਪੱਧਰੀ ਪ੍ਰਾਇਮਰੀ ਖੇਡ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਚੱਕ ਅਰਾਈਆਂ ਵਾਲਾ, ਬਲਾਕ ਜਲਾਲਾਬਾਦ -2 ਦੇ ਐਥਲੀਟ 'ਚ ਹਿੰਮਤ ਸਿੰਘ ਨੇ ਪੰਜਾਬ-ਭਰ ਚੋਂ 600 ਮੀਟਰ ਦੀ ਦੌੜ ਨੂੰ ਜਿੱਤਦਿਆਂ ਦੂਜਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਫਾਜ਼ਿਲਕਾ ਦੀ ਝੋਲੀ ਸਿਲਵਰ ਮੈਡਲ ਪਾਇਆ। ਇਸ ਸ਼ਾਨਦਾਰ ਸਫ਼ਲਤਾ ਦੀ ਖ਼ਬਰ ਮਿਲਦਿਆਂ ਬਲਾਕ ਜਲਾਲਾਬਾਦ-2 ਦੇ ਨਾਲ -ਨਾਲ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਬਲਾਕ ਜਲਾਲਾਬਾਦ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ਼੍ਰੀ ਨਰਿੰਦਰ ਸਿੰਘ ਨੇ ਪੰਜਾਬ ਦੇ ਹੋਣਹਾਰ ਅਥਲੀਟ 'ਚ ਹਿੰਮਤ ਸਿੰਘ ਨੂੰ ਉਸਦੇ ਮੁੱਖ ਅਧਿਆਪਕ ਗੁਰਮੀਤ ਸਿੰਘ ਤੇ ਸਮੂਹ ਸਟਾਫ ਮੈਡਮ ਮਨਪ੍ਰੀਤ ਕੌਰ, ਸੁਨੀਤਾ ਰਾਣੀ, ਨੀਤੂ ਬਾਲਾ ਦੇ ਨਾਲ ਬੱਚੇ ਦੇ ਮਾਪਿਆਂ ਤੇ ਪੂਰੇ ਪਿੰਡ ਵਾਸੀਆਂ ਨੂੰ ਵਧਾਈ ਦਿੰਦਿਆਂ ਪੂਰੇ ਬਲਾਕ ਲਈ ਇਤਿਹਾਸਕ ਕਰਾਰ ਦਿੱਤਾ। ਹਿੰਮਤ ਸਿੰਘ ਦੇ ਚਾਚਾ ਸ੍ਰੀ ਗੁਰਜੰਟ ਸਿੰਘ (ਕੋਚ) ਜੋ ਬਲਾਕ ਜਲਾਲਾਬਾਦ ਵਿੱਚ ਖੇਡ ਸੇਵਾਵਾਂ ਨਿਭਾਅ ਰਹੇ ਹਨ, ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰਨ ਦਾ ਸੱਦਾ ਦਿੱਤਾ। ਇਸ ਮੌਕੇ ਬਲਾਕ ਖੇਡ ਅਫ਼ਸਰ ਮੁਕੇਸ਼ ਕੰਬੋਜ਼ ਨੇ ਕਿਹਾ ਕਿ ਪੰਜਾਬ ਨੂੰ ਹਿੰਮਤ ਸਿੰਘ ਵਰਗੇ ਹੋਣਹਾਰ ਖਿਡਾਰੀਆਂ ਦੀ ਲੋੜ ਹੈ। ਉਨ੍ਹਾਂ ਹਿੰਮਤ ਸਿੰਘ ਦੀ ਜਿੱਤ ਨੂੰ ਇਲਾਕੇ ਲਈ ਮਿਸਾਲ ਦੱਸਦਿਆਂ ਕਿਹਾ ਕਿ ਹੁਣ ਇਸ ਬੱਚੇ ਤੋਂ ਭਵਿੱਖ ਵਿੱਚ ਨੈਸ਼ਨਲ ਪੱਧਰੀ ਜਿੱਤ ਦੀ ਆਸ ਪੱਕੀ ਹੋ ਗਈ ਹੈ।

## ਸ਼੍ਰੋਮਣੀ ਅਕਾਲੀ ਦਲ ਨਗਰ ਕੌਂਸਲ ਚੋਣਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ : ਮੱਖਣ ਸਿੰਘ ਲਾਲਕਾ, ਜੋਗੀ ਨਾਨੋਕੀ



ਨਾਭਾ (ਵਰਿੰਦਰ ਵਰਮਾ)

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਤੇ ਉੱਘੇ ਸਿੱਖ ਚਿੰਤਕ ਤੇ ਸੀਨੀਅਰ ਅਕਾਲੀ ਆਗੂ ਅਬਜਿੰਦਰ ਸਿੰਘ ਜੋਗੀ ਗਰੇਵਾਲ ਨਾਨੋਕੀ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨਾਲ ਮੀਟਿੰਗ ਕੀਤੀ, ਜਿਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਅੱਗੇ ਆਉਂਦੀਆਂ ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਲਈ ਤਿਆਰੀ ਆਰੰਭ ਦਿੱਤੀ ਜਾਵੇ।ਮੱਖਣ ਲਾਲਕਾ ਤੇ ਜੋਗੀ ਬਾਈ ਨਾਨੋਕੀ ਨੇ ਕਿਹਾ ਕਿ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਤਿਆਰ ਹੈ।ਨਾਭਾ ਦੇ 23 ਵਾਰਡਾਂ ਸਮੇਤ ਭਾਦਸੋਂ ਦੇ ਸਮੂਹ ਵਾਰਡਾਂ ਤੋਂ ਅਕਾਲੀ ਦਲ ਦੇ ਨਿਧੜਕ ਉਮੀਦਵਾਰ ਖੜੇ ਕੀਤੇ ਜਾਣਗੇ ਤੇ ਚੋਣ ਪਾਰਟੀ ਨਿਸ਼ਾਨ ਤੱਕੜੀ 'ਤੇ ਲੜੀ ਜਾਵੇਗੀ।ਉਨ੍ਹਾਂ ਕਿਹਾ ਕਿ ਕਾਂਗਰਸ ਅਤੇ 'ਆਪ' ਦੀ ਸਰਕਾਰ ਨੇ ਵਿਕਾਸ ਦੇ ਨਾਂਅ 'ਤੇ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ, ਜਿਸ ਕਾਰਨ ਲੋਕ ਇਨ੍ਹਾਂ ਤੋਂ ਅੱਕ ਚੁੱਕੇ ਹਨ।ਲਾਲਕਾ ਨੇ ਕਿਹਾ ਕਿ ਕਹਿਣ ਨੂੰ 'ਆਪ' ਆਮ ਆਦਮੀ ਪਾਰਟੀ ਦੀ ਪਾਰਟੀ ਹੈ, ਪਰ ਹੁਣ ਇਹ ਸਰਮਾਏਦਾਰਾਂ ਦੀ ਪਾਰਟੀ ਬਣ ਚੁੱਕੀ ਹੈ, ਜਿਸ ਨੂੰ ਵੇਖਦੇ ਹੋਏ ਲੋਕ ਇਨ੍ਹਾਂ ਤੋਂ ਦੂਰ ਹੁੰਦੇ ਜਾ ਰਹੇ ਹਨ।ਲਾਲਕਾ ਤੇ ਜੋਗੀ ਬਾਈ ਨਾਨੋਕੀ ਨੇ ਦੱਸਿਆ ਕਿ ਬਹੁਤ ਜਲਦ ਨਾਭਾ ਹਲਕੇ 'ਚ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਸਾਬਕਾ ਮੰਤਰੀ ਤੂਫਾਨੀ ਦੌਰੇ 'ਤੇ ਆਉਣਗੇ।

ਉਨ੍ਹਾਂ ਕਿਹਾ ਕਿ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਹੱਕ 'ਚ ਚੰਗੇ ਨਤੀਜੇ ਆਉਣਗੇ, ਕਿਉਂਕਿ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਤੋਂ ਲੋਕ ਦੁਖੀ ਹਨ।

## ਬੀਬਾ ਰਾਜਵਿੰਦਰ ਕੌਰ ਦੇ ਗੀਤਾਂ ਦੀ ਤਿਆਰੀ ਮੁਕੰਮਲ



ਚੌਂਕੀਮਾਨ (ਬਲਬੀਰ ਮਾਨ)-ਬੀਬਾ ਰਾਜਵਿੰਦਰ ਕੌਰ ਪਟਿਆਲਾ ਦੇ ਗੀਤਾਂ ਤੋਂ ਪ੍ਰਭਾਵਤ ਹੋ ਕੇ ਗੀਤਕਾਰ ਭਿੰਦਾ ਜੱਟ ਬਾਰਨਹਾੜਾ ਨੇ ਇੱਕ ਹੋਰ ਪ੍ਰੋਜੈਕਟ ਦੀ ਤਿਆਰੀ ਆਰੰਭ ਦਿੱਤੀ ਸੀ, ਜਿਸ ਵਿੱਚ ਪ੍ਰਸਿੱਧ ਸੰਗੀਤਕਾਰ ਰਾਜਵੀਰ ਰਾਜੂ ਸੰਗਰੂਰ ਦੁਆਰਾ ਸੁਰਬੱਧ ਕੀਤੇ ਤੇ ਬਲਬੀਰ ਮਾਨ ਜੰਡੀ ਵਾਲਾ ਤੇ ਫ਼ਿਲਮੀ ਗੀਤਕਾਰ ਸਾਧੂ ਸਿੰਘ ਦਿਲਸ਼ਾਦ ਸ਼ੇਖੂਪੁਰਾ ਰਚਿਤ ਗੀਤਾਂ ਨੂੰ ਸਾਲ 2025 ਦੀ ਆਮਦ 'ਤੇ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਗੀਤ 'ਡਰਾਈਵਰ' ਚੇਅਰਮੈਨ ਸਾਧੂ ਸਿੰਘ ਦਿਲਸ਼ਾਦ ਦਾ ਲਿਖਿਆ ਹੋਇਆ ਹੈ ਤੇ ਦੋ ਗੀਤ 'ਲੌਂਗ' ਤੇ 'ਹੂਰ' ਪ੍ਰਸਿੱਧ ਗੀਤਕਾਰ ਦੇਵ ਥਰੀਕੇ ਵਾਲਾ ਜੀ ਦੇ ਲਾਡਲੇ ਸ਼ਾਗਿਰਦ ਇੰਜ ਬਲਬੀਰ ਸਿੰਘ ਮਾਨ (ਮਾਨ ਜੰਡੀ ਵਾਲਾ) ਦੇ ਲਿਖੇ ਹੋਏ ਹਨ, ਜਿਨ੍ਹਾਂ ਦੇ ਪੇਸ਼ਕਾਰ ਭੁਪਿੰਦਰ ਸਿੰਘ ਸੇਖੋਂ ਬਾਰਨਹਾੜਾ ਤੇ ਜਗਵੰਤ ਥਰੀਕੇ ਵਾਲੇ ਹਨ।ਇਹ ਗੀਤ ਨਵੇਂ ਵਰ੍ਹੇ ਦੀ ਆਮਦ ਤੇ ਖੁਸ਼ਆਮਦੀਦ ਕਹਿਣ ਲਈ ਤਿਆਰ ਬਰ ਤਿਆਰ ਹਨ।ਇਸ ਮੌਕੇ ਪ੍ਰਸਿੱਧ ਗੀਤਕਾਰ ਤੇ ਸ਼ਾਇਰ, ਸ਼੍ਰੋਮਣੀ ਬਾਲ ਲੇਖਕ ਪੁਰਸਕਾਰ ਵਿਜੇਤਾ ਅਮਰੀਕ ਸਿੰਘ ਤਲਵੰਡੀ ਨੇ ਸਮੁੱਚੀ ਟੀਮ ਨੂੰ ਵਧਾਈਆਂ ਦਿੰਦਿਆਂ ਦੱਸਿਆ ਕਿ ਇਹ ਗੀਤ ਜਲਦ ਹੀ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰਕੇ ਦੂਰਦਰਸ਼ਨ ਜਲੰਧਰ ਤੋਂ ਨਵੇਂ ਵਰ੍ਹੇ 'ਤੇ ਪ੍ਰਸਾਰਤ ਕੀਤੇ ਜਾਣਗੇ ਅਤੇ ਪਹਿਲਾਂ ਵਾਲੇ ਗੀਤਾਂ ਵਾਂਗ ਹਰ ਸਟੇਜ ਦਾ ਸ਼ਿੰਗਾਰ ਬਣਨਗੇ।

## ਭਗਵੰਤ ਮਾਨ ਤੇ ਸੰਧਵਾਂ ਨੇ ਦਿੱਤਾ ਵਿਧਾਇਕ ਜਮੀਲ ਉਰ ਰਹਿਮਾਨ ਦੀ ਬੇਟੀ ਨੂੰ ਅਸ਼ੀਰਵਾਦ



ਮਲੇਰਕੋਟਲਾ (ਅਸਗਰ ਪਰਿਹਾਰ)

ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਦੀ ਸਪੁੱਤਰੀ ਫਰਿਹਾ ਰਹਿਮਾਨ ਦਾ ਵਿਆਹ ਮਾਲੇਰਕੋਟਲਾ ਦੇ ਮੁਹੰਮਦ ਇਮਰਾਨ ਨਾਲ ਹੋਇਆ ਸੀ, ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਸਨ।

ਵਿਧਾਇਕ ਡਾ. ਜਮੀਲ ਉਰ ਰਹਿਮਨ ਰਹਿਮਾਨ ਵੱਲੋਂ ਬੇਟੀ ਦੇ ਵਿਆਹ ਸਮਾਗਮ ਉਪਰੰਤ ਰੱਖੀ ਰਿਸੈਪਸ਼ਨ ਪਾਰਟੀ 'ਚ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸਮਾਗਮ 'ਚ ਪਹੁੰਚ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਵਿਧਾਨ ਸਭਾ ਸਪੀਕਰ ਕੁਲਤਾਰ ਨੇ ਬੇਟੀ ਫਰੀਹਾ ਰਹਿਮਾਨ ਤੇ ਜਵਾਈ ਮੁਹੰਮਦ ਇਮਰਾਨ ਨੂੰ ਅਸ਼ੀਰਵਾਦ ਦਿੱਤਾ।

ਇਸ ਮੌਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ, ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਟ ਮੰਤਰੀ ਗੁਰਮੀਤ ਸਿੰਘ ਖੁਡੀਆਂ, ਕੈਬਨਟ ਮੰਤਰੀ ਬਰਿੰਦਰ ਗੋਇਲ, ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਪੱਪੀ ਲੁਧਿਆਣਾ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਠੇਕੇਦਾਰ ਹਾਕਮ ਸਿੰਘ ਵਿਧਾਇਕ ਰਾਏਕੋਟ, ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਅਮਰਗੜ੍ਹ, ਡਾਕਟਰ ਅਮਨਦੀਪ ਕੌਰ ਅਰੋੜਾ ਵਿਧਾਇਕ ਮੋਗਾ, ਮਾਸਟਰ ਜਗਸੀਰ ਸਿੰਘ ਵਿਧਾਇਕ ਭੁੱਚੋ ਮੰਡੀ, ਕੁਲਵੰਤ ਸਿੰਘ ਪੰਡੋਰੀ ਵਿਧਾਇਕ ਮਹਿਲ ਕਲਾਂ, ਵਿਧਾਇਕ ਨਰਿੰਦਰ ਕੌਰ ਭਰਾਜ ਹਲਕਾ ਸੰਗਰੂਰ, ਕੇ.ਐਸ ਗਰੁੱਪ ਦੇ ਐਮ.ਡੀ ਬਾਪੂ ਇੰਦਰਜੀਤ ਸਿੰਘ ਮੁੰਡੇ, ਸਾਬਕਾ ਕੈਬਨਟ ਮੰਤਰੀ ਨੁਸਰਤ ਇਕਰਾਮ ਖਾਂ ਬੱਗਾ, ਸਾਬਕਾ ਵਿਧਾਇਕਾ ਬੀਬੀ ਫਰਜਾਨਾ ਆਲਮ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸ਼ਟ, ਸਟਾਰ ਇੰਪੈਕਟ ਦੇ ਐਮ.ਡੀ ਮੁਹੰਮਦ ਉਵੈਸ ਦੇ ਬੇਟੇ ਮੋਵਿਸ ਉਵੈਸ, ਮੈਨੇਜਿੰਗ ਡਾਇਰੈਕਟਰ ਮੁਹੰਮਦ ਯੂਨਸ ਮਲਿਕ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਅਨਵਰ ਭਸੌੜ, ਪੰਜਾਬ ਵਕਫ ਬੋਰਡ ਦੇ ਮੈਂਬਰ ਕਾਦਰ ਅਲੀ, ਪੰਜਾਬ ਵਕਫ ਬੋਰਡ ਦੇ ਮੈਂਬਰ ਐਡਵੋਕੇਟ ਨੋਸੀਨ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਜੱਸੀ ਸੋਹੀਆ, ਜਸਵੀਰ ਸਿੰਘ ਜੱਸੀ ਸੇਖੋਂ, ਸਾਬਕਾ ਵਿਧਾਇਕ ਸੁਰਿੰਦਰ ਪਾਲ ਸਿੰਘ ਸਿਬੀਆ, ਐਸ.ਐਸ.ਪੀ ਮਾਲੇਰਕੋਟਲਾ ਅਜੀਤ ਸਿੰਘ ਓਲੰਪੀਅਨ, ਏ.ਡੀ.ਸੀ ਆਰ.ਟੀ.ਓ ਗੁਰਮੀਤ ਕੁਮਾਰ, ਐਸ.ਡੀ.ਐਮ ਹਰਬੰਸ ਸਿੰਘ, ਸਾਬਕਾ ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ, ਸਾਬਕਾ ਐਸ.ਐਸ.ਪੀ ਗੁਰਪ੍ਰੀਤ ਸਿੰਘ ਸਿਕੰਦ, ਡੀ.ਐਸ.ਪੀ ਕੁਲਦੀਪ ਸਿੰਘ, ਸਾਹਿਬਜ਼ਾਦਾ ਨਦੀਮ ਅਨਵਾਰ ਖਾਂ, ਬੀ.ਡੀ.ਪੀ.ਓ ਜਗਰਾਜ ਸਿੰਘ ਆਦਿ ਨੇ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਪੀ.ਏ ਗੁਰਮੁੱਖ ਸਿੰਘ ਖਾਨਪੁਰ, ਅਬਦੁਲ ਲਤੀਫ ਪੱਪੂ ਭਰਾ ਵਿਧਾਇਕ ਰਹਿਮਾਨ, ਮੁਹੰਮਦ ਰਫੀਕ ਬਾਬੂ ਭਰਾ ਵਿਧਾਇਕ ਰਹਿਮਾਨ, ਮੁਹੰਮਦ ਇਰਸ਼ਾਦ ਭਰਾ ਵਿਧਾਇਕ ਰਹਿਮਾਨ, ਅਬਦੁਲ ਹਲੀਮ ਐਮ.ਡੀ ਮਿਲਕੋਵੈਲ, ਸ਼ੈਬੀ ਖਾਂ ਮਲੇਰਕੋਟਲਾ, ਮਾਰਕੀਟ ਕਮੇਟੀ ਦੇ ਚੇਅਰਮੈਨ ਕਰਮਜੀਤ ਸਿੰਘ ਮਾਨ ਕੁਠਾਲਾ, ਪ੍ਰਧਾਨ ਅਸ਼ਰਫ ਅਬਦੁੱਲਾ, ਮਾਲੇਰਕੋਟਲਾ ਕਲੱਬ ਦੇ ਸੈਕਟਰੀ ਪ੍ਰਮੋਦ ਜੈਨ, ਮਹੰਤ ਸਰੂਪ ਦਾਸ ਬਿਹਾਰੀ ਸ਼ਰਨ, ਟਰੱਕ ਯੂਨੀਅਨ ਸੰਦੌੜ ਦੇ ਪ੍ਰਧਾਨ ਸੰਤੋਖ ਸਿੰਘ ਦਸੌਂਦਾ ਸਿੰਘ ਵਾਲਾ, ਟਰੱਕ ਯੂਨੀਅਨ ਮਲੇਰਕੋਟਲਾ ਦੇ ਪ੍ਰਧਾਨ ਨਰਿੰਦਰ ਸੋਹੀ ਸਰਪੰਚ, ਸੂਬਾ ਜਨਰਲ ਸਕੱਤਰ ਜਗਤਾਰ ਸਿੰਘ ਜੱਸਲ ਸੰਦੌੜ, ਸੋਸ਼ਲ ਮੀਡੀਆ ਇੰਚਾਰਜ ਯਾਸਰ ਅਰਫਾਤ, ਪ੍ਰਧਾਨ ਸ਼ਕੂਰ ਕਿਲਾ, ਸਾਜਨ ਅਨਸਾਰੀ, ਮੁਹੰਮਦ ਜਹੀਰ, ਮੁਹੰਮਦ ਇਮਰਾਨ, ਮੁਹੰਮਦ ਗੱਫਾਰ, ਮੁਹੰਮਦ ਹਨੀਫ, ਮੁਹੰਮਦ ਯਾਸੀਨ ਨੇਸਤੀ, ਮੁਹੰਮਦ ਨਦੀਮ ਸਮੇਤ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਦੀ ਸਮੁੱਚੀ ਟੀਮ ਮੌਜੂਦ ਰਹੀ।

## ਮਾਤਾ ਗੁਰਮੀਤ ਕੌਰ ਨੂੰ ਸ਼ਰਧਾਂਜਲੀ ਦੇਣ ਪੁੱਜੇ ਸੰਧਵਾਂ



ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)-ਸ: ਗੁਰਮੀਤ ਕੌਰ ਪਤਨੀ ਮਹਿਲ ਸਿੰਘ ਭੁੱਲਰ ਨਮਿਤ ਵਿਸ਼ਵਕਰਮਾ ਧਰਮਸ਼ਾਲਾ ਵਿਖੇ ਹੋਏ ਸ਼ਰਧਾਂਜਲੀ ਸਮਾਗਮ 'ਚ ਪੁੱਜੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਭੁੱਲਰ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਮਾਤਾ ਗੁਰਮੀਤ ਕੌਰ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਵੀ ਕੀਤੀ।ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਸੁਖਵੰਤ ਸਿੰਘ ਸੋਢੀ ਦੇ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ, ਅਰਦਾਸ ਬੇਨਤੀ ਤੇ ਪਵਿੱਤਰ ਹੁਕਮਨਾਮਾ ਵੀ ਲਿਆ ਗਿਆ।ਸਟੇਜ ਸੰਚਾਲਨ ਕਰਦਿਆਂ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਮਹਿਲ ਸਿੰਘ ਭੁੱਲਰ ਸਮੇਤ ਉਨ੍ਹਾਂ ਦੇ ਬੇਟੇ-ਬੇਟੀਆਂ ਕ੍ਰਮਵਾਰ ਸੁਖਦੇਵ ਸਿੰਘ ਭੁੱਲਰ, ਗੁਰਪ੍ਰੀਤ ਸਿੰਘ ਭੁੱਲਰ ਤੇ ਕੁਲਦੀਪ ਕੌਰ ਵੱਲੋਂ ਦੂਰੋਂ, ਨੇੜਿਓਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਇਲਾਵਾ ਮਨਤਾਰ ਸਿੰਘ ਬਰਾੜ, ਅਜੈਪਾਲ ਸਿੰਘ ਸੰਧੂ, ਇੰਜ: ਸੁਖਜੀਤ ਸਿੰਘ ਢਿਲਵਾਂ ਚੇਅਰਮੈਨ, ਬੀਰਇੰਦਰ ਸਿੰਘ ਸੰਧਵਾਂ, ਸੁਖਵਿੰਦਰ ਸਿੰਘ ਬੱਬੂ, ਭੁਪਿੰਦਰ ਸਿੰਘ ਸੱਗੂ, ਸੁਖਵੰਤ ਸਿੰਘ ਪੱਕਾ, ਮਨਪ੍ਰੀਤ ਸਿੰਘ ਮਨੀ ਧਾਲੀਵਾਲ ਆਦਿ ਸਮੇਤ ਪਿੰਡਾਂ ਦੇ ਪੰਚ-ਸਰਪੰਚ, ਸ਼ਹਿਰਾਂ ਦੇ ਕੌਂਸਲਰ, ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਸਮਾਜ ਸੇਵੀ ਸੰਸਥਾਵਾਂ ਤੇ ਜਥੇਬੰਦੀਆਂ ਦੇ ਆਗੂਆਂ ਨੇ ਵੀ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## ਵਿਕਟੋਰੀਆ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਲਾਇਆ ਖ਼ੂਨਦਾਨ ਕੈਂਪ



ਕੋਟ ਈਸੇ ਖਾਂ (ਅਰੋੜਾ) ਭਾਰਤ ਵਿਕਾਸ ਪ੍ਰੀਸ਼ਦ ਸਾਖਾ ਕੋਟ ਈਸੇ ਖਾਂ ਵੱਲੋਂ ਵਿਕਟੋਰੀਆ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੇ ਸਹਿਯੋਗ ਨਾਲ ਸਕੂਲ ਵਿਖੇ ਤੀਜਾ ਖ਼ੂਨਦਾਨ ਕੈਂਪ ਲਾਇਆ ਗਿਆ ਕੈਂਪ ਦਾ ਉਦਘਾਟਨ ਸ੍ਰੀ ਅਨਿਲ ਬਜਾਜ (ਜਨਰਲ ਸੈਕਟਰੀ ਅਰੋੜਾ ਮਹਾਸਭਾ ਪੰਜਾਬ) ਨੇ ਰਿਬਨ ਕੱਟ ਕੇ ਕੀਤਾ।ਇਸ ਮੌਕੇ ਸਟੇਟ ਵਾਈਸ ਪ੍ਰਧਾਨ ਸ੍ਰੀ ਸਤਿੰਦਰ ਸਚਦੇਵਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਕੈਂਪ 'ਚ ਬਲੱਡ ਬੈਂਕ ਮੋਗਾ ਦੀ ਟੀਮ ਪੁੱਜੀ।ਕੈਂਪ 'ਚ ਕਰੀਬ 37 ਯੂਨਿਟ ਖ਼ੂਨਦਾਨ ਕੀਤਾ ਗਿਆ।ਇਸ ਮੌਕੇ ਕੁਲਜੀਤ ਜੇਤਲੀ (ਚੇਅਰਮੈਨ ਵਿਕਟੋਰੀਆ ਸਕੂਲ), ਰੇਨੂੰ ਜੇਤਲੀ (ਪ੍ਰਿੰਸੀਪਲ), ਅਮਰਜੀਤ ਸ਼ਰਮਾ (ਪ੍ਰਧਾਨ ਭਾਵਿਪ) ਅਸ਼ੋਕ ਸ਼ਰਮਾ (ਸੈਕਟਰੀ) ਅਰੁਣ ਸ਼ਰਮਾ (ਕੈਸ਼ੀਅਰ), ਜਸਵੰਤ ਸਿੰਘ (ਇੰਚਾਰਜ ਬਲੱਡ ਕੈਂਪ ਭਾਵਿਪ), ਅਜੇ ਮਿਸ਼ਰਾ, ਅਕਾਸ਼ਦੀਪ ਸ਼ਰਮਾ, ਵਤਨ, ਸ਼ਿਵਮ ਤੇ ਸਮੂਹ ਮੈਂਬਰ ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਕੋਟ ਈਸੇ ਖਾਂ ਤੇ ਸਮੂਹ ਸਟਾਫ਼ ਵਿਕਟੋਰੀਆ ਸਕੂਲ ਹਾਜ਼ਰ ਸਨ। ਆਈ ਟੀਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਤੇ ਆਈ ਹੋਈ ਟੀਮ ਦਾ ਧੰਨਵਾਦ ਕੀਤਾ ਗਿਆ।

## ਟ੍ਰਾਂਸਜੈਂਡਰਸ ਦੇ ਸਰਟੀਫਿਕੇਟ ਤੇ ਆਈ ਕਾਰਡ ਕੀਤੇ ਜਾਰੀ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਜ਼ਿਲ੍ਹਾ ਫਾਜ਼ਿਲਕਾ ਦੇ ਟ੍ਰਾਂਸਜੈਂਡਰਸ ਨੂੰ ਇੰਪਲੀਮੈਂਟੇਸ਼ਨ ਆਫ ਟਰਾਂਸਜੈਂਡਰ ਪਰਸਨ (ਪ੍ਰੋਟੈਕਸ਼ਨ ਆਫ ਰਾਈਟਸ) ਐਕਟ 2019 ਅਤੇ ਟਰਾਂਜੈਂਡਰ ਪਰਸਨ (ਪ੍ਰੋਟੈਕਸ਼ਨ ਆਫ ਰਾਈਟਸ) ਐਕਟ 2020 ਅਨੁਸਾਰ ਸ਼ੈਕਸ਼ਨ 6/7 ਦੇ ਨਿਯਮ 04 ਤਹਿਤ 21 ਟ੍ਰਾਂਸਜੈਂਡਰਸ ਦੇ ਸਰਟੀਫਿਕੇਟ ਅਤੇ ਪਛਾਣ ਪੱਤਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਾਜ਼ਿਲਕਾ ਡਾ. ਮਨਦੀਪ ਕੌਰ ਦੁਆਰਾ ਜਾਰੀ ਕੀਤੇ ਗਏ।ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਾਜ਼ਿਲਕਾ ਨੇ ਦੱਸਿਆ ਕਿ ਇਸ ਕਾਰਡ ਦੁਆਰਾ ਟਾਂਸਜੈਂਡਰਸ 05 ਲੱਖ ਤੱਕ ਦਾ ਹੈਲਥ ਇੰਸ਼ਰੈਂਸ , ਸੈਂਟਰ ਅਤੇ ਸਟੇਟ ਵੈੱਲਫੇਅਰ ਸਕੀਮਾਂ ਦਾ ਲਾਭ ਲੈ ਸਕਣਗੇ ਅਤੇ ਇਹ ਕਾਰਡ ਰਾਸ਼ਟਰੀ ਪਹਿਚਾਣ ਪੱਤਰ ਵਜੋਂ ਕੰਮ ਕਰੇਗਾ, ਜੋ ਕਿ ਭਾਰਤ ਸਰਕਾਰ ਦੀ ਵੱਲੋਂ ਚਲਾਈ ਗਈ ਸਮਾਇਲ ਸਕੀਮ ਦੇ ਲਾਭ ਲੈਣ ਲਈ ਲੋੜੀਂਦਾ ਦਸਤਾਵੇਜ ਹੈ।ਇਸ ਮੌਕੇ ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਫਾਜਿਲਕਾ ਦੇ ਅਧਿਕਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਕਾਰਡ ਨੂੰ ਅਪਲਾਈ ਕਰਨ ਵਾਸਤੇ ਆਨਲਾਈਨ ਪੋਰਟਲ https://transgender.dosje.gov.in 'ਤੇ ਜਾ ਕੇ ਭਰ ਸਕਦੇ ਹਨ ।ਇਸ ਦੌਰਾਨ ਸਟੇਨੋ ਸਤਪ੍ਰੀਤ ਸਿੰਘ, ਸ੍ਰੀ ਬਲਜੀਤ ਸਿੰਘ ਕਲਰਕ, ਸ਼੍ਰੀਮਤੀ ਨਵਨੀਤ ਕੌਰ ਕਲਰਕ, ਸ਼੍ਰੀਮਤੀ ਨੇਹਾ, ਸ਼੍ਰੀ ਮਨਦੀਪ ਕੁਮਾਰ ਅਤੇ ਸ਼੍ਰੀ ਕਾਲੂ ਸਿੰਘ ਹਾਜ਼ਰ ਸਨ।

## ਸੰਕਲਪ ਸੁਸਾਇਟੀ ਦੁਆਰਾ ਵਿਸ਼ਵ ਏਡਜ਼ ਦਿਵਸ ਮੌਕੇ ਕਰਾਏ ਪੋਸਟਰ ਮੁਕਾਬਲੇ




ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)

ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.) ਦੁਆਰਾ ਪਿੰਡ ਉਦੇਕਰਨ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਵਿਸ਼ਵ ਏਡਜ਼ ਦਿਵਸ ਮੌਕੇ ਪੋਸਟਰ ਮੁਕਾਬਲੇ ਕਰਵਾਏ ਗਏ।

ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਕੂਲ ਮੁਖੀ ਸ਼੍ਰੀ ਇਕਬਾਲ ਸਿੰਘ ਦੀ ਯੋਗ ਅਗਵਾਈ ਹੇਠ ਕਰਾਏ ਗਏ ਇਨ੍ਹਾਂ ਪੋਸਟਰ ਮੁਕਾਬਲਿਆਂ ਵਿੱਚ ਦਸਵੀਂ ਅਤੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ।ਸ਼ੁਰੂਆਤੀ ਭਾਸ਼ਣ ਵਿੱਚ ਅਧਿਆਪਕ ਸ੍ਰੀ ਅਮਨਦੀਪ ਚੁੱਘ (ਇੰਗਲਿਸ਼ ਲੈਕਚਰਾਰ) ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਇਸ ਜਾਗਰੂਕਤਾ ਕਾਰਜ ਲਈ ਸਕੂਲ ਦੀ ਚੋਣ ਲਈ ਧੰਨਵਾਦ ਕੀਤਾ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਏ ਟੂ ਜੈਡ ਐਡਵਰਟਾਈਜਿੰਗ ਦੇ ਐਮ.ਡੀ ਹਰਵਿੰਦਰ ਸਿੰਘ ਹੈਪੀ ਪੁੱਜੇ।ਉਨ੍ਹਾਂ ਇਸ ਦਿਵਸ 'ਤੇ ਸੰਬੋਧਨ ਕਰਦਿਆਂ ਤਾਕੀਦ ਕੀਤੀ ਕਿ ਏਡਜ ਕੋਈ ਛੂਤ ਦਾ ਰੋਗ ਨਹੀਂ। ਇਸ ਲਈ ਸਮਾਜਿਕ ਤੌਰ 'ਤੇ ਏਡਜ਼ ਰੋਗੀਆਂ ਨਾਲ ਕਿਸੇ ਤਰ੍ਹਾਂ ਦੀ ਕੋਈ ਹੀਣ ਭਾਵਨਾ ਨਹੀਂ ਰੱਖਣੀ ਚਾਹੀਦੀ।ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਆਪਣੇ ਸੰਬੋਧਨ ਦੌਰਾਨ ਸੰਸਥਾ ਦੇ ਕਾਰਜਾਂ 'ਤੇ ਚਾਨਣਾ ਪਾਇਆ ਤੇ ਵਿਸ਼ੇ ਦੇ ਸਬੰਧ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕਰਦਿਆਂ ਇਸ ਨਾਮੁਰਾਦ ਰੋਗ ਤੋਂ ਬਚਣ ਲਈ ਸਦਾ ਸੁਚੇਤ ਰਹਿਣ ਦੀ ਤਾਕੀਦ ਕੀਤੀ।ਪੋਸਟਰ ਮੁਕਾਬਲਿਆਂ 'ਚ ਛੇਵੀਂ ਤੇ ਅੱਠਵੀਂ ਕਲਾਸ ਵਿੱਚੋਂ ਪਹਿਲਾ ਸਥਾਨ ਸੰਜਨਾ ਦੂਸਰਾ ਸਥਾਨ ਦਿਵਿਆ ਤੇ ਤੀਜਾ ਸਥਾਨ ਚੇਤਨ ਤੇ ਨੌਵੀਂ ਤੇ ਬਾਰ੍ਹਵੀਂ ਜਮਾਤ ਵਿੱਚੋਂ ਪਹਿਲਾ ਸਥਾਨ ਯੋਗਿਤਾ, ਦੂਜਾ ਸਨੇਹਾ ਤੇ ਤੀਜਾ ਸਥਾਨ ਧਿਆਨ ਚੰਦ ਨੇ ਪ੍ਰਾਪਤ ਕੀਤਾ।ਪਹਿਲਾਂ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸੰਸਥਾ ਦੁਆਰਾ ਪੜ੍ਹਾਈ ਦਾ ਸਮਾਨ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਸ੍ਰੀ ਇਕਬਾਲ ਸਿੰਘ ਨੇ ਸੰਸਥਾ ਦੇ ਇਸ ਜਾਗਰੂਕਤਾ ਸੇਵਾ ਕਾਰਜ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਸੰਕਲਪ ਸੁਸਾਇਟੀ ਲੰਬੇ ਸਮੇਂ ਤੋਂ ਸਮਾਜ ਸੇਵੀ ਗਤਿਵਿਧੀਆਂ ਨੂੰ ਲੈ ਕੇ ਕਿਰਿਆਸ਼ੀਲ ਰਹਿੰਦੀ ਹੈ ਅਤੇ ਸਾਨੂੰ ਅਜਿਹੀਆਂ ਨਿਸ਼ਕਾਮ ਸੇਵਾ ਕਾਰਜ ਕਰਨ ਵਾਲੀਆਂ ਸੰਸਥਾਵਾਂ 'ਤੇ ਮਾਣ ਹੋਣਾ ਚਾਹੀਦਾ ਹੈ।ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਿੰਸੀਪਲ ਸ਼੍ਰੀ ਇਕਬਾਲ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਸੰਸਥਾ ਦੁਆਰਾ ਭਵਿੱਖ ਵਿੱਚ ਵੀ ਅਜਿਹੇ ਜਾਗਰੂਕਤਾ ਪ੍ਰੋਗਰਾਮ ਕਰਾਉਣ ਲਈ ਵਚਨ ਲਿਆ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ 'ਚ ਲਾਇਆ ਸਪੈਸ਼ਲ ਸੈਮੀਨਾਰ




ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)

ਡਾ. ਪ੍ਰਗਿਆ ਜੈਨ, ਐਸ.ਐਸ.ਪੀ ਦੀ ਅਗਵਾਈ ਵਿੱਚ ਨਸ਼ੇ ਤੇ ਸਟਰੀਟ ਕ੍ਰਾਈਮ ਦੇ ਖਿਲਾਫ਼ ਪੁਲਸ ਅਤੇ ਜਨਤਾ ਵਿਚਕਾਰ ਸਹਿਯੋਗ ਅਤੇ ਇਕਜੁਟਤਾ ਨੂੰ ਮਜ਼ਬੂਤ ਕਰਨ ਲਈ ਸੰਪਰਕ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਫ਼ਰੀਦਕੋਟ ਪੁਲਸ ਨੇ ਪਬਲਿਕ ਦੇ ਸਹਿਯੋਗ ਨੂੰ ਵਧਾਉਣ ਲਈ ਪਿੰਡਾਂ, ਸ਼ਹਿਰਾਂ ਤੇ ਮੁਹੱਲਿਆਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ।ਇਸ ਯਤਨ ਦੇ ਹਿੱਸੇ ਵਜੋਂ ਫ਼ਰੀਦਕੋਟ ਪੁਲਸ ਦੇ ਸੀਨੀਅਰ ਅਧਿਕਾਰੀ ਅਤੇ ਮੁੱਖ ਅਫ਼ਸਰ ਥਾਣਾ ਪਿੰਡਾਂ ਤੇ ਕਸਬਿਆਂ ਵਿੱਚ ਜਾ ਕੇ ਜਨਤਾ ਨਾਲ ਮੁਲਾਕਾਤ ਕਰਦੇ ਹਨ, ਜਿੱਥੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਮੁਹਿੰਮ 'ਸੰਪਰਕ' ਤਹਿਤ ਸ਼੍ਰੀ ਸੁਖਦੀਪ ਸਿੰਘ ਡੀ.ਐਸ.ਪੀ (ਸ: ਡ) ਜੈਤੋ ਵੱਲੋਂ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਵਿਖੇ ਬੱਚਿਆਂ ਤੇ ਸਕੂਲ ਦੇ ਸਟਾਫ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਉਨ੍ਹਾਂ ਵੱਲੋਂ ਬੱਚਿਆਂ ਨੂੰ ਕਾਨੂੰਨੀ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਸਿੱਖਿਆ ਤੇ ਸੁਰੱਖਿਆ ਦੇ ਮੂਲ ਮੰਤਰਾਂ ਬਾਰੇ ਵੀ ਰੂਬਰੂ ਕਰਾਇਆ ਗਿਆ।ਉਨ੍ਹਾਂ ਵੱਲੋਂ ਬੱਚਿਆਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਦੇ ਮਹੱਤਵ ਬਾਰੇ ਵੀ ਸਮਝਾਇਆ।ਇਸ ਦੌਰਾਨ ਉਨ੍ਹਾਂ ਨਸ਼ਿਆਂ ਦੇ ਮਾਰੂ ਪ੍ਰਭਾਵਾਂ, ਇੰਟਰਨੈੱਟ ਸੁਰੱਖਿਆ ਤੇ ਅਪਰਾਧ ਪ੍ਰਤੀ ਰੋਕਥਾਮ ਵਰਗੇ ਮਹੱਤਵਪੂਰਨ ਮਾਮਲਿਆਂ ਬਾਰੇ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਗਈ।ਮੀਟਿੰਗ ਵਿੱਚ ਸਿਰਫ ਬੱਚੇ ਹੀ ਨਹੀਂ, ਸਗੋਂ ਸਕੂਲ ਦੇ ਸਟਾਫ ਵੱਲੋਂ ਵੀ ਭਾਗੀਦਾਰੀ ਕੀਤੀ ਗਈ।ਇਸ ਦੌਰਾਨ ਬੱਚਿਆਂ ਨੇ ਵੀ ਆਪਣੇ ਸਵਾਲਾਂ ਰਾਹੀਂ ਚਰਚਾ ਨੂੰ ਹੋਰ ਵੀ ਮਹੱਤਵਪੂਰਨ ਬਣਾਇਆ। ਇਸ ਮੌਕੇ ਸ਼੍ਰੀ ਸੁਖਦੀਪ ਸਿੰਘ ਡੀ.ਐਸ.ਪੀ (ਜੈਤੋ) ਤੇ ਇੰਸਪੈਕਟ ਰਾਜੇਸ਼ ਕੁਮਾਰ ਮੁੱਖ ਅਫਸਰ ਥਾਣਾ ਜੈਤੋ ਵੱਲੋਂ ਯਕੀਨ ਦਵਾਇਆ ਕਿ ਪੁਲਸ ਪ੍ਰਸ਼ਾਸਨ ਉਨ੍ਹਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਦਿਨ-ਰਾਤ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹੈ।

4-DEC-PAGE-11-Majha-2024.qxd 12/3/2024 10:54 PM Page 1



# ਧਾਲੀਵਾਲ ਨੇ ਬਟਾਲਾ ਵਿਖੇ ਨਵੇਂ ਚੁਣੇ ਸਰਪੰਚਾਂ ਤੇ ਪੰਚਾਂ ਨੂੰ ਸਹੁੰ ਚੁਕਾਈ

## * ਜ਼ਿਲ੍ਹੇ ਦੇ 1267 ਸਰਪੰਚਾਂ ਤੇ 7208 ਪੰਚਾਂ ਨੇ ਆਪਣੇ ਅਹੁਦੇ ਦਾ ਹਲਫ ਲਿਆ



**ਬਟਾਲਾ, ਕਾਦੀਆਂ, ਗੁਰਦਾਸਪੁਰ, ਡੇਰਾ ਬਾਬਾ ਨਾਨਕ (ਤਰਲੋਕ ਬੱਗਾ, ਧਾਰੀਵਾਲ ਸਿੰਘ ਮਲਹੋਤਰਾ, ਰਮੇਸ਼ ਸ਼ਰਮਾ)**-ਸੂਬੇ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਦਾਣਾ ਮੰਡੀ ਬਟਾਲਾ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਜ਼ਿਲ੍ਹੇ ਵਿੱਚ ਨਵੇਂ ਚੁਣੇ ਗਏ ਸਰਪੰਚਾਂ ਤੇ ਪੰਚਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ।ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਸਹੁੰ ਚੁੱਕ ਸਮਾਗਮ ਦੌਰਾਨ ਜ਼ਿਲ੍ਹੇ ਦੇ 11 ਬਲਾਕਾਂ ਵਿੱਚ ਚੁਣੇ ਗਏ 1267 ਸਰਪੰਚਾਂ ਅਤੇ 7208 ਪੰਚਾਂ ਨੇ ਆਪਣੇ ਅਹੁਦੇ ਦਾ ਹਲਫ਼ ਲਿਆ।ਸ. ਧਾਲੀਵਾਲ ਨੇ ਨਵੇਂ ਚੁਣੇ ਗਏ ਸਰਪੰਚਾਂ ਤੇ ਪੰਚਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਆਪੋ-ਆਪਣੇ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਦੀਆਂ ਮੀਟਿੰਗਾ ਕਰਕੇ ਪੰਚਾਇਤੀ ਫੈਸਲਿਆਂ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ।ਉਨ੍ਹਾਂ ਕਿਹਾ ਕਿ ਸਰਪੰਚ/ਪੰਚ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਅ ਕੇ ਆਮ ਆਦਮੀ ਅਤੇ ਆਪਣੇ ਪਿੰਡਾਂ ਦੀ ਤਕਦੀਰ ਬਦਲ ਸਕਦੇ ਹਨ।ਉਨ੍ਹਾਂ ਕਿਹਾ ਕਿ ਚੁਣੇ ਗਏ ਪੰਚਾਇਤੀ ਨੁਮਾਇੰਦਿਆਂ ਵਿੱਚ 50 ਫੀਸਦੀ ਮਹਿਲਾਵਾਂ ਚੁਣੀਆਂ ਗਈਆਂ ਹਨ ਅਤੇ ਮਹਿਲਾ ਸਰਪੰਚਾਂ ਤੇ ਪੰਚਾਂ ਨੂੰ ਖੁਦ ਅੱਗੇ ਹੋ ਕੇ ਪੰਚਾਇਤ ਦੇ ਕੰਮ ਕਰਨੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਨੁਮਾਇੰਦਿਆਂ ਨੂੰ ਸਿਖਲਾਈ ਦੇਣ ਲਈ ਵਿਸ਼ੇਸ਼ ਸੈਮੀਨਾਰ ਵੀ ਲਗਾਏ ਜਾਣਗੇ।ਇਸ ਮੌਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਵਿਧਾਇਕ ਅਮਰਪਾਲ ਸਿੰਘ, ਡੇਰਾ ਬਾਬਾ ਨਾਨਕ ਤੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਪ ਦੇ ਸੂਬਾ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂ ਅਤੇ ਆਪ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ ਦੀਨਾਨਗਰ ਨੇ ਵੀ ਨਵੇਂ ਚੁਣੇ ਸਰਪੰਚ ਤੇ ਪੰਚ ਸਾਹਿਬਾਨ ਨੂੰ ਮੁਬਾਰਕਬਾਦ ਤੇ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਉਹ ਆਪਣੇ ਵਿਧਾਨ ਸਭਾ ਹਲਕੇ ਦੀਆਂ ਪੰਚਾਇਤਾਂ ਨਾਲ ਨਿੱਜੀ ਤੌਰ 'ਤੇ ਰਾਬਤਾ ਕਰਕੇ ਉਨ੍ਹਾਂ ਦੇ ਕੰਮਕਾਜ ਵਿੱਚ ਮਦਦ ਕਰਨਗੇ।ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਐੱਸ. ਐੱਸ. ਪੀ. ਬਟਾਲਾ ਜਨਾਬ ਸੁਹੇਲ ਕਾਸਮ ਮੀਰ, ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ. ਡੀ. ਐੱਮ. ਬਟਾਲਾ ਵਿਕਰਮਜੀਤ ਸਿੰਘ, ਡੀ. ਡੀ. ਪੀ. ਓ. ਗੁਰਪ੍ਰੀਤ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ।

ਇਸ ਮੌਕੇ ਨਗਰ ਸੁਧਾਰ ਟਰੱਸਟ ਬਟਾਲਾ ਦੇ ਚੇਅਰਮੈਨ ਨਰੇਸ਼ ਗੋਇਲ, ਸੀਨੀਅਰ ਆਪ ਆਗੂ ਮਨਦੀਪ ਸਿੰਘ ਗਿੱਲ, ਚੇਅਰਮੈਨ ਰਣਜੇਤ ਸਿੰਘ, ਮਲਕੀਤ ਸਿੰਘ ਵੈਰੋਨੰਗਲ, ਮਾਣਕ ਮਹਿਤਾ, ਗਗਨ ਬਟਾਲਾ, ਨਿੱਕੂ ਹੰਸਪਾਲ, ਬਲਾਕ ਪ੍ਰਧਾਨ ਪਰਮਜੀਤ ਸਿੰਘ ਖੋਖਰ, ਪੀਟਰ ਮੱਟੂ, ਸੈਮੂਅਲ ਗਿੱਲ ਦਾਖਲਾ, ਵਿਕਰਮ ਚੌਹਾਨ ਤੋਂ ਇਲਾਵਾ ਹੋਰ ਵੀ ਪ੍ਰਮੁੱਖ ਆਗੂ ਹਾਜ਼ਰ ਸਨ।

# ਇੰਟਰਨੈੱਟ ਤੇ ਕੇਬਲ ਉਪਰੇਟਰਾਂ ਨੂੰ ਡੀ ਸੀ ਨੇ ਦਿੱਤਾ ਤਿੰਨ ਦਿਨ ਦਾ ਸਮਾਂ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਅੰਮ੍ਰਿਤਸਰ ਸ਼ਹਿਰ ਦੇ ਬਾਜ਼ਾਰਾਂ, ਸੜਕਾਂ ਅਤੇ ਗਲੀਆਂ ਵਿੱਚ ਲੱਗੀ ਬਿਜਲੀ, ਟੈਲੀਫੋਨ ਦੇ ਖੰਭਿਆਂ ਅਤੇ ਹੋਰ ਸਾਧਨਾਂ ਨਾਲ ਬੇਤਰਤੀਬੀਆਂ ਟੰਗੀਆਂ ਤਾਰਾਂ, ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਕੇਬਲ ਉਪਰੇਟਰਾਂ ਅਤੇ ਮੋਬਾਇਲ ਇੰਟਰਨੈੱਟ ਪ੍ਰੋਵਾਈਡ ਕਰਨ ਵਾਲੀਆਂ ਕੰਪਨੀਆਂ ਦੀ ਹੈ, ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਤਰਤੀਬਵਾਰ ਕਰਨ ਲਈ ਤਿੰਨ ਦਿਨ ਦਾ ਸਮਾਂ ਦਿੱਤਾ ਹੈ।ਇਸ ਸਬੰਧੀ ਆਪਣੇ ਦਫਤਰ ਵਿੱਚ ਬੁਲਾਈ ਗਈ ਮੀਟਿੰਗ ਵਿੱਚ ਉਕਤ ਕੰਪਨੀਆਂ ਦੇ ਮੈਨੇਜਰਾਂ ਨੂੰ ਹਦਾਇਤ ਕਰਦੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਤੁਹਾਡੇ ਵੱਲੋਂ ਸੇਵਾ ਦੇਣ ਲਈ ਕੀਤੇ ਗਏ ਪ੍ਰਬੰਧ ਆਮ ਲੋਕਾਂ ਦੀ ਜਾਨ ਮਾਲ ਦਾ ਨੁਕਸਾਨ ਕਰ ਸਕਦੇ ਹਨ।ਇਸ ਤੋਂ ਇਲਾਵਾ ਇਹਨਾਂ ਤਾਰਾਂ ਦਾ ਖਿਲਾਰਾ ਸ਼ਹਿਰ ਦੀ ਸੁੰਦਰਤਾ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਉਹਨਾਂ ਨੇ ਕਿਹਾ ਕਿ ਅਜਿਹੀ ਹਾਲਤ ਵਿੱਚ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਤਾਰਾਂ, ਮੀਟਰਾਂ ਅਤੇ ਬੂਸਟਰਾਂ ਨੂੰ ਤਰਤੀਬਵਾਰ ਕਰੋ।ਮੈਡਮ ਸਾਹਨੀ ਨੇ ਇਸ ਤੋਂ ਇਲਾਵਾ ਬੀਐੱਸਐੱਨਐੱਲ ਅਤੇ ਪੀਐੱਸਪੀਸੀਐੱਲ ਦੇ ਅਧਿਕਾਰੀਆਂ ਨੂੰ ਵੀ ਆਪਣੀਆਂ ਤਾਰਾਂ ਅਤੇ ਖੰਭਿਆਂ ਦੀ ਜਾਂਚ ਕਰਨ ਲਈ ਕਿਹਾ ਤਾਂ ਜੋ ਜਿੱਥੇ ਵੀ ਕਿਧਰੇ ਇਸ ਵਿੱਚ ਸੁਧਾਰ ਦੀ ਲੋੜ ਹੈ ਉਸਨੂੰ ਕੀਤਾ ਜਾ ਸਕੇ।

# ਲਾਹੌਰ ਬ੍ਰਾਂਚ ਨਹਿਰ 'ਤੇ ਬਣੇ ਨੀਵੇਂ ਪੁਲ ਤੋਂ ਦੁਖੀ ਲੋਕਾਂ ਵੱਲੋਂ ਰੋਸ ਪ੍ਰਗਟ



ਮਜੀਠਾ (ਸੋਨਿਮ ਆਨੰਦ)-ਹਲਕਾ ਮਜੀਠਾ ਦੇ ਪਿੰਡ ਭੰਗਵਾਂ ਤੋਂ ਮਜੀਠਾ, ਕੱਟਲਾ ਗੁੱਜਰਾਂ, ਪੰਧੇਰ, ਮਹੱਦੀ ਤੋਂ ਵਾਇਆ ਫਤਿਹਗੜ੍ਹ ਚੂੜੀਆਂ ਨੂੰ ਜੋੜਦੀ ਸੜਕ ਤੇ ਬਣੇ ਲਾਹੌਰ ਬ੍ਰਾਂਚ ਨਹਿਰ 'ਤੇ ਬਣੇ ਪੁਲ ਤੋਂ ਲੋਕ ਬਹੁਤ ਪਰੇਸ਼ਾਨ ਹਨ।ਇਹ ਪੁਲ ਬਣੇ ਨੂੰ ਕਰੀਬ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਇਹ ਪੁਲ ਸਾਈਡਾਂ ਤੋਂ ਟੁੱਟ ਤੋਂ ਵੱਧ ਡੂੰਘਾ ਹੈ ਅਤੇ ਪੁਲ 'ਤੇ ਵੀ ਟੋਏ ਪਏ ਹੋਏ ਹਨ।ਬਰਸਾਤਾਂ ਦੇ ਮੌਸਮ ਵਿਚ ਇਸ ਪੁਲ ਉਪਰ ਦੋ ਦੋ ਫੁੱਟ ਪਾਣੀ ਖੜ੍ਹ ਜਾਂਦਾ ਹੈ ਜਿਸ ਉਪਰ ਦੀ ਸਕੂਲ ਜਾਣ ਵਾਲੇ ਬੱਚਿਆਂ, ਨੌਕਰੀ ਪੇਸ਼ੇ ਵਾਲਿਆਂ ਤੇ ਆਮ ਕੰਮਕਾਜ ਕਰਨ ਵਾਲਿਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਮੌਕੇ ਉਘੇ ਨੌਜਵਾਨ ਸਮਾਜਸੇਵੀ ਆਗੂ ਸੁਖਚੈਨ ਸਿੰਘ ਸੁੱਖ ਭੰਗੂ ਨੇ ਕਿਹਾ ਕਿ ਇਸ ਪੁਲ ਨੂੰ ਪੱਧਰਾ ਕਰਨ ਸਬੰਧੀ ਕਈ ਵਾਰ ਉਚ ਅਧਿਕਾਰੀਆਂ ਨੂੰ ਕਹਿ ਚੁੱਕੇ ਹਾਂ ਪਰ ਕਿਸੇ ਵੀ ਅਧਿਕਾਰੀ ਨੇ ਇਸ ਪੁਲ ਨੂੰ ਪੱਧਰਾ ਕਰਨ ਵੱਲ ਧਿਆਨ ਨਹੀਂ ਦਿੱਤਾ ਅਤੇ ਕਈ ਵਾਰ ਫੋਨ ਕੀਤਾ ਪਰ ਉਨ੍ਹਾਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ।ਇਸ ਮੌਕੇ ਸਮਾਜ ਸੇਵੀ ਭੰਗੂ ਨੇ ਕਿਹਾ ਕਿ ਹੁਣ ਵਾਲੀ ਪੰਚਾਇਤ ਪਿੰਡ ਦੀ ਭਲਾਈ ਲਈ ਕੋਈ ਕਸਰ ਨਹੀਂ ਛੱਡੇਗੀ।ਇਸ ਸਬੰਧੀ ਪੀਡਬਲਯੂਡੀ ਠੇਕੇਦਾਰਾਂ ਵੱਲੋਂ ਦੀ ਨਹਿਰੀ ਵਿਭਾਗ ਦੇ ਐੱਸਡੀਓ ਰੋਹਿਤ ਕੁਮਾਰ ਨਾਲ ਫੋਨ ਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਮੈਂ ਅਜੇ ਇਸ ਏਰੀਏ ਵਿਚ ਨਵਾਂ ਹੀ ਆਇਆ ਤੇ ਜਲਦੀ ਹੀ ਰਹਿੰਦੇ ਕੰਮ ਕਰਵਾਏ ਜਾਣਗੇ। ਇਸ ਮੌਕੇ ਸੁਖਚੈਨ ਸਿੰਘ ਸੁੱਖ ਭੰਗੂ ਨਾਲ ਰੇਸ਼ਮ ਸਿੰਘ, ਅਗਰੇਜ਼ ਸਿੰਘ, ਜਸਕਰਨ ਸਿੰਘ ਜੱਸ ਭੰਗੂ, ਨੰਬਰਦਾਰ ਹਰਦਿਆਲ ਸਿੰਘ, ਮਨਜੀਤ ਸਿੰਘ ਬੱਬੀ, ਰਣਜੀਤ ਸਿੰਘ ਰਾਣਾ, ਹਰਬੰਸ ਸਿੰਘ ਪੰਚ, ਦਿਲਬਾਗ ਸਿੰਘ ਸੈਕਟਰੀ, ਪ੍ਰਨਾਮ ਸਿੰਘ, ਗੁਰਮੇਜ ਸਿਘ ਆੜਤੀ ਆਦਿ ਪਿੰਡ ਵਾਸੀ ਹਾਜ਼ਰ ਸਨ।

# ਰਈਆ ਵਿਖੇ ਸਵਾ ਦਸ ਕਰੋੜ ਦੀ ਲਾਗਤ ਨਾਲ ਬਣਨ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਸ਼ੁਰੂਆਤ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਹਲਕਾ ਬਾਬਾ ਬਕਾਲਾ ਸਾਹਿਬ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਰਈਆ ਵਿਖੇ ਕਰੀਬ ਸਵਾ ਦਸ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਨੇ ਇਲਾਕਾ ਵਾਸੀਆਂ ਨਾਲ ਇਹ ਖੁਸ਼ੀ ਸਾਂਝੀ ਕਰਦੇ ਦੱਸਿਆ ਕਿ ਰਈਆ ਕਸਬੇ ਦਾ ਗੰਦਾ ਪਾਣੀ ਜੋ ਕਿ ਪਹਿਲਾਂ ਪਿੰਡ ਦੇ ਗੰਦੇ ਛੱਪੜਾਂ ਅਤੇ ਗਲੀਆਂ ਬਾਜ਼ਾਰਾਂ ਵਿੱਚ ਖੜਾ ਰਹਿੰਦਾ ਸੀ ਹੁਣ ਇਸ ਪਲਾਂਟ ਦੇ ਲੱਗਣ ਨਾਲ ਸਾਫ ਹੋ ਕੇ ਮੁੜ ਵਰਤੋਂ ਲਈ ਯੋਗ ਬਣ ਜਾਵੇਗਾ ਜਿਸ ਨੂੰ ਅੱਗੇ ਖੇਤਾਂ ਵਿੱਚ ਸਿੰਚਾਈ ਲਈ ਵੀ ਵਰਤਿਆ ਜਾਵੇਗਾ। ਉਹਨਾਂ ਨੇ ਕਿਹਾ ਕਿ ਸਾਡੀ ਸਰਕਾਰ ਦੀ ਕੋਸ਼ਿਸ਼ ਹਰੇਕ ਕਸਬੇ ਅਤੇ ਪਿੰਡ ਨੂੰ ਸ਼ਹਿਰਾਂ ਵਾਲੀਆਂ ਸਹੂਲਤਾਂ ਦੇਣ ਦੀ ਹੈ ਅਤੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਕੋਸ਼ਿਸ਼ ਸਦਕਾ ਸਾਨੂੰ ਇਹ ਪ੍ਰੋਜੈਕਟ ਮਿਲਿਆ ਹੈ। ਉਹਨਾਂ ਨੇ ਕਿਹਾ ਕਿ ਇਸੇ ਤਰਜ ਉੱਤੇ ਪਿੰਡਾਂ ਦੇ ਛੱਪੜਾਂ ਨੂੰ ਵੀ ਵਿਕਸਿਤ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਹਨਾਂ ਛੱਪੜਾਂ ਨੂੰ ਥਾਪਰ ਮਾਡਲ ਵਜੋਂ ਵਿਕਸਿਤ ਕਰਕੇ ਇਹਨਾਂ ਛੱਪੜਾਂ ਦਾ ਪਾਣੀ ਸਾਫ ਕੀਤਾ ਜਾਵੇਗਾ। ਉਪਰੰਤ ਖੇਤਾਂ ਲਈ ਵਰਤੋਂ ਯੋਗ ਬਣਾਇਆ ਜਾਵੇਗਾ। ਸ. ਟੌਂਗ ਨੇ ਇਸ ਮੌਕੇ ਇਲਾਕਾ ਵਾਸੀਆਂ ਨੂੰ ਇਸ ਵੱਕਾਰੀ ਪ੍ਰੋਜੈਕਟ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਡੀ ਕੋਸ਼ਿਸ਼ ਇਸ ਨੂੰ ਛੇਤੀ ਤੋਂ ਛੇਤੀ ਸ਼ੁਰੂ ਕਰਨ ਦੀ ਹੈ। ਇਸ ਮੌਕੇ ਐੱਸਡੀਓ ਸੰਦੀਪ ਸਿੰਘ, ਜੇ. ਈ. ਕੁਲਬੀਰ ਸਿੰਘ, ਇੰਸਪੈਕਟਰ ਸੁਖਬੀਰ ਸਿੰਘ, ਸੁਰਜੀਤ ਸਿੰਘ, ਸੰਜੀਵ ਭੰਡਾਰੀ, ਸਰਬਜੀਤ, ਜਗਤਾਰ ਬਿੱਲਾ, ਸਰਬਗੀਤ ਫੌਜੀ, ਯੋਗ ਵੀਰ, ਭੁਪਿੰਦਰ ਮਾਨ, ਸਰਪੰਚ ਪ੍ਰਭ ਦਿਆਲ ਸਿੰਘ, ਵਿਸ਼ਾਲ ਮੰਨਣ, ਪਟਵਾਰੀ ਅਨਿਲ ਕੁਮਾਰ, ਸੁਰਿੰਦਰ ਸਿੰਘ, ਅਮਿਤ ਕੁਮਾਰ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਵੈੱਲਫੇਅਰ ਫਾਊਂਡੇਸ਼ਨ ਨੇ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਨੂੰ ਦਿੱਤਾ ਸਨਮਾਨ ਚਿੰਨ੍ਹ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਹਰ ਸਾਲ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਜਾ ਰਹੇ ਗੁਰਮਤਿ ਇਮਤਿਹਾਨਾਂ ਵਿੱਚ ਭਾਗ ਲਿਆ ਜਾਂਦਾ ਹੈ ਅਤੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਵਧੀਆ ਨਤੀਜੇ ਪ੍ਰਾਪਤ ਕੀਤੇ ਜਾਂਦੇ ਹਨ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੱਤਵਾਂ ਗੁਰਮਤਿ ਇਮਤਿਹਾਨ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਕਰਵਾਇਆ ਗਿਆ। ਇਸ ਗੁਰਮਿਤ ਇਮਤਿਹਾਨ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ 50 ਵਿਦਿਆਰਥੀਆ ਨੇ ਭਾਗ ਲਿਆ ਅਤੇ ਵਧੀਆ ਕਾਰਗੁਜ਼ਾਰੀ ਕੀਤੀ। ਸਿੱਖ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਸਕੂਲ ਦੇ ਵਿਦਿਆਰਥੀਆਂ ਦੀ ਇਸ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਅਤੇ ਵਿਦਿਆਰਥੀਆਂ ਦੇ ਵਧੀਆ ਭਵਿੱਖ ਲਈ ਸਕੂਲ ਵੱਲੋਂ ਕੀਤੇ ਜਾ ਰਹੇ ਵਧੀਆ ਉਪਰਾਲਿਆਂ ਲਈ ਸਕੂਲ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਸਿੱਖ ਵੈੱਲਫੇਅਰ ਸੋਸਾਇਟੀ ਅਤੇ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਲੋਕ ਸੇਵਾ ਦਲ ਨੇ ਦੋ ਲੜਕੀਆਂ ਦੇ ਵਿਆਹਾਂ 'ਤੇ ਦਿੱਤਾ ਘਰੇਲੂ ਸਾਮਾਨ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲੋਕ ਸੇਵਾ ਦਲ (ਰਜਿ) ਦੀਨਾਨਗਰ ਵੱਲੋਂ ਸਮਾਜ ਸੇਵਾ ਵਿੱਚ ਵਾਧਾ ਕਰਦੇ ਹੋਏ ਪਿੰਡ ਨਾਰਦਾਂ ਅਤੇ ਪਿੰਡ ਕੋਠੇ ਪੰਜਾਬ ਸਿੰਘ ਦੇ ਲੋੜਵੰਦ ਪਰਿਵਾਰਾਂ ਦੀਆਂ ਦੋ ਲੜਕੀਆਂ ਦੇ ਵਿਆਹ ਵੇਲੇ ਪ੍ਰਧਾਨ ਸੁਖਵਿੰਦਰ ਸਿੰਘ ਪਹਾੜਾ ਦੀ ਅਗਵਾਈ ਵਿੱਚ ਘਰੇਲੂ ਸਾਮਾਨ ਦਿੱਤਾ ਗਿਆ। ਸੋਸਾਇਟੀ ਪ੍ਰਧਾਨ ਨੇ ਦੱਸਿਆ ਕਿ ਦੋ ਪੱਖੇ, ਦੋ ਗੱਦੇ ਸੈੱਟ, ਦੋ ਪ੍ਰੈਸਾਂ, 102 ਬਰਤਣ (ਸਟੀਲ), ਪੰਜ ਕੰਬਲ, 6 ਬਿਸਤਰੇ, ਦੋ ਮਿਕਸਰ ਜੂਸਰ, ਦੋ ਟਰੰਕ, ਦੋ ਚੁੱਲੇ ਗੈਸ ਵਾਲੇ, 12 ਸੂਟ ਲਹਿੰਗਾ, ਦੋ ਬੈੱਡ ਸ਼ੀਟਾਂ ਅਤੇ ਲੜਕੀਆਂ ਨੂੰ 6400 ਰੁਪਏ ਸ਼ਗਨ ਵਜੋਂ ਭੇਟ ਕੀਤੇ ਗਏ।ਇਸ ਮੌਕੇ ਸਰਪ੍ਰਸਤ ਡਾਕਟਰ ਬੀ. ਐੱਸ. ਬਾਜਵਾ ਵੱਲੋਂ ਜਥੇਬੰਦੀ ਦੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਤੇ ਲੜਕੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਲੜਕੀਆਂ ਵਾਸਤੇ ਅਰਦਾਸ ਕੀਤੀ ਗਈ ਕਿ ਗ੍ਰਹਿਸਥੀ ਜੀਵਨ ਸੁਖਮਈ ਹੋਵੇ।ਇਸ ਮੌਕੇ ਉਪਰੋਕਤ ਤੋਂ ਇਲਾਵਾ ਬਿਕਰਨਜੀਤ ਸਿੰਘ ਚੰਦਰਭਾਨ, ਡਾਕਟਰ ਸੁਨੀਲ ਮੁਹਾਜਨ, ਰਾਹੁਲ, ਬਬਲੂ, ਬਲਜਿੰਦਰ ਸਿੰਘ ਲੋਹਗੜ੍ਹ, ਕੁਲਦੀਪ ਸਿੰਘ ਜੱਟੂਵਾਲ, ਰਵੀਸ ਬਹਿਲ, ਭਾਈ ਮਹਿੰਦਰ ਸਿੰਘ, ਉਂਕਾਰ ਸਿੰਘ ਫੌਜੀ, ਜੀਤ ਸਿੰਘ ਗਾਜ਼ੀਕੋਟ, ਤਿਲਕ ਚੌਹਾਨ, ਕਮਲ ਮਹਾਜਨ, ਬਲਰਾਜ ਸਿੰਘ, ਜੋਗਿੰਦਰ ਸਿੰਘ, ਨਰਿੰਦਰ ਕੁਮਾਰ, ਦਰਸ਼ਨ ਸਿੰਘ, ਬਹਾਦਰ ਸਿੰਘ ਅਤੇ ਮਹਾਜਨ ਸਭਾ ਦਾ ਵੀ ਸਹਿਯੋਗ ਰਿਹਾ।ਅੰਤ ਵਿਚ ਲੜਕੀਆਂ ਦੇ ਪਰਿਵਾਰਾਂ ਵੱਲੋਂ ਲੋਕ ਸੇਵਾ ਦਲ ਦੇ ਸਮੂਹ ਸੇਵਕਦਾਰਾਂ ਦਾ ਧੰਨਵਾਦ ਕੀਤਾ ਗਿਆ।

# ਭਗਤਾਂ ਵਾਲਾ ਕੂੜਾ ਡੰਪ ਤੋਂ ਕੂੜਾ ਹਟਾਉਣ ਦਾ ਕੰਮ ਸ਼ੁਰੂ

## * ਛੇਤੀ ਹੀ ਇਸ ਥਾਂ ਲੱਗੇਗਾ ਵੇਸਟ ਟੂ ਐਨਰਜੀ ਪਲਾਂਟ



**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)**—ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਝਰ ਅਤੇ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਭਗਤਾਂ ਵਾਲਾ ਕੂੜਾ ਡੰਪ ਤੋਂ ਬਾਇਓਮੈਡੀਏਸ਼ਨ ਦੇ ਕੰਮ ਦੀ ਸ਼ੁਰੂਆਤ ਕੀਤੀ।ਇਸ ਮੌਕੇ ਵਿਧਾਇਕ ਡਾ: ਨਿੱਝਰ ਨੇ ਕਿਹਾ ਕਿ ਇੰਨੇ ਵੱਡੇ ਕੂੜਾ ਡੰਪ ਤੋਂ ਬਾਇਓਮੈਡੀਏਸ਼ਨ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਇਸ ਡੰਪ ਤੋਂ ਕੂੜੇ ਦਾ ਪਹਾੜ ਹਟਾਇਆ ਜਾਵੇਗਾ ਜਿਸ ਦੀ ਅੱਜ ਸ਼ੁਰੂਆਤ ਹੋ ਗਈ ਹੈ।ਉਨ੍ਹਾਂ ਕਿਹਾ ਕਿ ਇਸ ਕੂੜਾ ਡੰਪ ਦੇ ਆਸ-ਪਾਸ ਰਹਿਣ ਵਾਲੇ ਖਾਸ ਕਰਕੇ ਦੱਖਣੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਬਾਇਓਮੈਡੀਏਸ਼ਨ ਕਰਕੇ ਕੂੜੇ ਵਿੱਚੋਂ ਖਾਦ ਕੱਢੀ ਜਾਵੇਗੀ।ਇਸ ਦੇ ਨਾਲ ਹੀ ਆਰ. ਡੀ. ਐੱਫ. ਜਿਸ ਨੂੰ ਫੈਕਟਰੀਆਂ ਰਾਹੀਂ ਸਾੜਿਆ ਜਾਵੇਗਾ।ਇਸ ਮੌਕੇ ਨਗਰ ਨਿਗਮ ਦੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਫਿਲਹਾਲ ਬਾਇਓਮੈਡੀਏਸ਼ਨ ਲਈ ਮਸ਼ੀਨ ਸ਼ੁਰੂ ਕੀਤੀ ਗਈ ਹੈ ਜੋ ਹਰ ਰੋਜ਼ 1 ਹਜ਼ਾਰ ਟਨ ਕੂੜੇ ਦੀ ਬਾਇਐਮੈਡੀਏਟ ਕਰੇਗੀ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਮਸ਼ੀਨਾਂ ਲਗਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲ ਵਿੱਚ ਕੂੜੇ ਦੇ ਇਸ ਪਹਾੜ ਨੂੰ ਕਿਸੇ ਵੀ ਹਾਲਤ ਵਿੱਚ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਅਤੇ ਕੂੜੇ ਦੇ ਇਸ ਪਹਾੜ ਨੂੰ ਹਟਾਉਣ ਦੇ ਮੁੱਖ ਟੀਚੇ ਨੂੰ ਮੁੱਖ ਰੱਖਦਿਆਂ ਉਹ ਖ਼ੁਦ ਆਪਣੇ ਅਧਿਕਾਰੀਆਂ ਨਾਲ ਮਿਲ ਕੇ ਇਸ ਕੰਮ ਵਿੱਚ ਲੱਗੇ ਹੋਏ ਹਨ।ਨਿਗਮ ਕਮਿਸ਼ਨਰ ਔਲਖ ਨੇ ਕਿਹਾ ਕਿ ਕੂੜੇ ਦੇ ਇਸ ਪਹਾੜ ਨੂੰ ਹਟਾ ਕੇ ਇਸ ਥਾਂ ਤੇ ਵੇਸਟ ਟੂ ਐਨਰਜੀ ਪਲਾਂਟ ਲਗਾਇਆ ਜਾਣਾ ਹੈ।ਇਸ ਮੌਕੇ ਨਗਰ ਨਿਗਮ ਦੇ ਸਿਹਤ ਅਧਿਕਾਰੀ ਡਾ: ਕਿਰਨ ਕੁਮਾਰ, ਨਵਨੀਤ ਸ਼ਰਮਾ, ਤਰਲੋਕ ਸਿੰਘ ਗਿੱਲ, ਹਰਸਿਮਰਨ ਸਿੰਘ ਵੀ. ਗਿੱਲ, ਅਵਾਰਦਾ ਕੰਪਨੀ ਦੇ ਰਾਜਾ ਸ਼ੇਖ, ਅਵਾਰਦਾ ਕੰਪਨੀ ਦੇ ਰਾਜਾ ਸਿੱਦੀਕੀ, ਹਰਿੰਦਰ ਢਾਈਆ, ਚੀਫ ਸੈਨੇਟਰੀ ਇੰਸਪੈਕਟਰ ਸਰਬਜੀਤ ਸਿੰਘ ਅਤੇ ਇਲਾਕੇ ਦੇ ਲੋਕ ਹਾਜ਼ਰ ਸਨ।

# ਕਬੀਰ ਮੰਦਰ ਫੱਜੂਪੁਰ ਦੇ ਸੰਸਥਾਪਕ ਬਾਬਾ ਮੰਗਲ ਦਾਸ ਦੀ ਸਾਲਾਨਾ ਬਰਸੀ 8 ਨੂੰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪ੍ਰਬੰਧਕ ਕਮੇਟੀ ਸਤਿਗੁਰੂ ਕਬੀਰ ਮੰਦਰ ਫੱਜੂਪੁਰ ਦੀ ਅਹਿਮ ਮੀਟਿੰਗ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਵਿਖੇ ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਤਿਗੁਰੂ ਕਬੀਰ ਮੰਦਰ ਫੱਜੂਪੁਰ ਦੇ ਸੰਸਥਾਪਕ ਬਾਬਾ ਮੰਗਲ ਦਾਸ ਦੀ ਸਾਲਾਨਾ ਬਰਸੀ ਮਨਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ ਅਤੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਬਾਬਾ ਮੰਗਲ ਦਾਸ ਦੀ ਬਰਸੀ 8 ਦਸੰਬਰ ਦਿਨ ਐਤਵਾਰ ਸਤਿਗੁਰੂ ਕਬੀਰ ਮੰਦਰ ਫੱਜੂਪੁਰ ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧੀ ਕਬੀਰ ਮੰਦਿਰ ਵਿਖੇ ਸਵੇਰੇ 11:30 ਵਜੇ ਤੋਂ 2 ਵਜੇ ਤੱਕ ਸਮਾਗਮ ਹੋਵੇਗਾ। ਸਮਾਗਮ ਦੌਰਾਨ ਰਾਗੀ ਜਥਾ ਭਗਤ ਦੀਨਾ ਨਾਥ ਵੱਲੋਂ ਸਤਿਗੁਰੂ ਕਬੀਰ ਜੀ ਦੀ ਬਾਣੀ ਦੇ ਰਸਭਿੰਨੇ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਮੀਟਿੰਗ ਵਿੱਚ ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜ਼ਿਲੇਦਾਰ, ਸੀਨੀਅਰ ਮੀਤ ਪ੍ਰਧਾਨ ਪ੍ਰੇਮ ਪਾਲ ਪੰਮਾ, ਕੈਸ਼ੀਅਰ ਪ੍ਰੇਮ ਪਾਲ ਭਗਤ ਅਹਿਮਦਾਬਾਦ, ਸੇਵਾਦਾਰ ਕੁੰਦਨ ਲਾਲ, ਕੀਮਤੀ ਲਾਲ ਭਗਤ, ਸਾਈਂ ਦਾਸ ਭਗਤ, ਪ੍ਰੇਮ ਸਿੰਘ ਬੇਦੀ ਕਲੋਨੀ ਧਾਰੀਵਾਲ, ਪ੍ਰੇਮ ਪਾਲ ਨੰਬਰਦਾਰ, ਜਤਿੰਦਰ ਭਗਤ ਦੀਨਪੁਰ, ਐਡਵੋਕੇਟ ਲਲਿਤ ਪ੍ਰਸਾਦ, ਹਰੀ ਰਾਮ ਭਗਤ, ਰਾਜ ਕੁਮਾਰ, ਤਲਵਿੰਦਰ ਪਾਲ ਹੈਪੀ, ਹਰਮੀਤ ਭਗਤ, ਬਲਵਿੰਦਰ ਬਿੰਦਾ ਆਦਿ ਸ਼ਾਮਲ ਸਨ।



# ਮਨਜੀਤ ਸਿੰਘ ਕਾਦੀਆਂ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਬਟਾਲਾ (ਤਰਲੋਕ ਬੱਗਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਤਹਿਸੀਲ ਕਮੇਟੀ ਬਟਾਲਾ ਦੇ ਸੀਨੀਅਰ ਆਗੂ ਸੇਵਾਮੁਕਤ ਹੈੱਡਮਾਸਟਰ ਕਾਮਰੇਡ ਮਨਜੀਤ ਸਿੰਘ ਕਾਦੀਆਂ ਜੋ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਦੀ ਮੌਤ 'ਤੇ ਆਰਐੱਮਪੀਆਈ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ, ਜ਼ਿਲ੍ਹਾ ਸਕੱਤਰ ਸਾਥੀ ਨੱਥਾ ਸਿੰਘ ਢੱਡਵਾਲ, ਜ਼ਿਲ੍ਹਾ ਪ੍ਰਧਾਨ ਸ਼ਿਵ ਕੁਮਾਰ, ਸੂਬਾ ਕਮੇਟੀ ਮੈਂਬਰਾਂ ਠਾਕੁਰ ਧਿਆਨ ਸਿੰਘ, ਮੱਖਣ ਕੁਹਾੜ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਕਾਮਰੇਡ ਅਜੀਤ ਸਿੰਘ ਠੱਕਰਸੰਧੂ, ਤਹਿਸੀਲ ਸਕੱਤਰ ਸੰਤੋਖ ਸਿੰਘ ਔਲਖ, ਤਹਿਸੀਲ ਪ੍ਰਧਾਨ ਸੁਰਜੀਤ ਘੁਮਾਣ, ਤਹਿਸੀਲ ਕਮੇਟੀ ਮੈਂਬਰ ਕਾਮਰੇਡ ਸੁਰਜੀਤ ਸਿੰਘ ਕਾਦੀਆਂ, ਜਸਮੰਗਲ ਸਿੰਘ ਲੀਲ ਕਲਾਂ, ਜਗੀਰ ਸਿੰਘ ਕਿਲ੍ਹਾ ਲਾਲ ਸਿੰਘ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਸਾਥੀ ਮਨਜੀਤ ਸਿੰਘ ਦੇ ਵਿਛੋੜੇ ਨਾਲ ਪਰਿਵਾਰ ਤੇ ਪਾਰਟੀ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।ਸਾਥੀ ਮਨਜੀਤ ਸਿੰਘ ਨੇ ਤਾਉਮਰ ਕਮਿਊਨਿਸਟ ਲਹਿਰ ਦੇ ਲੇਖੇ ਲਾਈ। ਪਹਿਲਾਂ ਗੌਰਮਿੰਟ ਟੀਚਰ ਯੂਨੀਅਨ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿੱਚ ਮੂਹਰਲੀਆਂ ਕਤਾਰਾਂ ਵਿੱਚ ਮੁਲਾਜ਼ਮਾਂ ਦੇ ਘੋਲਾਂ ਦੀ ਅਗਵਾਈ ਕੀਤੀ ਅਤੇ ਬਾਅਦ ਮਜ਼ਦੂਰਾਂ-ਕਿਸਾਨਾਂ ਦੇ ਸੰਘਰਸ਼ਾਂ ਵਿੱਚ ਮਿਸਾਲੀ ਯੋਗਦਾਨ ਪਾਇਆ।ਸਾਥੀ ਮਨਜੀਤ ਸਿੰਘ ਕਾਦੀਆਂ ਨੇ ਕਈ ਵਾਰ ਮੁਲਾਜ਼ਮਾਂ ਤੇ ਜਨਤਕ ਜਥੇਬੰਦੀਆਂ ਦੇ ਸੰਘਰਸ਼ਾਂ ਦੌਰਾਨ ਜੇਲਾਂ ਵੀ ਕੱਟੀਆਂ।ਕਾਮਰੇਡ ਮਨਜੀਤ ਸਿੰਘ ਦੀ ਅੰਤਿਮ ਅਰਦਾਸ 11 ਦਸੰਬਰ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਸੰਤ ਨਗਰ ਰੇਲਵੇ ਰੋਡ ਕਾਦੀਆਂ ਵਿਖੇ ਹੋਵੇਗੀ।

# ਕੈਂਸਰ ਤੇ ਹੋਰ ਰੋਗਾਂ ਦੀ ਜਾਂਚ ਸੰਬੰਧੀ ਪਿੰਡ ਨੌਨਾ 'ਚ ਲੱਗਾ ਕੈਂਪ



ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਨੌਨਾ ਵਿੱਚ ਸੀਨੀਅਰ ਕਾਂਗਰਸੀ ਆਗੂ ਮਨਜੀਤ ਸਿੰਘ ਨੌਨਾ ਦੀ ਅਗਵਾਈ ਹੇਠ ਕੈਂਸਰ ਤੇ ਹੋਰ ਰੋਗ ਟੈਸਟ ਕਰਨ ਸਬੰਧੀ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਰਾਜਬੀਰ ਸਿੰਘ ਪੱਖੋਕੇ ਮੀਤ ਪ੍ਰਧਾਨ ਪੰਜਾਬ ਕਾਂਗਰਸ ਪਾਰਟੀ ਨੇ ਕੀਤਾ।ਇਸ ਮੌਕੇ ਪੱਖੋਕੇ ਤੇ ਨੌਨੇ ਨੇ ਕਿਹਾ ਕਿ ਇਹੋ ਜਿਹੇ ਕੈਂਪ ਹਰ ਪਿੰਡ ਵਿੱਚ ਲੱਗਣੇ ਚਾਹੀਦੇ ਹਨ।ਉਹਨਾਂ ਕਿਹਾ ਕਿ ਸਾਡਾ ਪੌਣ ਪਾਣੀ ਐਨਾ ਦੂਸ਼ਿਤ ਹੋ ਚੁੱਕਾ ਹੈ ਕਿ ਆਏ ਦਿਨ ਕੈਂਸਰ ਦੇ ਮਰੀਜ਼ਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਆਪਾਂ ਹਰ ਜ਼ਹਿਰ ਖਾ ਰਹੇ ਹਾਂ ਹਰ ਫ਼ਸਲ ਜ਼ਹਿਰ ਰੂਪੀ ਖਾਦਾਂ, ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਹੀਆਂ ਹਨ।ਉਹਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹਨਾਂ ਖਾਦਾਂ ਤੇ ਦਵਾਈਆਂ ਦੀ ਵਰਤੋਂ ਘੱਟ ਕੀਤੀ ਜਾਵੇ ਤਾਂ ਕਿ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਉਹਨਾਂ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੀ ਤਾਰੀਫ ਕਰਦਿਆਂ ਕਿਹਾ ਕਿ ਇਸ ਸੁਸਾਇਟੀ ਦਾ ਇਹ ਬਹੁਤ ਵਧੀਆ ਉਪਰਾਲਾ ਹੈ। ਸਾਡੇ ਦੇਸ਼ ਨੂੰ ਅਜਿਹੇ ਕੈਂਪ ਲਗਾਉਣ ਦੀ ਬਹੁਤ ਜ਼ਰੂਰਤ ਹੈ।

# ਬੇਰੁਜ਼ਗਾਰ ਨੌਜਵਾਨਾਂ ਲਈ ਮੁਫਤ ਡੇਅਰੀ ਸਿਖਲਾਈ ਕੋਰਸ 9 ਤੋਂ ਸ਼ੁਰੂ ਹੋਵੇਗਾ



ਗੁਰਦਾਸਪੁਰ (ਜਨਕ ਮਹਾਜਨ)-ਡੇਅਰੀ ਵਿਕਾਸ ਵਿਭਾਗ ਪੰਜਾਬ ਵੱਲੋਂ ਜ਼ਿਲਾ ਗੁਰਦਾਸਪੁਰ ਵਿਖੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਪਸ਼ੂ ਪਾਲਕਾਂ ਅਤੇ ਬੇਰੋਜ਼ਗਾਰ ਨੌਜਵਾਨਾਂ ਲਈ ਮੁਫਤ ਡੇਅਰੀ ਸਿਖਲਾਈ ਕੋਰਸ 9 ਦਸੰਬਰ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਦੋ ਹਫਤੇ ਦੀ ਮੁਫਤ ਡੇਅਰੀ ਸਿਖਲਾਈ ਦੇ ਨਾਲ ਨਾਲ ਸਫਲਤਾ ਪੂਰਵਕ ਟਰੇਨਿੰਗ ਕਰਨ ਉਪਰੰਤ ਰੁਪਏ 3500 ਵਜ਼ੀਫਾ ਅਤੇ ਡੇਅਰੀ ਨਾਲ ਸਬੰਧਿਤ ਲਿਟਰੇਚਰ ਵੀ ਦਿੱਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਵਰਿਆਮ ਸਿੰਘ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਨਾਲ ਸਬੰਧਿਤ ਲਾਭਪਾਤਰੀ ਦੀ ਚੋਣ 5 ਦਸੰਬਰ ਤੱਕ ਸਵੇਰੇ 10 ਵਜੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਜ਼ਿਲਾ ਪ੍ਰਬੰਧਕੀ ਕੰਪਲੈਕਸ ਬਲਾਕ-ਬੀ, ਚੌਥੀ ਮੰਜ਼ਲ, ਕਮਰਾ ਨੰ:508 ਵਿਖੇ ਕੀਤੀ ਜਾਵੇਗੀ। ਚਾਹਵਾਨ ਲੜਕੇ/ਵਿਆਹੀਆਂ ਲੜਕੀਆਂ ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਹੋਵੇ, ਪਿੰਡ ਦਾ ਵਸਨੀਕ ਹੋਵੇ, ਆਪਣਾ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਰਟੀਫਿਕੇਟ ਸਮੇਤ ਪਾਸਪੋਰਟ ਸਾਈਜ਼ ਫੋਟੋ, ਘੱਟੋ ਘੱਟ ਪੰਜਵੀਂ ਪਾਸ ਦਾ ਤਸਦੀਕਸ਼ੁਦਾ ਯੋਗਤਾ ਸਰਟੀਫਿਕੇਟ, ਆਧਾਰ ਕਾਰਡ ਨਾਲ ਲੈ ਕੇ ਦਫਤਰ ਵਿਖੇ ਹਾਜ਼ਰ ਹੋਣ। ਚੁਣੇ ਗਏ ਲਾਭਪਾਤਰੀਆਂ ਨੂੰ ਡੇਅਰੀ ਸਿਖਲਾਈ ਸੈਂਟਰ ਵੇਰਕਾ (ਅੰਮ੍ਰਿਤਸਰ) ਵਿਖੇ ਸਿਖਲਾਈ ਦਿੱਤੀ ਜਾਵੇਗੀ। ਪਸ਼ੂਆਂ ਦਾ ਡੇਅਰੀ ਯੂਨਿਟ ਸਥਾਪਿਤ ਕਰਨ ਉਪਰੰਤ ਲਾਭਪਾਤਰੀ ਨੂੰ 33% ਸਬਸਿਡੀ ਵੀ ਦਿੱਤੀ ਜਾਵੇਗੀ।

# ਡਾ. ਭਾਰਤ ਭੂਸ਼ਨ ਦੀ ਅਗਵਾਈ 'ਚ ਕਵਾਲਿਟੀ ਐਸ਼ੋਰੈਂਸ ਸੰਬੰਧੀ ਟ੍ਰੇਨਿੰਗ ਕਰਵਾਈ

ਗੁਰਦਾਸਪੁਰ (ਦਿਨੇਸ਼ ਕੁਮਾਰ)-ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਨ ਦੀ ਅਗਵਾਈ ਹੇਠ ਕਵਾਲਿਟੀ ਐਸ਼ੋਰੈਂਸ ਸੰਬੰਧੀ ਟ੍ਰੇਨਿੰਗ ਕਰਵਾਈ ਗਈ। ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਨ ਨੇ ਕਿਹਾ ਕਿ ਸਮੇਂ-ਸਮੇਂ 'ਤੇ ਕਾਇਆਕਲਪ ਤਹਿਤ ਕਵਾਲਿਟੀ ਐਸ਼ੋਰੈਂਸ ਅਸੈੱਸਮੈਂਟ ਕੀਤੀ ਜਾਂਦੀ ਹੈ। ਸੀਐੱਚਸੀ ਪੀਐੱਚਸੀ ਦੇ ਨਾਲ ਹੀ ਹੈਲਥ ਐਂਡ ਵੈੱਲਨੈੱਸ ਸੈਂਟਰਾਂ ਦੀ ਅਸੈੱਸਮੈਂਟ ਕੀਤੀ ਜਾ ਰਹੀ ਹੈ। ਸਿਹਤ ਸੰਸਥਾਵਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ। ਟ੍ਰੇਨਿੰਗ ਦੌਰਾਨ ਸਟਾਫ ਨੂੰ ਰਿਕਾਰਡ ਦੀ ਸੰਭਾਲ ਅਤੇ ਅਸੈਸਮੈਂਟ ਬਾਰੇ ਦੱਸਿਆ ਗਿਆ। ਅਸੈਸਮੈਂਟ ਮਾਰਕਿੰਗ ਬਾਰੇ ਦੱਸਿਆ ਗਿਆ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ ਮਹਾਜਨ ਨੇ ਕਿਹਾ ਕਿ ਮਰੀਜ਼ਾਂ ਨੂੰ ਮਿਲ ਰਹੀ ਸਹੂਲਤਾਂ ਬਾਰੇ ਜਾਣਕਾਰੀ ਅਨੁਸਾਰ ਅਸੈਸਮੈਂਟ ਕੀਤੀ ਜਾਂਦੀ ਹੈ।

ਅਸੈਸਮੈਂਟ ਅਨੁਸਾਰ ਸੈਂਟਰਾਂ ਦੇ ਕੰਮਕਾਜ ਦੀ ਬਿਹਤਰੀ ਹੋਵੇਗੀ। ਇਸ ਮੌਕੇ ਏਸੀਐੱਸ ਡਾ. ਪ੍ਰਭਜੋਤ ਕੌਰ ਕਲਸੀ, ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ, ਏਐੱਚਏ ਮਨਿੰਦਰ ਕੌਰ, ਮਾਸ ਮੀਡੀਆ ਅਫਸਰ ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।




# ਤਮਗਾ ਜੇਤੂ ਕਰਨਜੋਤ ਤੇ ਪ੍ਰਭਜੋਤ ਦਾ ਜੱਗਾ ਮਜੀਠੀਆ ਵੱਲੋਂ ਸਨਮਾਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਆਈਸੀਐੱਫ ਡਰੈਗਨ ਬੋਟ ਵਰਲਡ ਚੈਂਪੀਅਨਸ਼ਿਪ ਫਿਲਪਾਈਨਸ ਵਿੱਚ ਸੋਨ ਤਮਗਾ ਜਿੱਤਣ ਵਾਲੇ ਕਰਨਜੋਤ ਸਿੰਘ ਅਤੇ ਕਾਂਸੀ ਤਮਗਾ ਜਿੱਤਣ ਵਾਲੇ ਪ੍ਰਭਜੋਤ ਸਿੰਘ ਪੁੱਤਰ ਬਲਦੇਵ ਸਿੰਘ ਭੀਲੋਵਾਲ ਦਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਜੁਗਿੰਦਰ ਪਾਲ ਸਿੰਘ ਜੱਗਾ ਮਜੀਠਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜੱਗਾ ਮਜੀਠਾ ਨੇ ਕਿਹਾ ਕਿ ਸਾਡੇ ਹਲਕੇ ਦੇ ਪਿੰਡ ਪਿੱਲੋਵਾਲ ਧਲਕਾ ਮਜੀਠਾ ਦੀ ਖੁਸ਼ਕਿਸਮਤੀ ਹੈ ਕਿ ਪ੍ਰਭਜੋਤ ਸਿੰਘ ਅਤੇ ਕਰਨਜੋਤ ਸਿੰਘ ਨੇ ਸਾਡੇ ਹਲਕੇ ਦਾ ਨਾਮ ਸਾਰੀ ਦੁਨੀਆ ਵਿੱਚ ਰੌਸ਼ਨ ਕੀਤਾ ਹੈ। ਇਸ ਲਈ ਸਾਨੂੰ ਇਹਨਾਂ ਦੋਵਾਂ ਬੱਚਿਆਂ 'ਤੇ ਮਾਣ ਹੈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਬਲਬੀਰ ਸਿੰਘ ਬੋਪਾਰਾਏ, ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਆਮ ਆਦਮੀ ਪਾਰਟੀ, ਸਰਪੰਚ ਜਗਦੀਸ਼ ਸਿੰਘ ਭੀਲੋਵਾਲ, ਆਪ ਦੇ ਬਲਾਕ ਪ੍ਰਧਾਨ ਤਰਵਿੰਦਰ ਸਿੰਘ ਸਾਧਪੁਰ, ਸਰਪੰਚ ਹਰ ਗੁਰਿੰਦਰ ਸਿੰਘ, ਵਿਜੇ ਕੁਮਾਰ, ਸੁਖਪਾਲ ਸਿੰਘ, ਸੁਰਜੀਤ ਸਿੰਘ ਸਾਰੇ ਮੈਂਬਰ ਪੰਚਾਇਤ, ਗੁਰਦਿਆਲ ਸਿੰਘ, ਤਰਲੋਕ ਸਿੰਘ, ਰਵਿੰਦਰ ਬਾਠ, ਸੁਖਦੇਵ ਰਾਜ, ਤਰਸੇਮ ਸਿੰਘ, ਸਵਰਨ ਸਿੰਘ, ਸੱਜਣ ਸਿੰਘ, ਮਾਸਟਰ ਰਾਮ ਪ੍ਰਕਾਸ਼, ਫਤਹਿਪਾਲ ਸਿੰਘ ਲਾਲਕਾ, ਗੁਰਜੰਟ ਸਿੰਘ, ਅਜੀਤ ਸਿੰਘ ਅਤੇ ਸ਼ੇਰ ਸਿੰਘ ਆਦਿ ਆਗੂ ਹਾਜ਼ਰ ਸਨ।

# ਪਰਖ ਰਾਸ਼ਟਰੀ ਸਰਵੇਖਣ-2024 ਦੀਆਂ ਤਿਆਰੀਆਂ ਮੁਕੰਮਲ: ਪੁਰੇਵਾਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਐੱਮ. ਐੱਚ. ਆਰ. ਡੀ. ਕੇਂਦਰ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵਲੋਂ ਜਿੱਥੇ ਪੂਰੇ ਦੇਸ਼ ਦੇ ਸਕੂਲਾਂ ਵਿੱਚ ਪਰਖ ਰਾਸ਼ਟਰੀ ਸਰਵੇਖਣ ਕਰਵਾਇਆ ਜਾ ਰਿਹਾ ਹੈ, ਉਸੇ ਕੜੀ ਤਹਿਤ ਐੱਸ. ਸੀ. ਈ. ਆਰ. ਟੀ. ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੂਰੇ ਪੰਜਾਬ ਵਿੱਚ ਵੀ ਇਹ ਸਰਵੇ ਕੰਡਕਟ ਕਰਵਾਇਆ ਜਾਵੇਗਾ। ਇਸ ਸੰਬੰਧ ਵਿੱਚ ਜ਼ਿਲੇ ਦੇ ਸਿਲੈਕਡ ਸਰਕਾਰੀ, ਏਡਿਡ, ਪ੍ਰਾਈਵੇਟ, ਮਾਨਤਾ ਪ੍ਰਾਪਤ ਸਕੂਲਾਂ ਦੇ ਸਕੂਲ ਮੁਖੀਆਂ ਦੀ ਇੱਕ ਮੀਟਿੰਗ ਸੁਖਜਿੰਦਰ ਗਰੁੱਪ ਆਫ ਇੰਸਟੀਚਿਊਟ ਹਯਾਤਨਗਰ ਗੁਰਦਾਸਪੁਰ ਵਿਖੇ ਰੱਖੀ ਗਈ। ਮੀਟਿੰਗ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਲਖਵਿੰਦਰ ਸਿੰਘ ਵਿਸ਼ੇਸ ਤੌਰ ਤੇ ਪਹੁੰਚੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਅਮਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਹ ਸਰਵੇ ਜ਼ਿਲੇ ਦੇ ਕੁੱਲ 142 ਸਰਕਾਰੀ, ਪ੍ਰਾਈਵੇਟ, ਮਾਨਤਾ ਪ੍ਰਾਪਤ ਅਤੇ ਏਡਿਡ ਸਕੂਲਾਂ ਦੇ ਵਿਦਿਆਰਥੀਆਂ ਦਾ ਕਰਵਾਇਆ ਜਾਵੇਗਾ, ਜਿਸ ਵਿੱਚ ਕੇਵਲ ਤੀਸਰੀ, ਛੇਵੀਂ ਅਤੇ ਨੌਵੀਂ ਜਮਾਤ ਦੇ ਵਿਦਿਆਰਥੀ ਹੀ ਹਿੱਸਾ ਲੈਣਗੇ। ਇਸ ਸੰਬੰਧੀ ਫੀਲਡ ਇੰਨਵੈਸਟੀਗੇਟਰ ਲਗਾ ਕੇ ਉਨ੍ਹਾਂ ਦੀ ਟ੍ਰੇਨਿੰਗ ਦਾ ਕੰਮ ਵੀ ਮੁਕੰਮਲ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਰਵੇ ਦੌਰਾਨ ਵਿਦਿਆਰਥੀਆਂ ਦੇ ਚਾਰ ਵੱਖ ਵੱਖ ਪੰਜਾਬੀ, ਗਣਿਤ, ਸਾਇੰਸ ਅਤੇ ਸਮਾਜਿਕ ਸਿੱਖਿਆ ਵਿੱਚ ਕੰਪੀਟੈਂਸੀ ਚੈੱਕ ਕੀਤੀ ਜਾਵੇਗੀ। ਇਸ ਦੇ ਨਾਲ ਨਾਲ 04 ਵਿਸ਼ਾਵਾਰ ਅਧਿਆਪਕਾਂ ਅਤੇ ਸਕੂਲ ਮੁਖੀ ਕੋਲੋਂ ਵੀ ਬੁੱਕਲੈਟ ਭਰਵਾਈਆਂ ਜਾਣਗੀਆਂ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਸ ਸਰਵੇ ਦੇ ਡਾਟਾ ਨੂੰ ਲੈ ਕੇ ਪੂਰੇ ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਬਾਰੇ ਨਵੀਆਂ ਸਕੀਮਾਂ ਬਣਾਈਆਂ ਜਾਣ। ਇਸ ਮੌਕੇ ਡਿਪਟੀ ਡੀ. ਈ. ਓ. ਲਖਵਿੰਦਰ ਸਿੰਘ ਨੇ ਸੰਬੰਧਿਤ ਸਕੂਲ ਮੁਖੀਆਂ ਨੂੰ ਸਰਵੇ ਨੂੰ ਕੰਡਕਟ ਕਰਵਾਉਣ ਲਈ ਲੋੜੀਂਦੇ ਅਤੇ ਢੁੱਕਵੇਂ ਪ੍ਰਬੰਧ ਕਰਨ ਲਈ ਕਿਹਾ, ਤਾਂ ਜੋ ਸਰਵੇ ਦਾ ਕੰਮ ਜ਼ਿਲੇ ਦੇ ਸਿਲੈਕਟਿਡ ਸਕੂਲਾਂ ਵਿੱਚ ਸਫਲਤਾ ਪੂਰਵਕ ਪੂਰਾ ਹੋ ਜਾਵੇ। ਇੰਚਾਰਜ ਡਾਈਟ ਨਰੇਸ਼ ਕੁਮਾਰ ਨੇ ਵੀ ਫੀਲਡ ਇਨਵੈਸਟੀਗੇਟਰਾਂ ਨੂੰ ਸਮੇਂ ਸਿਰ ਡਿਊਟੀ ਤੇ ਪਹੁੰਚਣ ਲਈ ਪਾਬੰਧ ਕੀਤਾ। ਇਸ ਮੌਕੇ ਸਮੂਹ ਆਬਜ਼ਰਵਰ, ਫੀਲਡ ਇਨਵੈਸਟੀਗੇਟਰਾਂ ਤੋਂ ਇਲਾਵਾ ਸਕੂਲ ਮੁਖੀਆਂ ਵਿੱਚੋਂ ਅਨਿਲ ਭੱਲਾ, ਰਮਨੀਸ਼ ਕੁਮਾਰ, ਰਾਜੇਸ਼ ਕੁਮਾਰ, ਹਰਜਿੰਦਰ ਸਿੰਘ, ਸੁਨੀਤ ਕੌਸ਼ਲ, ਕਿਰਨ ਬਾਲਾ, ਵਿਸ਼ਾਲ ਮਹਾਜਨ, ਭੁਪਿੰਦਰ ਸਿੰਘ ਸਮਰਾ, ਬੀਆਰਸੀ ਰਣਜੀਤ ਸਿੰਘ, ਗਗਨਦੀਪ ਸਿੰਘ, ਇਕਬਾਲ ਸਿੰਘ ਆਦਿ ਵੀ ਹਾਜ਼ਰ ਸਨ।

# ਹਲਕੇ ਦਾ ਸਰਬਪੱਖੀ ਵਿਕਾਸ ਕਰਕੇ ਆਪਣੇ ਫਰਜ਼ ਦੀ ਅਦਾਇਗੀ ਕਰਾਂਗਾ: ਰੰਧਾਵਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੇ ਕੱਲ ਪੰਜਾਬ ਵਿਧਾਨ ਸਭਾ ਵਿੱਚ ਆਪਣੇ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਇੱਕ ਵਾਰ ਫਿਰ ਹਲਕੇ ਦੇ ਸਮੂਹ ਵੋਟਰਾਂ ਦਾ ਦਿਲੀ ਧੰਨਵਾਦ ਕੀਤਾ ਹੈ। ਸ. ਰੰਧਾਵਾ ਨੇ ਕਿਹਾ ਕਿ ਉਹ ਡੇਰਾ ਬਾਬਾ ਨਾਨਕ ਦੇ ਵੋਟਰਾਂ ਦੇ ਹਮੇਸ਼ਾ ਕਰਜ਼ਦਾਰ ਰਹਿਣਗੇ ਅਤੇ ਉਹ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਹਲਕੇ ਦਾ ਸਰਬਪੱਖੀ ਵਿਕਾਸ ਕਰਵਾ ਕੇ ਆਪਣੇ ਫਰਜ਼ ਦੀ ਅਦਾਇਗੀ ਕਰਨਗੇ।ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਸ੍ਰੀ ਗੁਰੂ ਨਾਨਕ ਸਾਹਿਬ ਦੀ ਚਰਨਛੋਹ ਪ੍ਰਾਪਤ ਧਰਤੀ ਹੈ ਅਤੇ ਇਸ ਪਾਵਨ-ਪਵਿੱਤਰ ਧਰਤੀ ਨੂੰ ਵਿਕਾਸ ਪੱਖੋਂ ਪਿੱਛੇ ਨਹੀਂ ਰਹਿਣ ਦਿੱਤਾ ਜਾਵੇਗਾ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਕੰਮ ਕਰ ਰਹੀ ਹੈ ਅਤੇ ਡੇਰਾ ਬਾਬਾ ਨਾਨਕ ਦੇ ਲੋਕਾਂ ਨੇ ਵੀ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਹਿੱਸਾ ਪਾਇਆ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਹਲਕੇ ਲਈ ਨਵੇਂ ਪ੍ਰੋਜੈਕਟ ਲੈ ਕੇ ਆਉਣਗੇ ਤਾਂ ਜੋ ਇਥੋਂ ਦੇ ਲੋਕਾਂ ਦਾ ਜੀਵਨ-ਪੱਧਰ ਹੋਰ ਉਚਾ ਹੋ ਸਕੇ।ਸ. ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਦੌਰਾਨ ਦਿੱਤੀਆਂ ਗਰੰਟੀਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਵੱਲੋਂ ਕ੍ਰਾਂਤੀਕਾਰੀ ਸੁਧਾਰ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਸਹੂਲਤ ਦਾ ਸੂਬੇ ਦੇ ਹਰੇਕ ਵਰਗ ਨੂੰ ਫਾਇਦਾ ਹੋਇਆ ਹੈ ਅਤੇ 90 ਫੀਸਦੀ ਤੋਂ ਵੱਧ ਖਪਤਕਾਰਾਂ ਦਾ ਜ਼ੀਰੋ ਬਿਜਲੀ ਬਿੱਲ ਆ ਰਿਹਾ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਦੇਣ ਲਈ ਵੀ ਵਚਨਬੱਧ ਹੈ ਅਤੇ ਪਿਛਲੇ ਢਾਈ ਸਾਲਾਂ ਦੌਰਾਨ ਰਾਜ ਸਰਕਾਰ ਵੱਲੋਂ 50000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਚੱਲ ਰਹੀ ਵਿਕਾਸ ਕ੍ਰਾਂਤੀ ਦਾ ਲਾਭ ਹੁਣ ਡੇਰਾ ਬਾਬਾ ਨਾਨਕ ਨੂੰ ਵੀ ਪਹੁੰਚੇਗਾ।

# ਯੁਵਕ ਸੇਵਾਵਾਂ ਵਿਭਾਗ ਨੇ ਕਲੱਬਾਂ ਨੂੰ ਵਿੱਤੀ ਸਹਾਇਤਾ ਦੇਣ ਲਈ ਅਰਜ਼ੀਆਂ ਮੰਗੀਆਂ




ਗੁਰਦਾਸਪੁਰ, (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਵਿਭਾਗ ਨਾਲ ਐਫੀਲੀਏਟਿਡ ਯੁਵਕ ਕਲੱਬਾਂ ਨੂੰ ਉਨ੍ਹਾਂ ਵੱਲੋਂ ਪਿਛਲੇ 2 ਸਾਲਾਂ ਤੋਂ ਆਪਣੇ ਪਿੰਡਾਂ/ਵਾਰਡਾਂ ਵਿੱਚ ਪਿੰਡ ਦੀ ਭਲਾਈ, ਯੁਵਕਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਖੇਡਾਂ ਸਬੰਧੀ ਕੀਤੀਆਂ ਗਈਆਂ ਗਤੀਵਿਧੀਆਂ ਦੇ ਆਧਾਰ 'ਤੇ ਵਿੱਤੀ ਸਹਾਇਤਾ ਦੇਣ ਲਈ ਜ਼ਿਲੇ ਭਰ 'ਚੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਯੁਵਕ ਕਲੱਬ ਗ੍ਰਾਂਟ ਲੈਣ ਲਈ ਅਰਜ਼ੀਆਂ 12 ਦਸਬੰਰ 2024 ਤੱਕ ਦੇ ਸਕਦੇ ਹਨ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਮਲਕੀਤ ਸਿੰਘ ਮਾਨ, ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਗੁਰਦਾਸਪੁਰ ਨੇ ਦੱਸਿਆ ਕਿ ਯੁਵਕ ਸੇਵਾਵਾਂ ਕਲੱਬਾਂ, ਆਪਣੀਆਂ ਅਰਜ਼ੀਆਂ ਦੇ ਨਾਲ ਕੀਤੀਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਆਂ ਅਤੇ ਅਖਬਾਰਾਂ ਦੀਆਂ ਕਾਤਰਾਂ ਨਾਲ ਨੱਥੀ ਕਰਨ ਤਾਂ ਜੋ ਵਧੀਆ ਕੰਮ ਕਰਨ ਵਾਲੀਆਂ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਕਰਕੇ ਯੁਵਕ ਗਤੀਵਿਧੀਆਂ ਲਈ ਵਿੱਤੀ ਸਹਾਇਤਾ ਦੇ ਰੂਪ ਵਿੱਚ ਗ੍ਰਾਂਟ ਜਾਰੀ ਕੀਤੀ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੇ ਯੂਥ ਕਲੱਬਾਂ ਨੇ ਕਦੀ ਵਿੱਤੀ ਸਹਾਇਤਾ ਗ੍ਰਾਂਟ ਦਾ ਲਾਭ ਨਹੀਂ ਲਿਆ ਅਤੇ ਲਗਾਤਾਰ ਪਿਛਲੇ ਦੋ ਸਾਲਾਂ ਤੋਂ ਆਪਣੇ ਪਿੰਡਾਂ ਦੇ ਵਿਕਾਸ ਲਈ ਕੰਮ ਕਰ ਰਹੇ ਹਨ, ਉਨ੍ਹਾਂ ਯੂਥ ਕਲੱਬਾਂ ਨੂੰ ਪਹਿਲ ਦੇ ਆਧਾਰ 'ਤੇ ਗ੍ਰਾਂਟ ਜਾਰੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਯੋਗ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਜ਼ਿਲ੍ਹਾ ਪੱਧਰ 'ਤੇ ਬਣਾਈ ਗਈ ਕਮੇਟੀ ਵੱਲੋਂ ਕੀਤੀ ਜਾਵੇਗੀ। ਉਕਤ ਅਰਜ਼ੀਆਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫਤਰ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਨਵਦੀਪ ਸਿੰਘ ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਜਮ੍ਹਾਂ ਕਰਵਾਈਆਂ ਜਾਣ।ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸਹਾਇਕ ਡਾਇਰੈਕਟਰ, ਮਲਕੀਤ ਸਿੰਘ ਮਾਨ ਦੇ ਮੋਬਾਇਲ ਨੰਬਰ 9876-267001 ਅਤੇ ਵਿਸ਼ਾਲ ਕੈਲਾ 7508600706 ਦੇ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

4-Dec-PAG-12.qxd 12/3/2024 10:54 PM Page 1



# ਸਮਾਜਕ ਬੁਰਾਈਆਂ ਦੇ ਮੁਕੰਮਲ ਖ਼ਾਤਮੇ ਲਈ ਪੰਚਾਇਤਾਂ ਅੱਗੇ ਆਉਣ : ਡਾ. ਰਵਜੋਤ ਸਿੰਘ

## * 9314 ਪੰਚਾਂ-ਸਰਪੰਚਾਂ ਨੂੰ ਅਹੁਦੇ ਦਾ ਹਲਫ ਦਿਵਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)– ਪੰਜਾਬ ਦੇ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਇਥੇ ਜ਼ਿਲ੍ਹੇ ਦੀਆਂ 1403 ਪੰਚਾਇਤਾਂ ਦੇ 9314 ਪੰਚਾਂ ਤੇ ਸਰਪੰਚਾਂ ਨੂੰ ਉਨ੍ਹਾਂ ਦੇ ਅਹੁਦੇ ਦਾ ਹਲਫ ਦਿਵਾਉਂਦਿਆਂ ਕਿਹਾ ਕਿ ਪਿੰਡਾਂ ਦੇ ਵਿਕਾਸ ਕਰਨ ਦੇ ਨਾਲ-ਨਾਲ ਪੰਚਾਇਤਾਂ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਵੀ ਅੱਗੇ ਆ ਕੇ ਸਰਗਰਮ ਭੂਮਿਕਾ ਨਿਭਾਉਣ।ਸਥਾਨਕ ਲਾਜਵੰਤੀ ਸਟੇਡੀਅਮ ਵਿਖੇ ਕਰਵਾਏ ਗਏ ਸਹੁੰ ਚੁੱਕ ਸਮਾਗਮ ਦੌਰਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿਚ 273 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ ਜੋ ਪਿੰਡਾਂ ਵਿਚ ਆਪਸੀ ਭਾਈਚਾਰੇ ਦਾ ਸਬੂਤ ਦਿੰਦੀਆਂ ਹਨ।ਉਨ੍ਹਾਂ ਨੇ ਨਵੇਂ ਚੁਣੇ ਪੰਚਾਂ-ਸਰਪੰਚਾਂ ਨੂੰ ਸੱਦਾ ਦਿੱਤਾ ਕਿ ਲੋਕਾਂ ਵਲੋਂ ਉਨ੍ਹਾਂ ਦੇ ਮੋਢਿਆਂ 'ਤੇ ਪਾਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਂਦੇ ਹੋਏ ਪਿੰਡਾਂ ਦੀ ਨੁਹਾਰ ਬਦਲਣ ਲਈ ਕਦਮ ਚੁੱਕਣ। ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਨਵੇਂ ਚੁਣੇ ਸਰਪੰਚਾਂ/ਪੰਚਾਂ ਨੂੰ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਪਿੰਡਾਂ ਵਿਚ ਸਮਾਜਿਕ ਅਲਾਮਤਾਂ ਦੇ ਮੁਕੰਮਲ ਸਫ਼ਾਏ ਲਈ ਪੰਚਾਇਤਾਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ।

ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਪੰਚਾਇਤਾਂ ਨੂੰ ਤਾਕੀਦ ਕੀਤੀ ਕਿ ਉਹ ਪਿੰਡਾਂ ਵਿਚ ਆਪਸੀ ਸਾਂਝ ਨੂੰ ਮਜ਼ਬੂਤ ਕਰਦਿਆਂ ਬਿਨਾ ਕਿਸੇ ਭੇਦਭਾਵ ਤੋਂ ਹਰ ਪੱਖੋਂ ਵਿਕਾਸ ਨੂੰ ਯਕੀਨੀ ਬਣਾਉਣ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਵੀ ਲਾਮਬੰਦ ਹੋਣਾ ਸਮੇਂ ਦੀ ਮੁੱਖ ਮੰਗ ਹੈ ਜਿਸ ਲਈ ਹਰੇਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੰਚਾਇਤਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਵਿਕਾਸ ਕਾਰਜਾਂ ਦੀ ਰਫਤਾਰ ਨੂੰ ਹੋਰ ਤੇਜ਼ ਕੀਤਾ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਕਰਮਜੀਤ ਕੌਰ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਦੇਵ ਰਾਜ, ਮੈਂਬਰ ਗਊ ਸੇਵਾ ਕਮਿਸ਼ਨ ਜਸਪਾਲ ਸਿੰਘ ਚੇਚੀ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਪੰਜਾਬ ਸਟੇਟ ਇੰਡਸਟਰੀਅਲ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਹਰਮਿੰਦਰ ਬਖ਼ਸ਼ੀ, ਆਮ ਆਦਮੀ ਪਾਰਟੀ ਦੇ ਮੁਕੇਰੀਆਂ ਤੋਂ ਹਲਕਾ ਇੰਚਾਰਜ ਗੁਰਧਿਆਨ ਸਿੰਘ ਮੁਲਤਾਨੀ, ਡਾ. ਜਤਿੰਦਰ ਕੁਮਾਰ, ਕੋਆਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਆਦਿ ਵੀ ਮੌਜੂਦ ਸਨ।



ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਨਾਲ ਇੱਕ ਮਿਲਣੀ ਸਮੇਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਆਪਣੀ ਪੰਜਾਬੀ ਪੁਸਤਕ 'ਸੁਲਘਦੇ ਸਵਾਲਾਂ ਦਾ ਪਰਿਵਾਰ' ਭੇਂਟ ਕਰਦੇ ਹੋਏ।

## ਮਾਸਟਰ ਆਤਮਾ ਸਿੰਘ ਚਿੱਟੀ ਜਲੰਧਰ ਰੇਡੀਓ 'ਤੇ 6 ਨੂੰ



ਕਾਲਾ ਸੰਘਿਆਂ (ਮਨਜੀਤ ਮਾਨ) ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਮਾਸਟਰ ਆਤਮਾ ਸਿੰਘ ਚਿੱਟੀ ਆਪਣੀ ਜੀਵਨ, ਪੜ੍ਹਾਈ,ਲਿਖਣੀ ਤਰੱਕੇ ਅਧਿਆਪਕ ਕੀਤੀਆਂ ਸੇਵਾਵਾਂ ਛਪੀਆਂ ਪੁਸਤਕਾਂ, ਭੇਂਟ, ਸਾਹਿਤਕ ਸਰਗਰਮੀਆਂ ਅਤੇ ਪ੍ਰਾਪਤ ਕੀਤੇ ਇਨਾਮ, ਸਨਮਾਨ ਬਾਰੇ ਰੇਡੀਓ 'ਤੇ ਪ੍ਰਸਾਰਿਤ ਹੋਂਦੇ ਪ੍ਰੋਗਰਾਮ, ਵੱਖਰੇ ਵਿਚਰੇ ਵਿੱਚ ਉਮਰਾਂ ਦੇ ਪੰਡੇ, ਸਿਰਲੇਖ ਤਹਿਤ ਜਾਣਕਾਰੀ ਪ੍ਰਦਾਨ ਕਰਨਗੇ। ਇਸ ਪ੍ਰੋਗਰਾਮ ਦੇ ਇੰਚਾਰਜ ਸ੍ਰੀਮਤੀ ਪ੍ਰਭਜੋਤ ਕੌਰ ਹਨ। ਚਿੱਟੀ ਨਾਲ ਮੁਲਾਕਾਤ ਸ੍ਰੀਮਤੀ ਸੁਖਜੀਤ ਕੌਰ ਕਰਨਗੇ। ਜ਼ਿਕਰਯੋਗ ਹੈ ਕਿ ਚਿੱਟੀ ਦੀਆਂ ਹੁਣ ਤੱਕ 26 ਕਿਤਾਬਾਂ ਛੱਪ ਚੁੱਕੀਆਂ ਹਨ ਤੇ ਉਨ੍ਹਾਂ ਨੂੰ ਇਸ ਯੋਗਦਾਨ ਬਦਲੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

## ਕਿਰਪਾਲ ਸਾਗਰ ਅਕੈਡਮੀ ਦੇ ਵਿਦਿਆਰਥੀਆਂ ਨੇ ਐੱਚ ਐੱਮ ਸੀ ਈ ਵੈਲੀ ਦਾ ਕੀਤਾ ਦੌਰਾ



ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ) -ਆਪਣੇ ਵਿਦਿਆਰਥੀਆਂ ਨੂੰ ਸਨਅਤੀ ਅਨੁਭਵ ਅਤੇ ਐਕਸਪੋਜਰ ਪ੍ਰਦਾਨ ਕਰਨ ਦੀ ਕੋਸ਼ਿਸ਼ ਵਿੱਚ, ਕਿਰਪਾਲ ਸਾਗਰ ਅਕੈਡਮੀ ਦੇ ਕਾਮਰਸ ਗਰੁੱਪ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਐਚ ਐਮ ਸੀ ਈ ਵੈਲੀ ਲੁਧਿਆਣਾ ਦਾ ਦੌਰਾ ਕੀਤਾ।ਪਰਦੀਪ ਕੁਮਾਰ ਦੀ ਅਗਵਾਈ ਹੇਠ ਅਸ਼ਵਨੀ ਕੁਮਾਰ, ਨਿਰਮਲ ਸਿੰਘ ਤੇ ਸੁਲਤਾਨ ਸਰ ਦੀ ਅਗਵਾਈ ਹੇਠ, 10+1 ਅਤੇ 10+2 ਕਾਮਰਸ ਸਟ੍ਰੀਮ ਦੇ ਵਿਦਿਆਰਥੀਆਂ ਨੇ ਐਚ ਐਮ ਸੀ ਈ ਵੈਲੀ ਯੂਨਿਟ ਦਾ ਦੌਰਾ ਕੀਤਾ, ਜਿੱਥੇ ਟੀਮ ਦੁਆਰਾ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਨੂੰ ਯੂਨਿਟ ਦਾ ਸੰਖੇਪ ਇਤਿਹਾਸ ਦੱਸਿਆ ਗਿਆ ਅਤੇ ਉਨ੍ਹਾਂ ਨੂੰ ਪੂਰੀ ਯੂਨਿਟ ਦਿਖਾਈ।

ਦੌਰੇ ਦੌਰਾਨ ਵਿਦਿਆਰਥੀਆਂ ਨੇ ਯੂਨਿਟ ਦੇ ਵੱਖ-ਵੱਖ ਵਿਭਾਗਾਂ ਨੂੰ ਦੇਖਿਆ, ਜਿਸ ਵਿੱਚ ਡਿਜ਼ਾਈਨ ਪ੍ਰਕਿਰਿਆ, ਨਿਰਮਾਣ, ਗੁਣਵੱਤਾ ਨਿਯੰਤਰਣ, ਵੈਲਡਿੰਗ ਸ਼ਾਪ, ਰੋਬੋਟਿਕ ਲਾਈਨ, ਅਲੌਏ ਵੈਲਡਿੰਗ, ਪੇਂਟ ਸ਼ਾਪ ਅਤੇ ਈ-ਰਿਕਸ਼ਾ ਦੀ ਅਸੈਂਬਲਿੰਗ ਸ਼ਾਮਲ ਸਨ। ਵਿਦਿਆਰਥੀ ਮੈਨੂਫੈਕਚਰਿੰਗ ਵਿੱਚ ਸ਼ਾਮਲ ਗੁੰਝਲਦਾਰ ਪ੍ਰਕਿਰਿਆਵਾਂ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਕੋਲ ਬਹੁਤ ਸਾਰੇ ਸਵਾਲ ਸਨ, ਜਿਨ੍ਹਾਂ ਦਾ ਕਿਰਪਾਲ ਸਾਗਰ ਅਕੈਡਮੀ ਅਤੇ ਐਚ ਐਮ ਸੀ ਈ ਵੈਲੀ ਲੁਧਿਆਣਾ ਦੀ ਟੀਮ ਦੁਆਰਾ ਧੀਰਜ ਨਾਲ ਜਵਾਬ ਦਿੱਤੇ ਗਏ। ਵਿਦਿਆਰਥੀਆਂ ਨੂੰ ਵੈਲੀ ਯੂਨਿਟ ਵਲੋਂ ਯਾਦਗਾਰੀ ਚਿੰਨ੍ਹ ਤੇ ਰਿਫਰੈਸ਼ਮੈਂਟ ਦਿੱਤੀ ਗਈ।

## ਅਕਾਲ ਗਲੈਕਸੀ ਦਾ ਸਾਲਾਨਾ ਸਮਾਗਮ ਧੂਮਧਾਮ ਨਾਲ ਸੰਪੰਨ



ਸੁਲਤਾਨਪੁਰ ਲੋਧੀ, ( ਹਨੀ ) ਅਕਾਲ ਗਲੈਕਸੀ ਕਾਨਵੈਂਟ ਸਕੂਲ ਸੁਲਤਾਨਪੁਰ ਲੋਧੀ ਵਿਖੇ ਸੀਨੀਅਰ ਵਿੰਗ ਦੇ ਪ੍ਰਿੰਸੀਪਲ ਮੋਨਾ ਘਈ ਅਤੇ ਜੂਨੀਅਰ ਵਿੰਗ ਪ੍ਰਿੰਸੀਪਲ ਮਧੂ ਸ਼ਰਮਾ ਦੀ ਅਗਵਾਈ ਵਿਚ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ । ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ ਦਾ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ 'ਤੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ । ਰਾਣਾ ਇੰਦਰਪ੍ਰਤਾਪ ਸਿੰਘ ਵਿਧਾਇਕ, ਐੱਸ ਡੀ ਐੱਮ ਮੈਡਮ ਅਪਰਨਾ, ਡੀ. ਐੱਸ ਪੀ. ਭੁਪਿੰਦਰ ਸਿੰਘ ਅਤੇ ਮੈਨੇਜਮੈਂਟ ਮੈਂਬਰਾਂ ਵੱਲੋਂ ਸ਼ਮਾਂ ਰੋਸ਼ਨ ਉਪਰੰਤ ਵਿਦਿਆਰਥੀਆਂ ਸ਼ਾਨਦਾਰ ਪ੍ਰੋਗਰਾਮ ਹਮ ਸੇ ਬਹਿਤਰ ਹਮ ਪੇਸ਼ ਕੀਤਾ, ਜਿਸ ਦਾ ਆਗਾਜ਼ ਸ਼ਬਦ ਗਾਇਨ ਰਾਹੀਂ ਕੀਤਾ । ਸੀਨੀਅਰ ਵਿਦਿਆਰਥੀਆਂ ਨੇ ਭਾਰਤ ਦੇਸ਼ ਦੀ ਝਾਕੀ ਨੂੰ ਪੇਸ਼ ਕਰਦਿਆਂ ਭਾਰਤ ਦੇ ਮਹਾਨ ਵਿਗਿਆਨੀਆਂ, ਸਮਾਜ ਸੇਵਕਾਂ, ਦੇਸ਼ ਭਗਤਾਂ, ਕਿਸਾਨਾਂ ਅਤੇ ਵੀਰ ਸੈਨਿਕਾਂ ਦੀ ਵੀਰ ਗਾਥਾ ਨੂੰ ਵੱਖ-ਵੱਖ ਪ੍ਰਫੋਮਿਸਾਂ ਰਾਹੀਂ ਪੇਸ਼ ਕੀਤਾ। ਇਸਦੇ ਨਾਲ ਹੀ ਪੰਜਾਬੀ ਸੱਭਿਆਚਾਰ ਦੀਆਂ ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ ਜਿਸ ਵਿੱਚ ਪੰਜਾਬੀ ਮੁਟਿਆਰਾਂ ਅਤੇ ਗੱਭਰੂਆਂ ਨੇ ਪੰਜਾਬੀ ਲੋਕ ਨਾਚ ਗਿੱਧੇ ਅਤੇ ਭੰਗੜੇ ਰਾਹੀਂ ਖ਼ੂਬ ਰੰਗ ਬੰਨਿਆ । ਪ੍ਰਿੰਸੀਪਲ ਮੋਨਾ ਘਈ ਨੇ ਸਕੂਲ ਦੀ ਰਿਪੋਰਟ ਪੇਸ਼ ਕਰਦਿਆਂ ਅਕਾਦਮਿਕ, ਸਪੋਰਟਸ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿਚ ਅਦਾਰੇ ਵੱਲੋਂ ਮਾਰੀਆਂ ਮੱਲਾਂ 'ਤੇ ਚਾਣਨਾ ਪਾਇਆ । ਮੈਡਮ ਆਰਤੀ ਟੰਡਨ ਅਤੇ ਮੈਡਮ ਰਾਜਵਿੰਦਰ ਕੌਰ ਨੇ ਮੰਚ ਸੰਚਾਲਨ ਦੀ ਭੂਮਿਕਾ ਨੂੰ ਬਾਖ਼ੂਬੀ ਨਿਭਾਇਆ । ਅਕਾਲ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਡਾਇਰੈਕਟਰ ਸੁਖਦੇਵ ਸਿੰਘ ਜੱਜ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਵਾਇਸ ਡਾਇਰੈਕਟਰ ਕੁਲਵਿੰਦਰ ਸਿੰਘ ਜੱਜ, ਪ੍ਰਿੰਸੀਪਲ ਮੈਡਮ ਗਗਨਦੀਪ ਕੌਰ ਜੱਜ ਅਕਾਲ ਅਕੈਡਮੀ ਇੰਟਰਨੈਸ਼ਨਲ, ਪ੍ਰਿੰਸੀਪਲ ਅਮਨਦੀਪ ਕੌਰ ਅਕਾਲ ਗਲੈਕਸੀ ਕਾਨਵੈਂਟ ਸਕੂਲ ਲੋਹੀਆਂ ਖ਼ਾਸ, ਮੈਨੇਜਮੈਂਟ ਮੈਡਮ ਮਨਜੀਤ ਕੌਰ ਜੱਜ, ਪ੍ਰਗਟ ਸਿੰਘ ਜੱਜ, ਗਗਨਦੀਪ ਸਿੰਘ, ਨਵਪ੍ਰੀਤ ਸਿੰਘ, ਬਲਦੇਵ ਸਿੰਘ ਟੀਟਾ, ਦੀਪਕ ਧੀਰ ਪ੍ਰਧਾਨ ਨਗਰ ਕੌਂਸਲ, ਨਵਨੀਤ ਚੀਮਾ ਵਾਇਸ ਪ੍ਰਧਾਨ ਨਗਰ ਕੌਂਸਲ, ਅਸ਼ੋਕ ਮੋਗਲਾ, ਡਾ.ਗੁਰਪ੍ਰੀਤ ਸਿੰਘ ਰਾਣਾ, ਪ੍ਰਦੀਪ ਕੁਮਾਰ ਐੱਮ. ਡੀ.ਨਿਊ ਇਰਾ ਪਬਲਿਕ ਸਕੂਲ, ਸੰਜੀਵ ਮਰਵਾਹਾ ਕੌਂਸਲਰ, ਨੰਬਰਦਾਰ ਜੋਗਾ ਸਿੰਘ ਖਾਨੇਵਾਲ, ਅਮਰ ਘਈ ਕਪੂਰਥਲਾ, ਕੁਲਵੰਤ ਸਿੰਘ, ਕੁਲਵੰਤ ਸਿੰਘ, ਜਤਿੰਦਰ ਚਾਵਲਾ, ਬਲਦੇਵ ਸਿੰਘ ਰੰਗੀਲਪੁਰ, ਤੇਜਵੰਤ ਸਿੰਘ, ਪਵਨ ਕਨੌਜ਼ੀਆ ਅਤੇ ਸਕੂਲ ਕੋਰਆਰਡੀਨੇਟਰਸ, ਹਾਊਸ ਇੰਚਾਰਜ਼, ਐਕਟਵਿਟੀ ਇੰਚਾਰਜ਼, ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਹਾਜਰ ਸਨ ।

## ਲਾਇਲਪੁਰ ਖ਼ਾਲਸਾ ਕਾਲਜ ਨੇ ਫੁੱਟਬਾਲ ਦੀ ਅੰਤਰ ਕਾਲਜ ਚੈਂਪੀਅਨਸ਼ਿਪ ਟਰਾਫੀ ਜਿੱਤੀ



ਜਲੰਧਰ ( ਸ਼ੈਲੀ ਐਲਬਰਟ) ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਇਤਿਹਾਸਿਕ ਪ੍ਰਾਪਤੀਆਂ ਕਰਨ ਲਈ ਜਾਣੇ ਜਾਂਦੇ ਹਨ । ਇਸੇ ਲੜੀ ਵਿਚ ਕਾਲਜ ਦੇ ਖਿਡਾਰੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਆਯੋਜਿਤ ਫੁੱਟਬਾਲ ਦੀ ਅੰਤਰ ਕਾਲਜ ਚੈਂਪੀਅਨਸ਼ਿਪ ਟਰਾਫੀ ਜਿੱਤ ਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ । ਇਸ ਮੌਕੇ ਕਾਲਜ ਗਵਰਨਿੰਗ ਕੌਂਸਲ ਦੀ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਨੇ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਸਪੋਰਟਸ ਵਿਭਾਗ ਦੇ ਸਟਾਫ ਮੈਂਬਰਾਂ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਖਿਡਾਰੀਆਂ ਦੀ ਇਸ ਪ੍ਰਾਪਤੀ ਤੇ ਡਾ. ਰਛਪਾਲ ਸਿੰਘ ਸੰਧੂ, ਡੀਨ ਸਪੋਰਟਸ, ਫੁੱਟਬਾਲ ਦੇ ਕੋਚ ਧਨਵੰਤ ਕੁਮਾਰ ਤੇ ਤਜਿੰਦਰ ਸਿੰਘ ਅਤੇ ਵਿਦਿਆਰਥੀ ਖਿਡਾਰੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਫੁੱਟਬਾਲ ਲੀਗ ਵਿਚ ਯੂਨੀਵਰਸਿਟੀ ਨਾਲ ਸੰਬੰਧਤ ਛੇ ਕਾਲਜਾਂ ਦੀ ਲੀਗ ਹੋਈ।ਜਿਸ ਵਿਚੋਂ ਕਾਲਜ ਨੇ ਪੰਜ ਮੈਚਾਂ ਵਿਚੋਂ 13 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਅੰਤਰ ਕਾਲਜ ਫੁੱਟਬਾਲ ਚੈਂਪੀਅਨਸ਼ਿਪ ਵਿਚ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਖਿਡਾਰੀਆਂ ਨੇ ਆਪਣੇ ਕੋਚਾਂ ਦੀ ਦੇਖ ਰੇਖ ਵਿੱਚ ਬਹੁਤ ਸਖ਼ਤ ਮਿਹਨਤ ਕੀਤੀ ਸੀ, ਜਿਸ ਸਦਕਾ ਕਾਲਜ ਨੇ ਇਹ ਚੈਂਪੀਅਨਸ਼ਿਪ ਜਿੱਤੀ ਹੈ।ਉਨ੍ਹਾਂ ਦੱਸਿਆ ਕਿ ਕਾਲਜ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਨੂੰ ਖਾਸ ਸਹੂਲਤਾਂ ਅਤੇ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਇਸ ਮੌਕੇ ਕਾਲਜ ਦੇ ਸਪੋਰਟਸ ਵਿਭਾਗ ਦੇ ਸਟਾਫ ਮੈਂਬਰ ਪ੍ਰੋ. ਅਜੇ ਕੁਮਾਰ ਸਿੰਘ, ਪ੍ਰੋ. ਮਨਵੀਰ ਪਾਲ, ਜਗਦੀਸ਼ ਸਿੰਘ, ਅੰਮ੍ਰਿਤ ਲਾਲ ਸੈਣੀ ਵੀ ਹਾਜ਼ਰ ਸਨ

## ਸੀ ਟੀ ਪਬਲਿਕ ਸਕੂਲ ਨੇ ਕਰਵਾਇਆ ਐਨੂਅਲ ਫੰਕਸ਼ਨ



ਜਲੰਧਰ (ਸ਼ੈਲੀ ਐਲਬਰਟ) ਸੀ ਟੀ ਪਬਲਿਕ ਸਕੂਲ ਦਾ ਐਨੂਅਲ ਫੰਕਸ਼ਨ ਦਰਪਨ ਤਬਦੀਲੀ ਦਾ ਪ੍ਰਤੀਬਿੰਬ ਦੇ ਵਿਸ਼ੇ ਅਧੀਨ ਹੋਇਆ। ਇਸ ਥੀਮ ਨੇ ਪਰਿਵਰਤਨ, ਅਨੁਕੂਲਤਾ ਅਤੇ ਵਿਕਾਸ ਦਾ ਜਸ਼ਨ ਮਨਾਇਆ, ਇੱਕ ਗਤੀਸ਼ੀਲ ਸੰਸਾਰ ਵਿੱਚ ਤਬਦੀਲੀ ਨੂੰ ਗਲੇ ਲਗਾਉਣ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ । ਇਸ ਸਮਾਗਮ ਵਿੱਚ ਮੁੱਖ ਮਹਿਮਾਨ ਗੁਰਜੋਤ ਕੌਰ, ਨਾਰੀ ਨਿਕੇਤਨ ਦੀ ਜਨਰਲ ਸਕੱਤਰ ਅਤੇ ਟਰੱਸਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਬੋਰਡ ਆਫ਼ ਕੰਟਰੋਲ ਦੇ ਮੈਂਬਰ, ਵਿਦਿਆਰਥੀ ਭਲਾਈ ਦੇ ਡੀਨ ਪ੍ਰੋਫੈਸਰ ਅਨੀਸ਼ ਕੁਮਾਰ ਸਚਦੇਵਾ ਅਤੇ ਪ੍ਰੋਫੈਸਰ ਅਜੈ ਬਾਂਸਲ, ਰਜਿਸਟਰਾਰ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ, ਜਲੰਧਰ, ਰੋਟਰੀ ਇੰਟਰਨੈਸ਼ਨਲ ਤੋਂ ਅੰਮ੍ਰਿਤਪਾਲ ਸਿੰਘ ਲੂਥਰਾ ਅਤੇ ਫੌਜੀ ਅਫਸਰ ਕੈਪਟਨ ਜੋਤੀ ਨੈਣੇਵਾਲ ਨੇ ਸ਼ਿਰਕਤ ਕਤੀ । ਸੀ ਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਜੁਆਇੰਟ ਮੈਨੇਜਿੰਗ ਡਾਇਰੈਕਟਰ ਤਨਿਕਾ ਚੰਨੀ, ਐਗਜ਼ੀਕਿਊਟਿਵ ਡਾਇਰੈਕਟਰ ਡਾ: ਨਿਤਿਨ ਟੰਡਨ ਸਮੇਤ ਸੀਟੀ ਮੈਨੇਜਮੈਂਟ ਦੇ ਮੈਂਬਰਾਂ ਦੀ ਮੌਜੂਦਗੀ ਨਾਲ ਸਮਾਰੋਹ ਨੂੰ ਹੋਰ ਸ਼ਾਨਦਾਰ ਕੀਤਾ ਗਿਆ । ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਦੇ ਨਿੱਘੇ ਸੁਆਗਤ ਅਤੇ ਗਿਆਨ ਦੇ ਪ੍ਰਤੀਕ ਦੀਵੇ ਜਗਾਉਣ ਨਾਲ ਹੋਈ।

ਸੱਭਿਆਚਾਰਕ ਪ੍ਰਦਰਸ਼ਨਾਂ ਨੇ ਥੀਮ ਨੂੰ ਜੀਵਿਤ ਕੀਤਾ, ਇਤਿਹਾਸਕ ਤਰੱਕੀ ਅਤੇ ਸ਼ਾਨਦਾਰ ਨਾਚਾਂ ਦੀ ਵਿਸ਼ੇਸ਼ਤਾ. ਕੋਆਇਰ ਵੱਲੋਂ ਸ਼ਬਦ ਸਮੇਤ ਗੀਤਾਂ ਨੇ ਸਰੋਤਿਆਂ ਦਾ ਮਨ ਮੋਹ ਲਿਆ । ਇਨਾਮ ਵੰਡ ਹਿੱਸੇ ਨੇ ਅਕਾਦਮਿਕ, ਖੇਡਾਂ ਅਤੇ ਸਹਿ-ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਨਤਾ ਦਿੱਤੀ । ਪ੍ਰਿੰਸੀਪਲ ਨੂਪੁਰ ਸ਼ਰਮਾ ਨੇ ਸਕੂਲ ਦੀਆਂ ਪ੍ਰਾਪਤੀਆਂ ਅਤੇ ਸਰਵਪੱਖੀ ਵਿਕਾਸ ਲਈ ਇਸਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਵਾਈਸ ਪ੍ਰਿੰਸੀਪਲ ਸੁਖਦੀਪ ਕੌਰ ਨੇ ਮੈਨੇਜਮੈਂਟ, ਫੈਕਲਟੀ ਅਤੇ ਮਾਪਿਆਂ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਸਮਾਗਮ ਦੀ ਸਮਾਪਤੀ ਕੀਤੀ।

## ਸਕੂਲ 'ਚ ਲਗਾਇਆ ਪ੍ਰੀ ਮੈਡੀਕਲ ਚੈੱਕਅੱਪ ਕੈਂਪ



ਭੋਗਪੁਰ (ਕੁਲਵੀਰ ਸਿੰਘ ਕਾਹਲੋਂ)- ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਵਿਖੇ ਡਾਕਟਰ ਸਾਗਰ ਸ਼ਰਮਾ ਤੇ ਡਾਕਟਰ ਵਿਸ਼ਾਲ ਸ਼ਰਮਾ ਦੀ ਅਗਵਾਈ ਸਕੂਲ ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਦੇ ਸਹਿਯੋਗ ਨਾਲ ਪ੍ਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਕੈਪੀਟਲ ਹਸਪਤਾਲ ਜਲੰਧਰ ਦੇ ਵੱਖ-ਵੱਖ ਖੇਤਰਾਂ ਦੇ ਮਾਹਰ ਡਾਕਟਰਾਂ ਨੇ ਸ਼ਿਰਕਤ ਕੀਤੀ।ਬੱਚਿਆਂ ਦੇ ਮਾਹਰ ਡਾਕਟਰ ਅਮਿਤ ਤੇ ਡਾਕਟਰ ਰੋਹਤ ਚੋਪੜਾ ਤੇ ਕੈਂਸਰ ਦੇ ਮਾਹਰ ਡਾਕਟਰ ਮਾਸ਼ੂ ਸ੍ਰੀਵਾਸਤਵਾ ਤੇ ਅੱਖਾਂ ਦੇ ਮਾਹਰ ਡਾਕਟਰ ਸੰਦੀਪ ਤੋਮਰ ਕੈਂਸਰ ਸਰਜਨ ਡਾਕਟਰ ਜੋਗੇਸ਼ ਅਤੇ ਅੰਦਰੂਨੀ ਬਿਮਾਰੀਆਂ ਦੇ ਮਾਹਰ ਡਾਕਟਰ ਸਹਿਮੀਤ ਸਿੰਘ ਦੁਆਰਾ ਸਕੂਲ ਵਿਦਿਆਰਥੀਆਂ ਮਾਪਿਆਂ ਤੇ ਸਕੂਲ ਕਰਮਚਾਰੀਆਂ ਦਾ ਮੁਆਇਨਾ ਕੀਤਾ ਗਿਆ। ਈਸੀਜੀ ਤੇ ਸ਼ੂਗਰ ਦੇ ਟੈਸਟ ਵੀ ਫਰੀ ਕੀਤੇ ਗਏ। ਕੈਂਸਰ ਦੇ ਮਾਹਰ ਡਾਕਟਰ ਹਿਮਾਸ਼ੂ ਸ੍ਰੀਵਾਸਤਵਾ ਨੇ ਵਿਦਿਆਰਥੀਆਂ ਨੂੰ ਕੈਂਸਰ ਦੀ ਬਿਮਾਰੀ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਤੇ ਇਹ ਬਿਮਾਰੀ ਇਲਾਜ ਯੋਗ ਹੈ ਬਾਰੇ ਜਾਣਕਾਰੀ ਦਿੱਤੀ।

ਇਸ ਮੈਡੀਕਲ ਕੈਂਪ ਵਿੱਚ ਅਨੰਦ ਬੇਦੀ ਤੇ ਸ਼ਿਵਮ ਬੇਦੀ ਵੱਲੋਂ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ।

## ਪਿਆਰਾ ਸਿੰਘ ਤੇ ਕਾਕਾ ਮਨਮੋਹਣ ਸਿੰਘ ਦੀ ਯਾਦ 'ਚ ਸਾਲਾਨਾ ਫੁੱਟਬਾਲ ਟੂਰਨਾਮੈਂਟ ਕਰਵਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ ) ਪਿੰਡ ਅਜਨੋਹਾ ਵਿਖੇ ਪਿਆਰਾ ਸਿੰਘ ਅਤੇ ਕਾਕਾ ਮਨਮੋਹਣ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਅਜਨੋਹਾ ਸਪੋਰਟਸ ਵੱਲੋਂ ਕਰਵਾਇਆ ਗਿਆ। ਉਦਘਾਟਨ ਰਜਿੰਦਰ ਸਿੰਘ ਪਰਮਾਰ, ਡਾਕਟਰ ਪਰਮਿੰਦਰ ਸਿੰਘ ਸੇਖੋਂ (ਪੀ ਏ ਯੂ) ਲੁਧਿਆਣਾ ਨੇ ਕੀਤਾ।ਇਸ ਵਿਚ ਪੰਜਾਬ ਦੀਆਂ ਨਾਮਵਰ ਟੀਮਾਂ ਨੇ ਹਿੱਸਾ ਲਿਆ।ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ, ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਨੇ ਸਾਂਝੇ ਤੌਰ 'ਤੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। 55 ਕਿਲੋਗ੍ਰਾਮ ਭਾਰ ਵਰਗ 'ਚ ਪਹਿਲੇ ਸਥਾਨ 'ਤੇ ਬਾੜੀਆਂ ਕਲਾਂ ਰਿਹਾ ਅਤੇ ਉਪ ਜੇਤੂ ਖੈਰੜ ਅੱਛਰਵਾਲ ਦੀ ਟੀਮ ਰਹੀ।ਉਪਨ ਪਿੰਡ ਪੱਧਰ ਅਜਨੋਹਾ ਪਹਿਲੇ ਸਥਾਨ ਅਤੇ ਦੂਜੇ ਸਥਾਨ 'ਤੇ ਰਹੱਲੀ ਦੀ ਟੀਮ ਰਹੀ।ਆਲ ਉਪਨ ਪਿੰਡ ਪੱਧਰ ਪਰਮਾਰ ਅਸਟ੍ਰੇਲੀਆ ਪਾਲਦੀ ਪਹਿਲੇ ਸਥਾਨ ਤੇ ਉਪ ਜੇਤੂ ਅਜਨੋਹਾ ਪਿੰਡ ਦੀ ਟੀਮ ਰਹੀ।ਉਨ੍ਹਾਂ ਦੱਸਿਆ ਕਿ ਆਲ ਉਪਨ ਪਿੰਡ ਪੱਧਰ ਫੁੱਟਬਾਲ ਟੂਰਨਾਮੈਂਟ ਵਿਚ ਪਹਿਲਾ ਇਨਾਮ 81,000 ਹਜ਼ਾਰ ਰੁਪਏ ਅਤੇ ਟਰਾਫੀ ਅਤੇ ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 61,000 ਰੁਪਏ ਅਤੇ ਟਰਾਫੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਪਿੰਡ ਪੱਧਰ ਉਪਨ 41,000 ਹਜ਼ਾਰ ਰੁਪਏ ਅਤੇ ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 31,000 ਰੁਪਏ ਅਤੇ ਟਰਾਫੀ, 55 ਕਿਲੋਗ੍ਰਾਮ ਭਾਰ ਵਰਗ ਪਹਿਲਾਂ ਇਨਾਮ 11,000 ਹਜ਼ਾਰ ਰੁਪਏ ਅਤੇ ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 81,00 ਰੁਪਏ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਤਵਿੰਦਰ ਸਿੰਘ, ਨਿਰੰਕਾਰ ਸਿੰਘ ਸਾਬਕਾ ਸਰਪੰਚ ਅਜਨੋਹਾ, ਨੰਬਰਦਾਰ ਜਸਕਰਨ ਸਿੰਘ ਸੰਨੀ ਪੰਚ, ਬਲਜਿੰਦਰ ਸਿੰਘ ਬਰਾੜ, ਬਲਵੰਤ ਸਿੰਘ, ਸਤਪਾਲ ਸਿੰਘ,



ਸੁਰਿੰਦਰ ਪਾਲ ਸਿੰਘ, ਇੰਦਰਜੀਤ ਸਿੰਘ, ਅੰਮ੍ਰਿਤ ਗੁਰਪ੍ਰੀਤ ਸਿੰਘ, ਹਰਜੀਤ ਸਿੰਘ, ਮਨਪ੍ਰੀਤ ਸਿੰਘ ਹਰਕੀਰਤ ਸਿੰਘ ਗੋਰਖਾ, ਨੰਬਰਦਾਰ ਜਸਕਰਨ ਸਿੰਘ ਸੰਨੀ ਪੰਚ, ਸਰਪੰਚ ਰਾਜਵਿੰਦਰ ਕੌਰ ਅਜਨੋਹਾ, ਜਥੇਦਾਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਬਲਜੀਤ ਕੌਰ ਪੰਚ, ਕਿਰਨ ਕੁਮਾਰੀ ਪੰਚ, ਬੀਬੀ ਜਸਵਿੰਦਰ ਕੌਰ, ਸੰਤੋਖ ਸਿੰਘ ਸਾਬਕਾ ਐਸਡੀਉ, ਸਤਨਾਮ ਸਿੰਘ ਪੰਚ, ਗੁਰਮੀਤ ਸਿੰਘ ਵਿਰਦੀ ਪੰਚ, ਸੁਖਵਿੰਦਰ ਕੌਰ ਪੰਚ, ਨੰਬਰਦਾਰ ਜਸਕਰਨ ਸਿੰਘ ਸੰਨੀ ਪੰਚ, ਗੁਰਸ਼ਰਨ ਸਿੰਘ ਗੀਹਲਾ, ਮਾਸਟਰ ਹਰਭਜਨ ਸਿੰਘ ਅਜਨੋਹਾ, ਮੋਹਣਪਾਲ ਸਿੰਘ ਫੁੱਟਬਾਲ ਕੋਚ, ਸਰਪੰਚ ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

## ਪੰਜਾਬੀ ਸੱਥ ਵੱਲੋਂ ਲਾਂਬੜਾ 'ਚ 14 ਨੂੰ ਕੀਤਾ ਜਾਵੇਗਾ 25 ਸ਼ਖਸੀਅਤਾਂ ਦਾ ਸਨਮਾਨ



ਫਗਵਾੜਾ ( ਰਮਨ ) ਇਕਜੁੱਟ ਪੰਜਾਬ ਦੀ ਵਿਰਾਸਤ ਤੇ ਸਭਿਆਚਾਰ ਦੀ ਸੇਵਾ ਵਿਚ ਸੰਜੀਦਗੀ ਨਾਲ ਜੁਟੀ ਸੰਸਥਾ 'ਪੰਜਾਬੀ ਸੱਥ' ਵੱਲੋਂ ਡਾ. ਨਿਰਮਲ ਸਿੰਘ ਦੀ ਰਹਿਨੁਮਾਈ ਹੇਠ ਖਾਲਸਾ ਸਕੂਲ ਲਾਂਬੜਾ ਵਿਖੇ ਇਕ ਮੀਟਿੰਗ ਕਰਵਾਈ ਗਈ। ਜਿਸ ਵਿਚ ਬਲਦੇਵ ਸਿੰਘ ਦੀ ਪ੍ਰਧਾਨਗੀ ਵਿਚ ਸਰਬਸੰਮਤੀ ਨਾਲ ਪੰਜਾਬੀ ਸੱਥ ਲਾਂਬੜਾ ਦੀ ਸਾਲਾਨਾ ਵਰ੍ਹੇਵਾਰ ਪਰ੍ਹਿਆ ਦੇ ਸਮਾਗਮ ਦਾ ਸਮਾਂ 14 ਦਸੰਬਰ ਦਿਨ ਸ਼ਨੀਵਾਰ 2024 ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ ਲਾਂਬੜਾ (ਜਲੰਧਰ) ਵਿਖੇ ਮਿੱਥਿਆ ਗਿਆ ਹੈ। ਪੰਜਾਬੀ ਸੱਥ ਦੀ 25ਵੀਂ ਵਰ੍ਹੇਵਾਰ ਪਰ੍ਹਿਆ ਵਿਚ 25 ਆਦਰਯੋਗ ਸਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

ਡਾ. ਰਤਨ ਸਿੰਘ ਜੱਗੀ ਨੂੰ ਭਾਈ ਵੀਰ ਸਿੰਘ, ਡਾ. ਜੰਗ ਬਹਾਦਰ ਗੋਇਲ ਨੂੰ ਨਾਨਕ ਸਿੰਘ ਨਾਵਲਕਾਰ, ਦਰਸ਼ਨ ਲਾਲ ਕੰਬੋਜ ਉਰਫ ਬਿੱਟੂ ਲਹਿਰੀ ਨੂੰ ਪ੍ਰਿੰ. ਤਰਲੋਚਨ ਸਿੰਘ ਭਾਟੀਆ, ਡਾ. ਪੰਡਿਤ ਰਾਓ ਧਰੇਨਵਰ ਨੂੰ ਭਾਈ ਨੰਦ ਲਾਲ ਗੋਇਆ, ਗੁਰਮੀਤ ਸਿੰਘ ਪਲਾਹੀ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ, ਜਨਾਬ ਨੂਰ ਮੁਹੰਮਦ ਨੂਰ ਨੂੰ ਜਨਾਬ ਅੱਲਾ ਯਾਰ ਖਾਂ ਜੋਗੀ, ਡਾ. ਬੀਬੀ ਇਕਬਾਲ ਕੌਰ ਸੌਂਦ ਨੂੰ ਬੀਬੀ ਅਫ਼ਜ਼ਲ ਤੌਸੀਫ਼, ਡਾ. ਗੁਰਚਰਨ ਸਿੰਘ ਨੂਰਪੁਰ ਨੂੰ ਸਾਧੂ ਦਇਆ ਸਿੰਘ ਆਰਫ਼, ਕਮਾਂਡੋਰ ਗੁਰਨਾਮ ਸਿੰਘ ਨੂੰ ਐਸ. ਐਸ. ਚਰਨ ਸਿੰਘ ਸ਼ਹੀਦ, ਬੀਬੀ ਨਸੀਬ ਕੌਰ ਉਦਾਸੀ ਨੂੰ ਬੀਬੀ ਦੀਪ ਕੌਰ ਤਲਵਣ, ਹਰਭਜਨ ਸਿੰਘ ਬਾਜਵਾ ਨੂੰ ਸੋਭਾ ਸਿੰਘ-ਚਿਤਰਕਾਰ, ਕਿਰਪਾਲ ਕਜ਼ਾਕ ਨੂੰ ਡਾ. ਕੁਲਵੰਤ ਸਿੰਘ ਵਿਰਕ, ਡਾ. ਰਾਜ ਕੁਮਾਰ ਸ਼ਰਮਾ ਨੂੰ ਡਾ. ਸਰੂਪ ਸਿੰਘ ਅਲੱਗ, ਆਸ਼ੀ ਈਸਪੁਰੀ ਨੂੰ ਸ੍ਰੀ ਨੰਦ ਲਾਲ ਨੂਰਪੁਰੀ, ਡਾ. ਬੀਬੀ ਸੁਰਿੰਦਰ ਕੌਰ ਨੀਰ ਨੂੰ ਬੀਬੀ ਅਜੀਤ ਕੌਰ, ਢਾਡੀ ਮੇਜਰ ਸਿੰਘ ਖਾਲਸਾ ਨੂੰ ਗਿਆਨੀ ਸੋਹਣ ਸਿੰਘ ਸੀਤਲ, ਤਰਸੇਮ ਚੰਦ ਭੋਲਾ ਕਲਹਿਰੀ ਨੂੰ ਡਾ. ਮਹਿੰਦਰ ਸਿੰਘ ਰੰਧਾਵਾ, ਕਵੀਸ਼ਰ ਹਰਦੇਵ ਸਿੰਘ ਲਾਲ ਬਾਈ ਨੂੰ ਜਨਾਬ ਬਾਬੂ ਰਜਬ ਅਲੀ, ਡਾ. ਰਾਮ ਮੂਰਤੀ ਨੂੰ ਲਾਲਾ ਧਨੀ ਰਾਮ ਚਾਤ੍ਰਿਕ, ਸਵਰਨ ਸਿੰਘ ਟਹਿਣਾ ਨੂੰ ਗੁਰਨਾਮ ਸਿੰਘ ਤੀਰ, ਡਾ. ਬੀਬੀ ਨਬੀਲਾ ਰਹਿਮਾਨ ਨੂੰ ਬੀਬੀ ਦਲੀਪ ਕੌਰ ਟਿਵਾਣਾ, ਨਿੰਦਰ ਘੁਗਿਆਣਵੀ ਨੂੰ ਦਵਿੰਦਰ ਸਤਿਆਰਥੀ, ਬੀਬੀ ਵੀਰਪਾਲ ਕੌਰ/ ਬੀਬੀ ਪਵਨਦੀਪ ਕੌਰ ਨੂੰ ਬੀਬੀ ਸੁਰਿੰਦਰ ਕੌਰ / ਬੀਬੀ ਪ੍ਰਕਾਸ਼ ਕੌਰ, ਜਨਾਬ ਨਾਸਿਰ ਢਿੱਲੋਂ ਨੂੰ ਜਨਾਬ ਅਫਜ਼ਲ ਅਹਿਸਨ ਰੰਧਾਵਾ, ਗੁਰਪ੍ਰੀਤ ਸਿੰਘ ਮਿੰਟੂ ਨੂੰ ਭਗਤ ਪੂਰਨ ਸਿੰਘ ਐਵਾਰਡ ਨਾਲ ਨਿਵਾਜਿਆ ਜਾਵੇਗਾ।ਇਹ ਸਾਰੀਆਂ ਸਖਸ਼ੀਅਤਾਂ ਚੜ੍ਹਦੇ ਲਹਿੰਦੇ ਪੰਜਾਬ ਅਤੇ ਕੁੱਲ ਆਲਮ ਵਿਚ ਵਸਦੇ ਰਸਦੇ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਹਨ। ਇਹਨਾਂ ਸ਼ਖਸ਼ੀਅਤਾਂ ਦਾ ਸਾਡੀ ਮਾਂ ਬੋਲੀ ਵਿਰਾਸਤ ਤੇ ਸਭਿਆਚਾਰ ਦੇ ਖੇਤਰਾਂ ਵਿਚ ਵਡਮੁੱਲਾ ਯੋਗਦਾਨ ਹੈ। ਸਮਾਗਮ ਦੌਰਾਨ ਦਿੱਤੇ ਜਾਣ ਵਾਲੇ ਸਨਮਾਨ ਵਿਚ ਹਰ ਇਕ ਹਸਤੀ ਨੂੰ 25000/- ਰੁਪਏ ਸਨਮਾਨ ਚਿੰਨ, ਦਸਤਾਰ/ ਫੁਲਕਾਰੀ, ਪੰਜਾਬੀ ਸੱਥਾਂ ਵਲੋਂ ਛਪੀਆਂ ਕਿਤਾਬਾਂ ਦੇ ਨਾਲ 25 ਸਨਮਾਨਿਤ ਹਸਤੀਆਂ ਬਾਰੇ ਜਾਣਕਾਰੀ ਵਾਲੇ ਕਿਤਾਬਚੇ ਦੀ ਮੁੱਖ ਦਿਖਾਈ ਕਰਕੇ ਭੇਟ ਕੀਤਾ ਜਾਇਗਾ। ਸਮਾਗਮ ਦੀ ਪ੍ਰਧਾਨਗੀ ਜਸਵੰਤ ਸਿੰਘ ਜ਼ਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਪੰਜਾਬ ਵੱਲੋਂ ਕੀਤੀ ਜਾਵੇਗੀ। ਸਟੇਜ ਦਾ ਸੰਚਾਲਨ ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਕਰਨਗੇ।

## ਆਰ ਬੀ ਯੂ ਦੇ ਵਿਦਿਆਰਥੀਆਂ ਨੇ ਐੱਨ ਐੱਸ ਐੱਸ ਤੇ ਐੱਨ ਸੀ ਸੀ ਕੈਂਪਾਂ 'ਚ ਮੈਡਲ ਜਿੱਤੇ



ਕੁਰਾਲੀ, (ਮੋਹਨ ਅੱਗਰਵਾਲ)--ਰਿਆਤ ਬਾਹਰਾ ਯੂਨੀਵਰਸਿਟੀ ਦੇ ਐੱਨਐੱਸਐੱਸ ਕੈਡਿਟਾਂ ਸ਼ਰੂਤੀ, ਪੌਲੋਮੀ ਤਰਾਤ, ਦੀਪਾਲੀ, ਸੰਧੂ ਅਤੇ ਅਰਸ਼ਦੀਪ ਸਿੰਘ ਨੇ ਮਨਾਲੀ ਅਤੇ ਪਿਰਡੀ ਕੁੱਲੂ ਵਿਖੇ ਦੋ-ਰੋਜ਼ਾ ਆਲ-ਇੰਡੀਆ ਐਡਵੈਂਚਰ ਕੈਂਪ ਵਿੱਚ ਸ਼ਿਰਕਤ ਕੀਤੀ।ਜਿਸ ਵਿੱਚ ਰੌਕ ਕਲਾਈਬਿੰਗ, ਰਿਵਰ ਰਾਫਟਿੰਗ, ਆਰਟੀਫੀਸ਼ੀਅਲ ਬ੍ਰਿਜ ਬਣਾਉਣਾ, ਕੰਧ ਚੜ੍ਹਨਾ ਆਦਿ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਗਈਆਂ।ਐਨਐਸਐਸ ਵਲੰਟੀਅਰ, ਖਵੇਸ਼, ਕਮਲਜੀਤ ਸਿੰਘ, ਕਾਰਤਿਕ ਸ਼ਰਮਾ, ਦਵਿੰਦਰ ਸਿੰਘ, ਗੁਰਜੋਤ ਸਿੰਘ, ਪ੍ਰੀਤੀ ਯਾਦਵ, ਜੋਤੀ, ਅਵਿਨਾਸ਼ ਕੌਰ ਨੇ ਦੋ ਆਲ-ਇੰਡੀਆ ਨੈਸ਼ਨਲ ਏਕੀਕਰਨ ਕੈਂਪਾਂ ਵਿੱਚ ਭਾਗ ਲਿਆ।ਇਹ ਕੈਂਪ ਕ੍ਰਮਵਾਰ ਗੁਜਰਾਤ ਵਿੱਚ ਐਚਐਨਜੀਯੂ ਯੂਨੀਵਰਸਿਟੀ ਅਤੇ ਹਰਿਆਣਾ ਵਿੱਚ ਜੀਂਦ ਵਿੱਚ ਜਿੱਥੇ ਉਨ੍ਹਾਂ ਨੇ ਵਧੀਆ ਪ੍ਰਦਰਸ਼ਨ ਕੀਤਾ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮੈਡਲ ਪ੍ਰਾਪਤ ਕੀਤਾ।ਇਸ ਦੌਰਾਨ, ਐਨਸੀਸੀ ਕੈਡੇਟ ਖੁਸ਼ਬੂ ਨੂੰ ਸ਼ਿਮਲਾ ਐਨਸੀਸੀ ਗਰੁੱਪ ਦੁਆਰਾ ਕੁੱਲੂ ਵਿਖੇ ਆਯੋਜਿਤ ਆਲ-ਇੰਡੀਆ ਐਨਸੀਸੀ ਐਡਵੈਂਚਰ ਕੈਂਪ ਲਈ ਚੁਣਿਆ ਗਿਆ ਜਿੱਥੇ ਉਸਨੇ ਵਧੀਆ ਪ੍ਰਦਰਸ਼ਨ ਕੀਤਾ ਅਤੇ ਪਹਾੜਾਂ ਦੀ ਚੜ੍ਹਾਈ ਅਤੇ ਰੱਸੀ ਪਾਰ ਕਰਨ ਵਿੱਚ ਤਗਮਾ ਜਿੱਤਿਆ।ਇਸ ਦੌਰਾਨ ਦੋ ਐਨਸੀਸੀ ਕੈਡੇਟ ਅਕਸ਼ਿਤ ਸ਼ਰਮਾ ਅਤੇ ਨਿਤਿਨ ਕੁਮਾਰ ਪ੍ਰੀ ਆਰਡੀ ਕੈਂਪ ਲਈ ਚੁਣੇ ਗਏ ਹਨ ਅਤੇ ਨਵੀਂ ਦਿੱਲੀ ਵਿਖੇ 26 ਜਨਵਰੀ 2025 ਨੂੰ ਗਣਤੰਤਰ ਦਿਵਸ ਪਰੇਡ ਵਿੱਚ ਸ਼ਾਮਲ ਹੋਣਗੇ।ਇਹ ਗਤੀਵਿਧੀਆਂ ਡਾਇਰੈਕਟਰ ਮੇਜਰ ਏਐਸ ਚਹਿਲ ਦੀ ਅਗਵਾਈ ਹੇਠ ਐਨਐਸਐਸ/ਐਨਸੀਸੀ ਵਿਭਾਗ ਦੁਆਰਾ ਕਰਵਾਈਆਂ ਗਈਆਂ।ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਇਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ।

## ਐੱਚ ਆਈ ਵੀ ਟੈਸਟ ਕਰਨ ਲਈ ਕੈਂਪ ਲਗਾਇਆ



ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਸੀ ਐਚ ਸੀ ਕਾਲਾ ਬੱਕਰਾ ਵਿਖੇ ਐਚ ਆਈ ਵੀ ਟੈਸਟ ਕਰਨ ਲਈ ਕੈਂਪ ਲਗਾਇਆ ਗਿਆ। ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਰਿਚਰਡ ਓਹਰੀ ਸੀਨੀਅਰ ਮੈਡੀਕਲ ਅਫ਼ਸਰ ਕਾਲਾ ਬੱਕਰਾ ਨੇ ਪਬਲਿਕ ਨੂੰ ਜਾਗਰੂਕ ਕਰਨ ਲਈ ਦੱਸਿਆ ਕਿ ਇਹ ਬੀਮਾਰੀ ਬੜੀ ਤੇਜ਼ੀ ਨਾਲ ਪੈਰ ਪਸਾਰਦੀ ਜਾ ਰਹੀ ਹੈ, ਜੋ ਅਸੁਰੱਖਿਅਤ ਜਿਨਸੀ ਸਬੰਧਾਂ, ਬਗੈਰ ਟੈਸਟ ਕੀਤਾ ਖੂਨ ਚੜ੍ਹਾਉਣ ਨਾਲ, ਇੱਕੋ ਸੂਈ ਕਈਆਂ ਨੂੰ ਲਗਾਉਣ ਨਾਲ, ਐਚ ਆਈ ਵੀ ਤੋਂ ਪੀੜ੍ਹਤ ਮਾਂ ਤੋਂ ਪਤੀ ਤੇ ਬੱਚੇ ਦੋਵਾਂ ਵਿੱਚ ਫੈਲਦੀ ਹੈ। ਸਿਹਤ ਗਿਆਨ ਦੀ ਜਾਣਕਾਰੀ ਨਾਲ ਹੀ ਇਸ ਬੀਮਾਰੀ ਨੂੰ ਫੈਲਣ ਤੇ ਇਸ ਤੋਂ ਬਚਿਆ ਜਾ ਸਕਦਾ ਹੈ।

## ਵਿਸ਼ਵ ਏਡਜ਼ ਦਿਵਸ ਸੰਬੰਧੀ ਜਾਗਰੂਕਤਾ ਸੈਮੀਨਾਰ

ਨਵਾਂਸ਼ਹਿਰ (ਮਨੋਜ ਲਾਡੀ)— ਰੈੱਡ ਕਰਾਸ ਨੇ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ, ਨਵਾਂਸ਼ਹਿਰ ਵਿਖੇ ਵਿਸ਼ਵ ਏਡਜ ਦਿਵਸ ਸੰਬੰਧੀ ਜਾਗਰੂਕਤਾ ਸੈਮੀਨਾਰ ਲਗਾਇਆ।ਪ੍ਰਧਾਨਗੀ ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ) ਨੇ ਕੀਤੀ।ਉਨ੍ਹਾਂ ਕੇਂਦਰ ਵਿਖੇ ਦਾਖ਼ਲ ਮਰੀਜ਼ਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਦਿਨ ਹਰ ਸਾਲ 1 ਦਸੰਬਰ ਨੂੰ ਮਨਾਇਆ ਜਾਦਾ ਹੈ। ਉਨ੍ਹਾਂ ਕਿਹਾ ਕਿ ਹਿਊਮਨ ਇਮਿਊਨੋ ਡੈਫੀਸਿਐਂਸੀ ਵਾਇਰਸ (ਐਚਆਈਵੀ) ਉਹ ਵਾਇਰਸ ਹੈ, ਜੋ ਐਕੁਆਇਰਡ ਇਮਿਊਨੋ ਡੈਫੀਸਿਐਂਸੀ ਸਿੰਡਰੋਮ (ਏਡਜ਼) ਦਾ ਕਾਰਨ ਬਣਦਾ ਹੈ। ਜਦੋਂ ਕੋਈ ਵਿਅਕਤੀ ਏਡਜ਼ ਨਾਲ ਸੰਕ੍ਰਮਿਤ ਹੋ ਜਾਂਦਾ ਹੈ, ਉਸ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਜਿਵੇਂ ਹੀ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ, ਵਿਅਕਤੀ ਨੂੰ ਜਾਨਲੇਵਾ ਲਾਗ ਰੋਗ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ। ਇਕ ਵਾਰ ਜਦੋਂ ਕੋਈ ਵਿਅਕਤੀ ਐੱਚ.ਆਈ.ਵੀ ਵਾਇਰਸ ਸੰਕ੍ਰਮਿਤ ਹੋ ਜਾਂਦਾ ਹੈ, ਉਹ ਜੀਵਨ ਭਰ ਸੰਕ੍ਰਮਿਤ ਰਹਿੰਦਾ ਹੈ। ਇਕ ਵਾਰ ਜਦੋਂ ਇਹ ਵਾਇਰਸ ਸਰੀਰ ਵਿੱਚ ਦਾਖ਼ਲ ਹੋ ਜਾਂਦਾ ਹੈ ਤਾਂ ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਅਸੰਭਵ ਹੈ। ਇਹ ਵਾਇਰਸ ਸਰੀਰ ਦੇ ਇਮਿਊਨ ਸਿਸਟਮ ਵਿਚ ਸੀਡੀ-4 ਤੇ ਟੀ ਸੈੱਲ ਨਾਮਕ ਚਿੱਟੇ ਰਕਤਾਣੂਆਂ ਉਤੇ ਹਮਲਾ ਕਰਦਾ ਹੈ। ਇਹ ਸੈੱਲ ਸਾਡੇ ਸਰੀਰ 'ਚ ਹੋਣ ਵਾਲੀ ਇਨਫੈਕਸ਼ਨ ਦਾ ਪਤਾ ਲਾਉਂਦੇ ਹਨ। ਐੱਚ.ਆਈ.ਵੀ ਸਰੀਰ ਵਿੱਚ ਦਾਖ਼ਲ ਹੋਣ ਤੋਂ ਤੁਰੰਤ ਬਾਅਦ ਸੀਡੀ-4 'ਤੇ ਟੀ ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸ ਕਾਰਨ ਸਾਡਾ ਇਮਿਊਨ ਸਿਸਟਮ ਬਹੁਤ ਕਮਜ਼ੋਰ ਹੋ ਜਾਂਦਾ ਹੈ । ਸਾਡੀ ਸਾਰਿਆਂ ਦੀ ਮੁੱਢਲੀ ਜ਼ਿੰਮੇਵਾਰੀ ਹੈ ਕਿ ਅਸੀਂ ਪੂਰੀ ਸਾਵਧਾਨੀ ਵਰਤੀਏ ਅਤੇ ਵੱਧ ਤੋਂ ਵੱਧ ਲੋਕਾਂ ਵਿਚ ਇਸ ਪ੍ਰਤੀ ਜਾਗਰੂਕਤਾ ਪੈਦਾ ਕਰੀਏ। ਇਸ ਮੌਕੇ ਕਮਲਜੀਤ ਕੌਰ, ਦਿਨੇਸ਼ ਕੁਮਾਰ, ਮਨਜੀਤ ਸਿੰਘ, ਕੁਲਵੰਤ ਸਿੰਘ, ਪਰਵੇਸ਼ ਕੁਮਾਰ, ਪਰਵੀਨ ਕੁਮਾਰੀ, ਜਸਵਿੰਦਰਰ ਕੌਰ ਅਤੇ ਕੇਂਦਰ ਵਿਖੇ ਦਾਖਲ ਮਰੀਜ ਹਾਜਰ ਸਨ।

## ਅੱਜ ਬਿਜਲੀ ਬੰਦ ਰਹੇਗੀ

ਰਾਹੋਂ ( ਕੁਲਵਿੰਦਰ ਸਿੰਘ ਰਾਹੋਂ ) 66 ਕੇ.ਵੀ. ਸਬ ਸਟੇਸ਼ਨ ਰਾਹੋਂ ਤੋ ਚੱਲਦੇ 11 ਕੇਵੀ ਸ਼ਹਿਰੀ ਫੀਡਰ ਨੰਬਰ 1 ਰਾਹੋਂ ਦੀ ਮੇਨ ਲਾਈਨਾਂ ਦੀ ਸ਼ਡਿਊਲ ਮੈਨਟੀਨਸ ਦੌਰਾਨਜਰੂਰੀ ਮੁਰੰਮਤ ਕਰਨ ਲਈ ਮਿਤੀ 4 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਤੋਂ ਲੈਕੇ ਸ਼ਾਮ 4 ਵਜੇ ਤੱਕ ਸਬ ਡਵਿਜ਼ਨ ਰਾਹੋਂ ਅਧੀਨ ਪੈਂਦੇ ਰਾਹੋਂ ਸ਼ਹਿਰ ਦੇ ਮੁੱਹਲੇ ਫਿਲੌਰ ਰੋਡ ਮੁੱਹਲਾ ਜੈਨੀਆਂ, ਮੁੱਹਲਾ ਖੋਸਲਾ, ਮੁੱਹਲਾ ਰੋਤਾਂ, ਮੁੱਹਲਾ ਆਰਨਹਾਲੀ, ਕੁਰਾਲਾ, ਰਾਜਪੂਤਾਂ, ਘੱਕੇਵਾਲ ਰੋਡ, ਜਾਡਲਾ ਰੋਡ ਨਵਾਂਸ਼ਹਿਰ ਰੋਡ, ਅਤੇ ਮੇਨ ਬਾਜ਼ਾਰ ਦੇ ਆਸ ਪਾਸ ਦੇ ਇਲਾਕਿਆ ਦੇ ਘਰਾਂ, ਦੁਕਾਨਾਂ ਸਕੂਲਾਂ, ਕਾਲਜਾਂ, ਦਫਤਰਾਂ, ਹਸਪਤਾਲਾਂ, ਮੋਟਰਾਂ/ਟਿਊਬਵੈਲਾਂ ਅਤੇ ਬਾਕੀ ਅਦਾਰਿਆਂ ਦੀ ਬਿਜਲੀ ਦੀ ਸਪਲਾਈ ਬੰਦ ਰਹੇਗੀ। ਇਸ ਸਬੰਧੀ ਸਬਡਵਿਜ਼ਨ ਰਾਹੋਂ ਦੇ ਉਪਮੰਡਲ ਅਫਸਰ ਰਾਹੋਂ ਵਲੋਂ ਜਾਣਕਾਰੀ ਦਿੱਤੀ ਗਈ ਹੈ।

## ਜਨਮ ਦਿਨ ਮੁਬਾਰਕ



ਕਾਰਤਿਕ ਸ਼ਰਮਾ (ਡੇਰਾ ਬਾਬਾ ਨਾਨਕ)



ਜਸਦੀਪ ਸਿੰਘ ਸੇਵਕ (ਅਹਿਮਦਾਬਾਦ)

## ਸਿੱਖਿਆ ਮੰਤਰਾਲੇ ਵੱਲੋਂ ਵਿਦਿਆਰਥੀਆਂ ਦੇ ਗਿਆਨ ਦਾ ਮੁੱਲਾਂਕਣ ਸਰਵੇਖਣ ਅੱਜ ਤੋਂ

ਨਵਾਂਸ਼ਹਿਰ,(ਮਨੋਜ ਲਾਡੀ) -ਸਿੱਖਿਆ ਮੰਤਰਾਲਾ ਦੇਸ਼ ਭਰ ਦੇ ਵਿਦਿਆਰਥੀਆਂ ਦੇ ਗਿਆਨ ਦਾ ਮੁੱਲਾਂਕਣ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪ੍ਰੋਜੈਕਟ, ਰਾਸ਼ਟਰੀ ਸਰਵੇਖਣ ਸ਼ੁਰੂ ਕਰਨ ਲਈ ਤਿਆਰ ਹੈ। ਇਹ ਦੇਸ਼ ਵਿਆਪੀ ਪਹਿਲਕਦਮੀ 4 ਦਸੰਬਰ ਨੂੰ ਸ਼ੁਰੂ ਹੋਵੇਗੀ। ਹਰ ਰਾਜ ਅਤੇ ਜ਼ਿਲ੍ਹੇ 'ਚ ਤੀਜੀ, ਛੇਵੀ, ਅਤੇ ਨੌਵੀਂ ਜਮਾਤਾਂ ਦੇ ਵਿਦਿਆਰਥੀਆਂ ਦਾ ਮੁਲਾਂਕਣ ਕਰੇਗੀ। ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ 'ਚ 101 ਸਕੂਲ ਇਸ ਵਿਸ਼ਾਲ ਉੱਦਮ 'ਚ ਹਿੱਸਾ ਲੈਣਗੇ। ਇਹ ਜਾਣਕਾਰੀ ਗੁਰਜੀਤ ਸਿੰਘ ਕਿਰਪਾਲ ਸਾਗਰ ਅਕੈਡਮੀ ਦੇ ਪ੍ਰਿੰਸੀਪਲ ਸਿਟੀ ਕੋਆਰਡੀਨੇਟਰ ਨੇ ਦਿੱਤੀ। ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ 'ਚ ਸਿੱਖਿਆ ਵਿਭਾਗ ਦੇ ਮੁਖੀ, ਡੀ.ਈ. ਓ, ਜ਼ਿਲ੍ਹਾ ਸਿੱਖਿਆ ਅਫ਼ਸਰ, ਇਹਨਾਂ ਦੇ ਸਮੁੱਚੇ ਯੋਗਦਾਨ ਸ਼ਾਮਲ ਹੋਣਗੇ। ਰਾਸ਼ਟਰੀ ਸਰਵੇਖਣ ਦਾ ਮੁੱਖ ਉਦੇਸ਼ਵਿਦਿਆਰਥੀਆਂ ਦੇ ਗਿਆਨ ਦਾ ਮੁਲਾਂਕਣ ਕਰਨਾ ਅਤੇ ਸਿੱਖਿਆ ਲਈ ਭਵਿੱਖ ਦੀਆਂ ਯੋਜਨਾਵਾਂ ਤਿਆਰ ਕਰਨਾ ਹੈ। ਇਹ ਪ੍ਰੋਜੈਕਟ ਭਾਰਤ 'ਚ ਸਿੱਖਿਆ ਦੀ ਮੌਜੂਦਾ ਸਥਿਤੀ 'ਚ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰੇਗਾ। ਉਹਨਾਂ ਅੱਗੇ ਦੱਸਿਆ ਕਿ ਦੂਰਗਾਮੀ ਪ੍ਰਭਾਵਾਂ ਵਾਲਾ ਇਹ ਰਾਸ਼ਟਰੀ ਸਰਵੇਖਣ ਦਾ ਇੱਕ ਵਿਸ਼ਾਲ ਸਮਾਗਮ ਹੈ ਜਿਸ ਵਿੱਚ ਦੇਸ਼ ਭਰ ਦੇ ਲਗਪਗ 88 ਹਜ਼ਾਰ ਸਕੂਲਾਂ ਦੇ ਲਗਪਗ 23 ਲੱਖ ਵਿਦਿਆਰਥੀ ਸ਼ਾਮਲ ਹੋਣਗੇ। ਸਿੱਖਿਆ ਮੰਤਰਾਲੇ ਨੇ ਸਾਰੇ ਰਾਜਾਂ ਦੇ ਸਿੱਖਿਆ ਵਿਭਾਗਾਂ ਦੇ ਸਹਿਯੋਗ ਨਾਲ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ) ਨੂੰ ਇਸ ਸਰਵੇਖਣ ਨੂੰ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ । ਪ੍ਰੋਜੈਕਟ ਦਾ ਘੇਰਾ ਅਤੇ ਪੈਮਾਨਾ ਭਾਰਤ 'ਚ ਸਿੱਖਿਆ ਦੀ ਗੁਣਵੱਤਾ 'ਚ ਸੁਧਾਰ ਕਰਨ ਲਈ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਇਸ ਪਹਿਲ ਕਦਮੀ ਵਿਚ ਹਿੱਸਾ ਲੈ ਕੇ, ਸਕੂਲ ਅਤੇ ਵਿਦਿਆਰਥੀ ਇੱਕ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਸਿੱਖਿਆ ਪ੍ਰਣਾਲੀ ਦੀ ਸਿਰਜਣਾ ਵਿੱਚ ਯੋਗਦਾਨ ਪਾਉਣਗੇ। ਰਾਸ਼ਟਰੀ ਸਰਵੇਖਣ ਵਿਦਿਆਰਥੀਆਂ ਦੇ ਗਿਆਨ ਦੇ ਮੁਲਾਂਕਣ ਤੋਂ ਵੱਧ ਹੈ। ਇਹ ਸੰਪੂਰਨ ਵਿਕਾਸ ਦੁਆਰਾ ਉਹਨਾਂ ਨੂੰ ਸ਼ਕਤੀ ਕਰਨ ਵੱਲ ਇੱਕ ਕਦਮ ਹੈ। ਵੱਖ-ਵੱਖ ਵਿਸ਼ਿਆਂ 'ਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਰਕੇ, ਉਹਨਾਂ ਦੇ ਗਿਆਨ ਵਿਚ ਵਾਧਾ ਕਰਨਾ ਹੈ।

## ਐੱਸ ਟੀ ਐੱਸ ਵਰਲਡ ਸਕੂਲ 'ਚ ਉਤਸ਼ਾਹ ਨਾਲ ਮਨਾਇਆ ਸਾਲਾਨਾ ਸਮਾਰੋਹ



ਗੁਰਾਇਆ (ਬਿੰਦਰ ਸੁਮਨ)— ਐੱਸ. ਟੀ. ਐੱਸ ਵਰਲਡ ਸਕੂਲ 'ਚ 12ਵਾਂ ਸਾਲਾਨਾ ਸਮਾਰੋਹ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

ਸਮਾਰੋਹ ਵਿੱਚ ਸ੍ਰੀਮਤੀ ਡਾਕਟਰ ਗੁਰਿੰਦਰਜੀਤ ਕੌਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਸ.ਡੀ.ਐਮ ਫਿਲੌਰ ਮੁੱਖ ਮਹਿਮਾਨ ਵਜੋਂ ਅਤੇ ਚੇਅਰਪਰਸਨ ਮੈਡਮ ਸ੍ਰੀਮਤੀ ਮਾਲਤੀ ਅਤੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਪ੍ਰਭਜੋਤ ਕੌਰ ਗਿੱਲ, ਡੇਰਾ ਮੁਖੀ ਢੇਸੀਆਂ ਕਾਹਨਾ ਸੰਤ ਤਰਮਿੰਦਰ ਸਿੰਘ, ਉਹਨਾਂ ਦੀ ਪਤਨੀ ਅਰਸ਼ਦੀਪ ਕੌਰ ਮੌਜੂਦ ਸਨ।ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਦੁਆਰਾ ਰਵਾਇਤੀ ਜੋਤ ਜਗਾ ਕੇ ਕੀਤੀ ਗਈ। ਇਸ ਪਿੱਛੋਂ ਵਿਦਿਆਰਥੀਆਂ ਵੱਲੋਂ ਸ਼ਬਦ ਪੇਸ਼ ਕਰਕੇ ਸਮਾਰੋਹ ਦਾ ਆਰੰਭ ਕੀਤਾ ਗਿਆ।ਇਸ ਸਮਾਗਮ ਦਾ ਮੁੱਖ ਵਿਸ਼ਾ ਟਰਾਂਸਫੋਰਮੇਸ਼ਨ ਐਜੂਕੇਸ਼ਨ ਵਿਦ ਏ.ਆਈ. ਨੂੰ ਧਿਆਨ ਵਿੱਚ ਰੱਖਦਿਆਂ ਵਿਦਿਆਰਥੀਆਂ ਨੇ ਸਕੂਲ ਦੇ ਤਕਨੀਕੀ ਵਿਕਾਸ ਦੇ ਜੇਤੂ ਸਫਰ ਨੂੰ ਉਜਾਗਰ ਕੀਤਾ। ਸਭ ਤੋਂ ਪਹਿਲਾਂ ਸਕੂਲ ਦੇ ਬੱਚਿਆਂ ਵੱਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ । ਇਸ ਮੌਕੇ ਵਿਦਿਆ ਦੇ ਖੇਤਰ ਵਿੱਚ ਜੇਤੂ ਵਿਦਿਆਰਥੀਆਂ ਨੂੰ ਪੁਰਸਕਾਰ ਦਿੱਤੇ ਗਏ ਹਨ ਅਤੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ ਹੈ। ਸਕੂਲ ਦੇ ਸਟੈਂਨਫਰਡ ਹਾਊਸ ਨੇ ਓਵਰਆਲ ਟਰਾਫੀ ਅਤੇ ਹਾਰਵਰਡ ਹਾਊਸ ਨੇ ਖੇਡ ਟਰਾਫੀ ਜਿੱਤੀ। ਫਿਰ ਵਿਦਿਆਰਥੀ ਨੇ ਗਣੇਸ਼ ਵੰਦਨਾ ਦੁਆਰਾ ਪ੍ਰੋਗਰਾਮ ਨੂੰ ਅੱਗੇ ਵਧਾਇਆ। ਕਿਡਸ ਕਿੰਗਡਮ ਦੇ ਵਿਦਿਆਰਥੀ ਨੇ ਆਪਣੇ ਨਾਚ ਦੁਆਰਾ ਸਮਾਰੋਹ ਵਿਚ ਬੈਠੇ ਹੋਏ ਹਰ ਵਿਅਕਤੀ ਦਾ ਮਨ ਮੋਹ ਲਿਆ। ਫਿਰ ਛੋਟੇ-ਛੋਟੇ ਵਿਦਿਆਰਥੀਆਂ ਦੁਆਰਾ ਰੇਟਰੋ ਡਾਂਸ ਪੇਸ਼ ਕੀਤਾ ਗਿਆ। ਟਰਾਂਸਫੋਰਮੇਸ਼ਨ ਐਜੂਕੇਸ਼ਨ 'ਤੇ ਡਾਂਸ ਪੇਸ਼ ਕਰਦੇ ਹੋਏ ਬੱਚਿਆਂ ਨੇ ਸਕੂਲ ਵਿੱਚ ਵਰਤੇ ਜਾਂਦੇ ਮਾਈਕਰੋਸੋਫਟ ਦੇ ਐਪਸ ਬਾਰੇ ਦੱਸਿਆ। ਵਿਦਿਆਰਥੀਆਂ ਨੇ ਆਪਣੀ ਬਾਲੀਵੁੱਡ ਦੇ ਗੀਤਾਂ ਉੱਪਰ ਬਹੁਤ ਸੁੰਦਰ ਨਾਚ, ਪੰਜਾਬ ਦੀ ਸ਼ਾਨ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਜਸ਼ਨ ਕਾਰਨਿਵਲ ਦੇ ਅਧੀਨ ਇੱਕ ਬਹੁਤ ਹੀ ਸੁੰਦਰ ਨ੍ਰਿਤ ਪ੍ਰਦਰਸ਼ਿਤ ਕੀਤਾ ਗਿਆ । ਇਸ ਨ੍ਰਿਤ ਵਿੱਚ ਸਕੂਲ ਚੇਅਰਪਰਸਨ ਮੈਡਮ ਮਾਲਤੀ ਅਤੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਪ੍ਰਭਜੋਤ ਕੌਰ ਗਿੱਲ ਨੇ ਵੀ ਹਿੱਸਾ ਲਿਆ।ਰਾਸ਼ਟਰੀ ਗੀਤ ਨਾਲ ਇਸ ਸਮਾਰੋਹ ਦੀ ਸਮਾਪਤੀ ਹੋਈ।